Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**

Punjab Mail USA


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 802, 16 to 22 May, 2024, Ph: 916-320-9444, E-mail: punjabmailusa@yahoo.com, Web: punjabmailusa.com

# ਪੰਜਾਬ ਦੇ ਕੁੱਲ ਵੋਟਰਾਂ ਦੀ ਅੰਤਮ ਸੂਚੀ ਜਾਰੀ



**ਲੋਕ ਸਭਾ ਚੋਣਾਂ-2024**

■ **ਕੁੱਲ 2 ਕਰੋੜ 14 ਲੱਖ 61 ਹਜ਼ਾਰ 739 ਵੋਟਰ ਆਪਣੀ ਵੋਟ ਦਾ ਕਰਨਗੇ ਇਸਤੇਮਾਲ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ 2024 ਲਈ ਪੰਜਾਬ ਦੇ ਕੁੱਲ ਵੋਟਰਾਂ ਦੀ ਅੰਤਮ ਸੂਚੀ ਜਾਰੀ ਕਰ ਦਿੱਤੀ ਹੈ। 1 ਜੂਨ, 2024 ਨੂੰ ਪੰਜਾਬ ਵਿਚ ਪੈਣ ਵਾਲੀਆਂ ਵੋਟਾਂ ਲਈ ਕੁੱਲ 2 ਕਰੋੜ 14 ਲੱਖ 61 ਹਜ਼ਾਰ 739 (2,14,61,739) ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 4 ਮਈ ਪੰਜਾਬ 'ਚ ਨਵੀਆਂ ਵੋਟਾਂ ਬਣਾਉਣ ਦੀ ਅੰਤਿਮ ਤਾਰੀਖ ਸੀ ਅਤੇ 4 ਮਈ ਤੱਕ ਜਮ੍ਹਾਂ ਕਰਵਾਏ ਗਏ ਫਾਰਮਾਂ ਦਾ ਨਿਪਟਾਰਾ 14 ਮਈ ਤੱਕ ਕੀਤਾ ਜਾਣਾ ਸੀ। ਅੱਜ ਜਾਰੀ ਕੀਤੀ ਵੋਟਰ ਸੂਚੀ ਅਨੁਸਾਰ ਪੰਜਾਬ 'ਚ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 14 ਲੱਖ 61 ਹਜ਼ਾਰ 739 (2,14,61,739) ਹੈ। ਇਸ ਵਿਚ 1 ਕਰੋੜ 12 ਲੱਖ 86 ਹਜ਼ਾਰ 726 (1,12,86,726) ਮਰਦ ਵੋਟਰ, 1 ਕਰੋੜ 1 ਲੱਖ 74 ਹਜ਼ਾਰ 240 (1,01,74,240) ਮਹਿਲਾ ਵੋਟਰ ਅਤੇ 773 ਹੋਰ ਵੋਟਰ ਹਨ।

ਉਨ੍ਹਾਂ ਦੱਸਿਆ ਕਿ 5 ਲੱਖ 38 ਹਜ਼ਾਰ 715 ਵੋਟਰ 18-19 ਸਾਲ ਗਰੁੱਪ ਨਾਲ ਸਬੰਧ ਰੱਖਦੇ ਹਨ, ਜੋ ਕਿ ਪਹਿਲੀ ਵਾਰ ਵੋਟ ਪਾਉਣਗੇ। ਇਸੇ ਤਰ੍ਹਾਂ 1 ਲੱਖ 89 ਹਜ਼ਾਰ 855 ਵੋਟਰ 85 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਦਿਵਿਆਂਗ ਵੋਟਰਾਂ ਦੀ ਗਿਣਤੀ 1 ਲੱਖ 58 ਹਜ਼ਾਰ 718 ਹੈ। ਸਿਬਿਨ ਸੀ ਨੇ ਦੱਸਿਆ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਹੋਣਗੇ, ਜਿਨ੍ਹਾਂ ਵਿਚੋਂ 16,517 ਪਿੰਡਾਂ ਵਿਚ ਅਤੇ 7,934 ਸ਼ਹਿਰਾਂ ਵਿਚ ਬਣਾਏ ਗਏ ਹਨ। ਪੰਜਾਬ ਵਿਚ 100 ਫੀਸਦੀ ਫੋਟੋ ਪਹਿਚਾਣ ਪੱਤਰ ਬਣਾਏ ਗਏ ਹਨ।

ਉਨ੍ਹਾਂ ਕਿਹਾ ਕਿ ਪੋਲਿੰਗ ਬੂਥਾਂ ਉੱਤੇ ਵੋਟਰਾਂ ਦੀ ਸਹੂਲਤ ਲਈ ਸਾਰੇ ਬੰਦੋਬਸਤ ਕਰਨ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਦੀ ਟੀਮ ਪੂਰੀ ਤਨਦੇਹੀ ਨਾਲ ਲੱਗੀ ਹੋਈ ਹੈ। ਉਨ੍ਹਾਂ ਅਪੀਲ ਕੀਤੀ ਕਿ 'ਇਸ ਵਾਰ 70 ਪਾਰ' ਦੇ ਟੀਚੇ ਦੀ ਪੂਰਤੀ ਲਈ ਵੋਟਰ ਵੱਧ-ਚੜ੍ਹ ਕੇ ਵੋਟਾਂ ਪਾਉਣ।

ਲੋਕ ਸਭਾ ਹਲਕਾ ਗੁਰਦਾਸਪੁਰ ਵਿਚ ਕੁੱਲ 16 ਲੱਖ 5 ਹਜ਼ਾਰ 204 ਵੋਟਰ ਹਨ, ਜਿਨ੍ਹਾਂ ਵਿੱਚ 8 ਲੱਖ 48 ਹਜ਼ਾਰ 855 ਮਰਦ ਵੋਟਰ, 7 ਲੱਖ 56 ਹਜ਼ਾਰ 283 ਮਹਿਲਾ ਵੋਟਰ ਅਤੇ 36 ਟਰਾਂਸਜੈਂਡਰ ਵੋਟਰ ਹਨ। ਅੰਮ੍ਰਿਤਸਰ ਵਿਚ 16 ਲੱਖ 11 ਹਜ਼ਾਰ 263 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 45 ਹਜ਼ਾਰ 434 ਮਰਦ ਵੋਟਰ, 7 ਲੱਖ 65 ਹਜ਼ਾਰ 766 ਮਹਿਲਾ ਵੋਟਰ ਅਤੇ 63 ਟਰਾਂਸਜੈਂਡਰ ਵੋਟਰ ਹਨ।

ਖਡੂਰ ਸਾਹਿਬ ਵਿਚ 16 ਲੱਖ 67 ਹਜ਼ਾਰ 797 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 76 ਹਜ਼ਾਰ 281 ਮਰਦ ਵੋਟਰ, 7 ਲੱਖ 91 ਹਜ਼ਾਰ 449 ਮਹਿਲਾ ਵੋਟਰ ਅਤੇ 67 ਟਰਾਂਸਜੈਂਡਰ ਵੋਟਰ ਹਨ। ਜਲੰਧਰ ਵਿਚ 16 ਲੱਖ 54 ਹਜ਼ਾਰ 3 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 59 ਹਜ਼ਾਰ 687 ਮਰਦ ਵੋਟਰ, 7 ਲੱਖ 94 ਹਜ਼ਾਰ 272 ਮਹਿਲਾ ਵੋਟਰ ਅਤੇ 44 ਟਰਾਂਸਜੈਂਡਰ ਵੋਟਰ ਹਨ।

ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ 16 ਲੱਖ 1,826 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 30 ਹਜ਼ਾਰ 840 ਮਰਦ ਵੋਟਰ, 7 ਲੱਖ 70 ਹਜ਼ਾਰ 942 ਮਹਿਲਾ ਵੋਟਰ ਹਨ ਅਤੇ 44 ਟਰਾਂਸਜੈਂਡਰ ਵੋਟਰ ਹਨ। ਅਨੰਦਪੁਰ ਸਾਹਿਬ ਵਿਖੇ 17 ਲੱਖ 32 ਹਜ਼ਾਰ 211 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 4 ਹਜ਼ਾਰ 50 ਮਰਦ ਵੋਟਰ, 8 ਲੱਖ 28 ਹਜ਼ਾਰ 97 ਮਹਿਲਾ ਵੋਟਰ ਅਤੇ 64 ਟਰਾਂਸਜੈਂਡਰ ਵੋਟਰ ਹਨ। ਲੁਧਿਆਣਾ ਵਿਖੇ 17 ਲੱਖ 58 ਹਜ਼ਾਰ 614 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 37 ਹਜ਼ਾਰ 94 ਮਰਦ ਵੋਟਰ,

■ ਬਾਕੀ ਖਬਰ ਸਫਾ 19 'ਤੇ

## ਸਿਮਰਨਜੀਤ ਸਿੰਘ ਮਾਨ ਦਾ ਖਡੂਰ ਸਾਹਿਬ ਹਲਕੇ 'ਤੇ ਯੂ-ਟਰਨ!



**ਖਡੂਰ ਸਾਹਿਬ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਖਡੂਰ ਸਾਹਿਬ ਹਲਕੇ 'ਚ ਇਕ ਸਿਆਸੀ ਧਮਾਕਾ ਕੀਤਾ ਗਿਆ ਹੈ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਵੱਲੋਂ ਪਿਛਲੇ ਦਿਨੀਂ ਖਡੂਰ ਸਾਹਿਬ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਸੀ, ਜਿਸ ਤੋਂ ਬਾਅਦ ਸ. ਸਿਮਰਨਜੀਤ ਸਿੰਘ ਮਾਨ ਨੇ ਆਪਣੀ ਪਾਰਟੀ ਦੇ ਐਲਾਨ ਕੀਤੇ ਉਮੀਦਵਾਰ ਹਰਪਾਲ ਸਿੰਘ ਬਲੇਰ ਨੂੰ ਉਸ ਹਲਕੇ ਤੋਂ ਚੋਣ ਨਾ ਲੜਾਉਣ ਦਾ ਮਨ ਬਣਾ ਲਿਆ ਸੀ ਅਤੇ ਅੰਮ੍ਰਿਤਪਾਲ ਸਿੰਘ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ ਸੀ।

■ ਬਾਕੀ ਖਬਰ ਸਫਾ 19 'ਤੇ

## ਜਸਪ੍ਰੀਤ ਸਿੰਘ ਅਟਾਰਨੀ ਦੀ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਹੋਈ ਮੁਲਾਕਾਤ

■ **ਇੰਮੀਗ੍ਰੇਸ਼ਨ ਤੇ ਅਮਰੀਕਾ 'ਚ ਸਿੱਖ ਮਸਲਿਆਂ ਬਾਰੇ ਕੀਤੇ ਖੁੱਲ੍ਹ ਕੇ ਵਿਚਾਰ-ਵਟਾਂਦਰੇ**



**ਸੈਕਰਾਮੈਂਟੋ, (ਪੰਜਾਬ ਮੇਲ)-** ਉੱਘੇ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਵੱਲੋਂ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਦੌਰਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਕਮਲਾ ਹੈਰਿਸ ਨਾਲ ਇੰਮੀਗ੍ਰੇਸ਼ਨ ਅਤੇ ਅਮਰੀਕਾ ਵਿਚ ਸਿੱਖ ਮਸਲਿਆਂ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰੇ ਕੀਤੇ। ਉਨ੍ਹਾਂ ਉਪ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਲੰਮੇ ਚਿਰਾਂ ਤੋਂ ਲਟਕਦੇ ਆ ਰਹੇ ਇੰਮੀਗ੍ਰੇਸ਼ਨ ਕੇਸਾਂ ਨੂੰ ਤੁਰੰਤ ਹੱਲ ਕਰਵਾਇਆ ਜਾਵੇ, ਖਾਸ ਕਰਕੇ ਫੈਮਿਲੀ ਪਟੀਸ਼ਨ ਦਾ ਨੰਬਰ ਕਾਫੀ ਦੇਰ ਬਾਅਦ ਆਉਂਦਾ ਹੈ। ਬੈਕਲਾਗ ਵੱਧ ਜਾਣ ਕਾਰਨ ਬਹੁਤ ਸਾਰੇ ਬੱਚੇ ਆਪਣੇ ਮਾਂ-ਬਾਪ ਨਾਲ ਅਮਰੀਕਾ ਵਿਚ ਆਉਣ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਉਪ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਅਸਾਇਲਮ ਦੇ ਕੇਸਾਂ ਲਈ ਅਦਾਲਤਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇ, ਤਾਂਕਿ ਉਨ੍ਹਾਂ ਦੇ ਕੇਸ ਜਲਦੀ ਨਿਪਟਾਏ ਜਾ ਸਕਣ। ਇਸ ਦੇ ਨਾਲ ਹੀ ਸ. ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਕੁੱਝ ਤੱਤ ਸਿੱਖ ਕੌਮ ਨੂੰ ਨਿਸ਼ਾਨਾ ਬਣਾ ਰਹੇ ਹਨ, ਜਿਸ 'ਤੇ ਨੱਥ ਪਾਈ ਜਾਣੀ ਚਾਹੀਦੀ ਹੈ।

ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸ. ਜਸਪ੍ਰੀਤ ਸਿੰਘ ਦੀਆਂ ਦਲੀਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਉਨ੍ਹਾਂ ਦੇ ਇਹ ਮਸਲੇ ਹੱਲ ਕਰਵਾਉਣ ਲਈ ਵਚਨਬੱਧਤਾ ਪ੍ਰਗਟਾਈ।

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 19 ਨੂੰ

■ **ਮਰਹੂਮ ਪੰਜਾਬੀ ਕਵੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ ਕਾਨਫਰੰਸ**




ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਿਲ ਨਿੱਜਰ ਅਤੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ।

**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 19 ਮਈ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਪੂਜਾ ਰੈਸਟੋਰੈਂਟ, 1223 Merkely Ave. West Sacramento, 95691 ਵਿਖੇ ਕਰਵਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਦਿਲ ਨਿੱਜਰ ਅਤੇ ਜਨਰਲ ਸਕੱਤਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਹ ਕਾਨਫਰੰਸ ਮਰਹੂਮ ਪੰਜਾਬੀ ਕਵੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ। ਦੇਸ਼ਾਂ-ਵਿਦੇਸ਼ਾਂ ਤੋਂ ਨਾਮਵਰ ਸਾਹਿਤਕਾਰ ਅਤੇ ਬੁੱਧੀਜੀਵੀ ਇਸ ਕਾਨਫਰੰਸ ਵਿਚ ਪਹੁੰਚਣਗੇ। ਟੋਰਾਂਟੋ ਤੋਂ ਡਾ. ਦਲਬੀਰ ਸਿੰਘ ਕਥੂਰੀਆ, ਡਾ. ਪ੍ਰਗਟ ਸਿੰਘ ਬੱਗਾ ਅਤੇ ਪ੍ਰਿਥੀਪਾਲ ਸਿੰਘ ਚੱਗੜ, ਇੰਡੀਆ ਤੋਂ ਪ੍ਰੀਤਮ ਸਿੰਘ ਭਰੋਵਾਲ ਅਤੇ ਅਮਰ ਸਿੰਘ ਸੂਫੀ, ਸਰੀ ਕੈਨੇਡਾ ਤੋਂ ਰਘਬੀਰ ਸਿੰਘ ਭਰੋਵਾਲ, ਸਿਆਟਲ ਤੋਂ ਹਰਦਿਆਲ ਸਿੰਘ ਚੀਮਾ, ਲਾਲੀ ਸੰਧੂ ਆਪਣੇ ਸਾਥੀਆਂ ਸਮੇਤ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਬੇਅ-ਏਰੀਆ, ਸਟਾਕਟਨ, ਫਰਿਜ਼ਨੋ ਦੀਆਂ ਸਾਹਿਤ ਸਭਾਵਾਂ ਵੀ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉਣਗੀਆਂ। ਉੱਘੇ ਹਾਲੀਵੁੱਡ ਫਿਲਮ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਕਵੀ ਰਾਜ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਸੋਵੀਨਾਰ ਵੀ ਰਿਲੀਜ਼ ਕੀਤਾ ਜਾਵੇਗਾ।

ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਨੁਮਾਇਸ਼ ਲਗਾਈ ਜਾਵੇਗੀ।

ਕਾਨਫਰੰਸ ਦੌਰਾਨ ਜਿੱਥੇ ਪੰਜਾਬੀ ਭਾਸ਼ਾ ਬਾਰੇ ਖੁੱਲ੍ਹ ਕੇ ਵਿਚਾਰ-ਵਟਾਂਦਰੇ ਹੋਣਗੇ, ਉਥੇ ਕਵੀ ਸੰਮੇਲਨ ਅਤੇ ਗੀਤ-ਸੰਗੀਤ ਵੀ ਹੋਵੇਗਾ। ਇਸ ਮੌਕੇ ਖਾਣੇ ਦਾ ਖਾਸ ਪ੍ਰਬੰਧ ਹੋਵੇਗਾ। ਕਾਨਫਰੰਸ 'ਚ ਸ਼ਾਮਲ ਹੋਣ ਲਈ ਐਂਟਰੀ ਮੁਫਤ ਹੈ। ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 ਜਾਂ 916-628-2210 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜਾਂ ਸਫਾ ਨੰਬਰ 2 'ਤੇ ਲੱਗੇ ਇਸ਼ਤਿਹਾਰ ਤੋਂ ਜਾਣਕਾਰੀ ਲਈ ਜਾ ਸਕਦੀ ਹੈ।

## ਗੈਰ ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਵਾਲੇ ਲੋਕਾਂ ਲਈ ਅਮਰੀਕਾ 'ਚ ਸ਼ਰਨ ਲੈਣੀ ਹੋਵੇਗੀ ਮੁਸ਼ਕਲ!



■ **ਬਾਇਡਨ ਸਰਕਾਰ ਵੱਲੋਂ ਨਵਾਂ ਨਿਯਮ ਲਿਆਉਣ ਦੀ ਤਿਆਰੀ**

■ **ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਸ਼ਰਨ ਦੇ ਅਯੋਗ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ ਦੇ ਸਕਦੀ ਹੈ ਹੋਰ ਸ਼ਕਤੀਆਂ**

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਇਨ੍ਹੀਂ ਦਿਨੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣਾ ਬਹੁਤ ਮੁਸ਼ਕਲ ਹੋ ਗਿਆ ਹੈ। ਪਰ ਹੁਣ ਬਾਇਡਨ ਸਰਕਾਰ ਇਕ ਨਵਾਂ ਐਲਾਨ ਕਰਨ ਜਾ ਰਹੀ ਹੈ, ਜਿਸ ਨਾਲ ਮੈਕਸੀਕੋ ਜਾਂ ਕੈਨੇਡਾ ਦੀ ਸਰਹੱਦ ਪਾਰ ਕਰਨ ਵਾਲੇ ਲੋਕਾਂ ਲਈ ਅਮਰੀਕਾ 'ਚ ਸ਼ਰਨ ਲੈਣੀ ਬਹੁਤ ਮੁਸ਼ਕਲ ਹੋ ਜਾਵੇਗੀ। ਅਜਿਹੇ ਲੋਕਾਂ ਨੂੰ ਜਲਦੀ ਹੀ ਡਿਪੋਰਟ ਕੀਤਾ ਜਾ ਸਕਦਾ ਹੈ। ਅਮਰੀਕੀ ਨਿਊਜ਼ ਚੈਨਲ ਸੀ.ਬੀ.ਐੱਸ. ਦੀ ਇੱਕ ਰਿਪੋਰਟ ਅਨੁਸਾਰ ਬਾਇਡਨ ਸਰਕਾਰ ਕੁਝ ਦਿਨਾਂ ਦੇ ਅੰਦਰ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਉਨ੍ਹਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਲਈ ਹੋਰ ਸ਼ਕਤੀਆਂ ਦੇ ਸਕਦੀ ਹੈ, ਜੋ ਸ਼ਰਨ ਲਈ ਯੋਗ ਨਹੀਂ ਹਨ। ਸੀ.ਬੀ.ਐੱਸ. ਨਿਊਜ਼ ਚੈਨਲ ਨੇ ਬਾਈਡੇਨ

■ ਬਾਕੀ ਖਬਰ ਸਫਾ 19 'ਤੇ

## ਚਾਰ ਲੋਕਾਂ ਦੀ ਮੌਤ ਦੇ ਜ਼ਿੰਮੇਵਾਰ ਪੰਜਾਬੀ ਨੂੰ ਅਮਰੀਕਾ 'ਚ ਮੌਤ ਦੀ ਸਜ਼ਾ



**ਫਰਿਜ਼ਨੋ, (ਮਾਛੀਕੇ/ਧਾਲੀਆਂ/ ਪੰਜਾਬ ਮੇਲ)-** ਓਹਾਇਓ ਸਟੇਟ ਦੀ ਬਟਲਰ ਕਾਉਂਟੀ ਅਦਾਲਤ ਨੇ ਚਾਰ ਲੋਕਾਂ ਦੀ ਮੌਤ ਵਿਚ ਦੋਸ਼ੀ ਪਾਏ ਗਏ, ਗੁਰਪ੍ਰੀਤ ਸਿੰਘ (41) ਨੂੰ ਤਿੰਨ ਜੱਜਾਂ ਦੇ ਪੈਨਲ ਨੇ ਮੌਤ ਦੀ ਸਜ਼ਾ ਸੁਣਾਈ ਹੈ। 2019 ਵਿਚ ਓਹਾਇਓ ਸਟੇਟ ਦੇ ਸ਼ਹਿਰ ਵਿੱਸਚ ਚਿਸਟਰ ਵਿਚ ਟਰੱਕ ਡਰਾਈਵਰ ਗੁਰਪ੍ਰੀਤ ਸਿੰਘ ਨੂੰ ਉਸਦੀ ਪਤਨੀ ਸ਼ਲਿੰਦਰ ਕੌਰ, ਸੌਹਰਾ ਹਕੀਕਤ ਸਿੰਘ ਪਨਾਗ, ਸੱਸ ਪ੍ਰਮਜੀਤ ਕੌਰ ਪਨਾਗ, ਪਤਨੀ ਦੀ ਮਾਸੀ ਅਮਰਜੀਤ ਕੌਰ ਨੂੰ ਆਪਣੇ ਅਪਾਰਟਮੈਂਟ ਵਿਚ ਗੋਲੀਆਂ ਮਾਰਕੇ ਮਾਰ ਮੁਕਾਉਣ ਦੇ ਦੋਸ਼ ਹੇਠ ਮੌਤ ਦੀ ਸਜ਼ਾ ਸੁਣਾਈ ਗਈ ਹੈ। ਸਰਕਾਰੀ ਵਕੀਲ ਮਾਈਕ ਗਮੋਸਰ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਦਾ ਕਿਸੇ ਹੋਰ ਜਨਾਨੀ ਨਾਲ ਇੰਡੀਅਨਐਪਲਸ ਵਿਚ ਅਫੇਅਰ ਚੱਲ ਰਿਹਾ ਸੀ, ਜਿਸ ਦੇ ਚੱਲਦਿਆਂ ਘਰ ਵਿਚ ਲੜਾਈ-ਝਗੜਾ ਚੱਲ ਰਿਹਾ ਸੀ। ਗੁਰਪ੍ਰੀਤ ਨੇ ਇੱਕ ਸਾਜ਼ਿਸ਼ ਦੇ ਅਧੀਨ ਆਪਣੇ ਰਸਤੇ ਦੇ ਕੰਡੇ ਸਾਫ ਕਰਨ ਲਈ ਇਸ ਸੰਗੀਨ ਜ਼ੁਰਮ ਨੂੰ ਅੰਜ਼ਾਮ ਦਿੱਤਾ। ਇਸ ਪੂਰੇ ਟ੍ਰਾਇਲ ਦੌਰਾਨ ਗੁਰਪ੍ਰੀਤ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਰਿਹਾ ਹੈ, ਪਰ ਸਾਰੇ ਸਬੂਤ ਇਹ ਦੱਸਦੇ ਹਨ ਕਿ ਗੁਰਪ੍ਰੀਤ ਸਿੰਘ ਕਤਲ ਦੀ ਵਾਰਦਾਤ ਮੌਕੇ ਆਪਣੇ ਅਪਾਰਟਮੈਂਟ 'ਚ ਵਾਰਦਾਤ ਵਾਲੀ ਜਗ੍ਹਾ 'ਤੇ ਮੌਜੂਦ ਸੀ। ਸਰਕਾਰੀ ਵਕੀਲ ਨੇ ਕਿਹਾ ਕਿ ਅਗਰ ਦੋਸ਼ੀ ਆਪਣਾ ਜ਼ੁਰਮ ਕਬੂਲ ਕਰ ਲੈਂਦਾ, ਤਾਂ ਉਸਨੂੰ ਉਮਰ ਕੈਦ ਹੋਣੀ ਸੀ, ਪਰ ਹੁਣ

■ ਬਾਕੀ ਖਬਰ ਸਫਾ 19 'ਤੇ

## ਸੱਦਾ ਪੱਤਰ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

# ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

## ਮਈ 19, ਐਤਵਾਰ, 2024, ਸਵੇਰੇ 10 ਵਜੇ ਤੋਂ 6 ਵਜੇ ਤੱਕ

**ਸਥਾਨ :** Pooja Restaurant, 1223 Merkely Ave. West Sacramento, 95691

### ਪ੍ਰੋਗਰਾਮ

- ਉਦਘਾਟਨ : 10.00 ਵਜੇ ਸਵੇਰੇ
- ਚਾਹ-ਪਾਣੀ : 10.30 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 12.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 1.00 ਵਜੇ
- ਕਵੀ ਸੰਮੇਲਨ : 3.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

**ਦੇਸ਼ਾਂ ਵਿਦੇਸ਼ਾਂ ਤੋਂ ਪਹੁੰਚ ਰਹੀਆਂ ਸਖਸੀਅਤਾਂ :**

ਡਾ. ਦਲਬੀਰ ਸਿੰਘ ਕਥੂਰਿਆ, ਅਮਰ ਸਿੰਘ ਸੂਫ਼ੀ, ਪ੍ਰੀਤਮ ਸਿੰਘ ਭਰੋਵਾਲ, ਕਵੀਰਾਜ (ਫਿਲਮ ਨਿਰਮਾਤਾ ਅਤੇ ਨਿਰਦੇਸ਼ਕ), ਡਾ. ਪਰਗਟ ਸਿੰਘ ਬੱਗਾ, ਪ੍ਰਿਥੀ ਪਾਲ ਸਿੰਘ ਚਗੜ, ਹਰਦਿਆਲ ਸਿੰਘ ਚੀਮਾ, ਲਾਲੀ ਸੰਧੂ, ਰਘਬੀਰ ਸਿੰਘ।

**ਇਹ ਕਾਨਫਰੰਸ ਮਰਹੂਮ ਪੰਜਾਬੀ ਕਵੀ ਸੁਰਜੀਤ ਪਾਤਰ ਨੂੰ ਸਮਰਪਿਤ ਹੋਵੇਗੀ**

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
## ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਸੈਕਰਾਮੈਂਟੋ ਵਿਚ ਹੋ ਰਹੀ 20ਵੀਂ ਅੰਤਰਰਾਸ਼ਟਰੀ ਕਾਨਫਰੰਸ ’ਤੇ ਵਿਸ਼ੇਸ਼

# ਵਿਦੇਸ਼ਾਂ ਵਿਚ ਮਾਂ ਬੋਲੀ ਦੀ ਸਥਿਤੀ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਮਾਂ ਬੋਲੀ ਦਾ ਅਰਥ ਹੈ ਮਾਂ ਤੋਂ ਸਿੱਖੀ ਹੋਈ ਜ਼ੁਬਾਨ, ਜਿਹੜੀ ਬੋਲੀ ਮਾਂ ਬੋਲਦੀ ਹੈ, ਉਹ ਬੋਲੀ ਉਸ ਦਾ ਬੱਚਾ ਵੀ ਬੋਲਦਾ ਹੈ। ਅੱਖਾਂ ਖੋਲ੍ਹਦੇ ਸਾਰ ਹੀ ਬੱਚਾ ਆਪਣੇ ਆਲੇ-ਦੁਆਲੇ ਦੀ ਆਵਾਜ਼ ਸੁਣਦਾ ਹੈ, ਜੋ ਉਸ ਦੇ ਜ਼ਿਹਨ ਵਿਚ ਬੈਠ ਜਾਂਦੀ ਹੈ ਅਤੇ ਉਹ ਹੌਲੀ-ਹੌਲੀ ਉਸੇ ਚੌਗਿਰਦੇ ਤੋਂ ਸਿੱਖ ਕੇ ਉਹੀ ਬੋਲੀ ਬੋਲਣਾ ਸ਼ੁਰੂ ਕਰ ਦਿੰਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਬੰਦੇ ਤੇ ਬੋਲੀ ਜੂਹ ਦਾ ਨਿਸ਼ਾਨ ਹੁੰਦੇ ਹਨ। ਜਿਹੜਾ ਨਿਸ਼ਾਨ ਜੂਹ ਦਾ ਹੁੰਦਾ ਹੈ, ਉਹ ਬੰਦੇ ਤੇ ਬੋਲੀ ਦਾ ਸਾਂਝਾ ਨਾਂ ਹੁੰਦਾ ਹੈ। ਬੋਲੀ ਤੇ ਮਾਂ ਬੋਲੀ ਦੀ ਉਸਾਰੀ ਬੰਦੇ ਦੇ ਵਸੇਬੇ ਨਾਲ ਜੁੜੀ ਹੋਈ ਹੈ।

ਮਾਂ ਬੋਲੀ ਦੀ ਥਾਂ ਕਦੇ ਕੋਈ ਹੋਰ ਬੋਲੀ ਨਹੀਂ ਲੈ ਸਕਦੀ। ਜੇ ਕਿਹਾ ਜਾਵੇ ਕਿ ਬੋਲੀ ਮਨੁੱਖੀ ਜੀਵਨ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਉਪਲਬੱਧੀ ਹੈ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਤੋਂ ਬਿਨਾਂ ਮਾਨਵਤਾ ਦੀ ਹੋਂਦ ਸੰਭਵ ਨਹੀਂ। ਕਹਿ ਸਕਦੇ ਹਾਂ ਕਿ ਕਿਸੇ ਵੀ ਮਾਨਵਤਾ ਦੀ ਸੱਭਿਅਤਾ ਉਸ ਦੀ ਬੋਲੀ ਤੋਂ ਹੀ ਸ਼ੁਰੂ ਹੁੰਦੀ ਹੈ, ਕਿਸੇ ਵੀ ਭਾਸ਼ਾ ਦਾ ਆਧਾਰ ਉਸ ਦੇ ਆਲੇ-ਦੁਆਲੇ ’ਤੇ ਨਿਰਭਰ ਕਰਦਾ ਹੈ। ਵੈਸੇ ਤਾਂ ਬੋਲੀ ਜਾਂ ਭਾਸ਼ਾ ਮੂਲ ਰੂਪ ਵਿਚ ਇਕ ਮੌਖਿਕ ਸੰਚਾਰ ਸਾਧਨ ਹੈ। ਵੱਖ-ਵੱਖ ਮੁਲਕਾਂ ਵਿਚ, ਵੱਖ-ਵੱਖ ਪ੍ਰਾਂਤਾਂ ਵਿਚ ਅਤੇ ਕਈ ਜਗ੍ਹਾ ਵੱਖ-ਵੱਖ ਸ਼ਹਿਰਾਂ ਵਿਚ ਅਲੱਗ-ਅਲੱਗ ਕਿਸਮ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਪਰ ਕਈ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਇਕ ਬੋਲੀ ਉਦੋਂ ਮਿਸ਼ਰਤ ਰੂਪ ਧਾਰਨ ਕਰ ਜਾਂਦੀ ਹੈ, ਜਾਂ ਉਸ ਵਿਅਕਤੀ ਵਿਸ਼ੇਸ਼ ਦੀ ਬੋਲੀ ਜਾਂ ਭਾਸ਼ਾ ਖਤਮ ਵੀ ਹੋ ਸਕਦੀ ਹੈ, ਜਦੋਂ ਉਹ ਇਕ ਥਾਂ ਤੋਂ ਦੂਜੇ ਥਾਂ ’ਤੇ ਪਲਾਇਨ ਕਰਕੇ ਰਹਿਣ ਲੱਗ ਪੈਂਦਾ ਹੈ। ਉਸ ਸਮੇਂ ਉਸ ਨੂੰ ਆਪਣੀ ਬੋਲੀ ਦੇ ਨਾਲ-ਨਾਲ ਉਥੋਂ ਦੀ ਸਥਾਨਕ ਬੋਲੀ ਵੀ ਸਿੱਖਣੀ ਪੈਂਦੀ ਹੈ, ਜਿੱਥੇ ਉਹ ਨਵੀਂ ਥਾਂ ’ਤੇ ਰਹਿਣ ਲੱਗ ਪੈਂਦਾ ਹੈ। ਇਕ-ਦੋ ਪੀੜ੍ਹੀਆਂ ਆਪਣੀ ਮਾਂ ਬੋਲੀ ਜਾਂ ਭਾਸ਼ਾ ਬੋਲ ਸਮਝ ਲੈਂਦੀਆਂ ਹਨ, ਪਰ ਉਸ ਤੋਂ ਬਾਅਦ ਉਹ ਆਪਣੀ ਅਸਲ ਜ਼ੁਬਾਨ ਤੋਂ ਦੂਰ ਹੁੰਦੇ ਜਾਂਦੇ ਹਨ। ਕੁੱਝ ਇਸੇ ਤਰ੍ਹਾਂ ਵਾਪਰਿਆ ਹੈ, ਪੰਜਾਬੀ ਮਾਂ ਬੋਲੀ ਨਾਲ। ਪੰਜਾਬ ਤੋਂ ਬਹੁਤ ਸਾਰੇ ਲੋਕ ਪਲਾਇਨ ਕਰਕੇ ਵਿਦੇਸ਼ਾਂ ਵਿਚ ਜਾ ਕੇ ਵਸੇ ਹਨ ਅਤੇ ਉਥੇ ਜਾ ਕੇ ਪੱਕੇ ਤੌਰ ’ਤੇ ਸਥਾਪਤ ਹੋ ਚੁੱਕੇ ਹਨ। ਇਸ ਪ੍ਰਵਾਸ ਕਾਰਨ ਅਗਲੀ ਪੀੜ੍ਹੀ ਆਪਣੀ ਮਾਂ ਬੋਲੀ ਪੰਜਾਬੀ ਤੋਂ ਦੂਰ ਹੁੰਦੀ ਜਾ ਰਹੀ ਹੈ। ਅਗਲੀ ਨਸਲ ਪੰਜਾਬੀ ਬੋਲਣ ਤੋਂ ਕੰਨੀਂ ਕਤਰਾਉਣ ਲੱਗ ਜਾਂਦੀ ਹੈ। ਉਹ ਸਥਾਨਕ ਬੋਲੀਆਂ ਬੋਲਣ ਲੱਗ ਪੈਂਦੇ ਹਨ। ਪ੍ਰਵਾਸੀ ਪੰਜਾਬੀਆਂ ਨੂੰ ਬਾਹਰਲੇ ਮੁਲਕਾਂ ਵਿਚ ਰਹਿੰਦਿਆਂ ਆਪਣੀ ਅਗਲੀ ਨਸਲ ਦਾ ਆਪਣੀ ਭਾਸ਼ਾ ਨਾਲੋਂ ਟੁੱਟਣ ਦਾ ਫਿਕਰ ਰਹਿੰਦਾ ਹੈ। ਜੇ ਭਾਸ਼ਾ ਨਾਲੋਂ ਅਗਲੀ ਨਸਲ ਟੁੱਟਦੀ ਹੈ, ਤਾਂ ਹੋ ਸਕਦਾ ਹੈ ਕਿ ਉਹ ਆਪਣੇ ਧਰਮ ਨਾਲੋਂ ਵੀ ਟੁੱਟ ਜਾਵੇ। ਇਹ ਖਤਰਾ ਵਿਦੇਸ਼ਾਂ ਵਿਚ ਲਗਾਤਾਰ ਵੱਧਦਾ ਜਾ ਰਿਹਾ ਹੈ। ਕਹਿੰਦੇ ਹਨ ਕਿ ਜੇ ਕਿਸੇ ਧਰਮ ਦੀ ਬੋਲੀ ਮੁੱਕ ਜਾਏ, ਤਾਂ ਉਸ ਧਰਮ ਦਾ ਖਾਤਮਾ ਹੋ ਸਕਦਾ ਹੈ। ਆਪਣੇ ਧਰਮ ਨੂੰ ਬਚਾਉਣ ਲਈ ਸਭ ਤੋਂ ਵੱਧ ਜ਼ਰੂਰਤ ਆਪਣੀ ਆਉਣ ਵਾਲੀ ਨਸਲ ਨੂੰ ਮਾਂ ਬੋਲੀ ਨਾਲ ਜੋੜਨ ਦੀ ਹੈ। ਦੁਨੀਆਂ ਅੰਦਰ ਆਮ ਤੌਰ ’ਤੇ ਇਹ ਕਹਾਵਤ ਪ੍ਰਚਲਿਤ ਹੈ, ਪੰਜਾਬੀ ਜਿੱਥੇ ਕਿਤੇ ਵੀ ਜਾਂਦੇ ਹਨ, ਆਪਣਾ ਵਸੇਬਾ ਤਾਂ ਸੋਹਣਾ ਬਣਾ ਲੈਂਦੇ ਹਨ, ਪਰ ਆਪਣੀ ਭਾਸ਼ਾ ਪ੍ਰਤੀ ਬਹੁਤਾ ਕਰਕੇ ਅਵੇਸਲੇ ਹੀ ਰਹਿੰਦੇ ਹਨ। ਅਜਿਹੇ ਅਵੇਸਲੇਪਨ ਦੀ ਮਾਨਸਿਕਤਾ ਸਾਨੂੰ ਆਪਣੀ ਭਾਸ਼ਾ ਨਾਲੋਂ ਹੀ ਨਹੀਂ, ਸਗੋਂ ਆਪਣੇ ਵਿਰਸੇ, ਸੱਭਿਆਚਾਰ ਅਤੇ ਧਰਮ ਤੋਂ ਵੀ ਦੂਰ ਲੈ ਜਾਂਦੀ ਹੈ।

ਵਿਦੇਸ਼ਾਂ ਵਿਚ ਪੰਜਾਬੀਆਂ ਨੇ ਭਾਵੇਂ ਕਿ ਹਰ ਖੇਤਰ ਵਿਚ ਆਪਣੇ ਪੈਰ ਪਸਾਰ ਲਏ ਹਨ। ਪਰ ਆਪਣੀ ਬੋਲੀ ਤੇ ਵਿਰਸੇ ਵੱਲ ਹਾਲੇ ਬਹੁਤਾ ਧਿਆਨ ਨਹੀਂ ਦਿੱਤਾ। ਦੁਨੀਆਂ ਅੰਦਰ ਅੱਜ ਅਸੀਂ ਇਕ ਅਜਿਹੇ ਮੁਕਾਮ ਉਪਰ ਆ ਖੜ੍ਹੇ ਹਾਂ, ਜਿੱਥੇ ਸਾਨੂੰ ਆਪਣੀ ਬੋਲੀ ਅਤੇ ਵਿਰਸੇ ਪ੍ਰਤੀ ਹੋਰ ਵਧੇਰੇ ਸੁਚੇਤ ਹੋਣ ਅਤੇ ਪਹਿਰਾ ਦੇਣ ਦੀ ਲੋੜ ਹੈ। ਵਿਦੇਸ਼ੀ ਧਰਤੀਆਂ




ਉਪਰ ਜੰਮੀ-ਪਲੀ ਅਤੇ ਜਵਾਨ ਹੋਈ ਨਵੀਂ ਪੀੜ੍ਹੀ ਅੰਦਰ ਪੰਜਾਬੀ ਪ੍ਰਤੀ ਉਹੋ ਜਿਹਾ ਕੁਦਰਤੀ ਵਹਾਅ ਅਤੇ ਵਲਵਲਾ ਦੇਖਣ ਨੂੰ ਨਹੀਂ ਮਿਲਦਾ।

ਉਂਝ ਜੇ ਦੇਖਿਆ ਜਾਵੇ, ਤਾਂ ਦੁਨੀਆਂ ਦੀਆਂ ਘੱਟ ਗਿਣਤੀ ਭਾਸ਼ਾਵਾਂ ਨੂੰ ਹਮੇਸ਼ਾ ਹੀ ਸੰਕਟ ਅਤੇ ਖਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਦਰਤੀ ਗੱਲ ਹੈ ਕਿ ਬਿਗਾਨੀਆਂ ਧਰਤੀਆਂ ਅਤੇ ਸੱਭਿਆਚਾਰਾਂ ’ਚ ਜਾ ਕੇ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਨੂੰ ਰੱਖਣਾ ਬੜਾ ਮੁਸ਼ਕਿਲ ਅਤੇ ਔਖਾ ਕੰਮ ਹੁੰਦਾ ਹੈ। ਇਸ ਸਥਿਤੀ ਨੂੰ ਅਸਾਧਾਰਨ ਤੌਰ ’ਤੇ ਨਾ ਲਈਏ। ਇਸ ਬਾਰੇ ਸਾਨੂੰ ਗੰਭੀਰਤਾ ਨਾਲ ਸੋਚਣਾ ਪੈਣਾ ਹੈ। ਭਾਵੇਂ ਕਿ ਕੁੱਝ ਸੰਸਥਾਵਾਂ ਇਸ ਸੰਬੰਧੀ ਫਿਕਰਮੰਦ ਹਨ। ਪਰ ਸਮੁੱਚੇ ਤੌਰ ’ਤੇ ਇਹ ਦੇਖਿਆ ਜਾਵੇ, ਤਾਂ ਇਹ ਆਟੇ ’ਚ ਲੂਣ ਬਰਾਬਰ ਹਨ। ਪੱਛਮੀ ਦੇਸ਼ਾਂ ਵਿਚ ਗੁਰੂ ਘਰਾਂ ਨੇ ਪੰਜਾਬੀ ਸਕੂਲ ਵੀ ਸ਼ੁਰੂ ਕੀਤੇ ਹਨ, ਜਿੱਥੇ ਛੋਟੇ ਬੱਚਿਆਂ ਨੂੰ ਗੁਰਮੁਖੀ ਸਿਖਾਈ ਜਾਂਦੀ ਹੈ। ਸੰਡੇ ਸਕੂਲ ਨਾਂ ਹੇਠ ਚਲਾਏ ਜਾਂਦੇ ਇਨ੍ਹਾਂ ਸਕੂਲਾਂ ਦੇ ਅਧਿਆਪਕ ਸੇਵਾ ਦੇ ਤੌਰ ’ਤੇ ਸਿੱਖਿਆ ਦਿੰਦੇ ਹਨ। ਅਜਿਹੇ ਯਤਨਾਂ ਨਾਲ ਸਾਡੀ ਨਵੀਂ ਪੀੜ੍ਹੀ ਦੇ ਬੱਚੇ ਪੰਜਾਬੀ ਪੜ੍ਹਨ ਤੇ ਬੋਲਣ ਦੇ ਯੋਗ ਹੁੰਦੇ ਹਨ। ਪਰ ਇਹ ਯਤਨ ਸਫਲ ਤਾਂ ਹੀ ਹੋਣਗੇ, ਜੇਕਰ ਅਸੀਂ ਘਰਾਂ ਵਿਚ ਵੀ ਆਪਣੇ ਬੱਚਿਆਂ ਨਾਲ ਪੰਜਾਬੀ ਵਿਚ ਗੱਲ ਕਰਨ ਨੂੰ ਤਰਜੀਹ ਦੇਈਏ ਅਤੇ ਘਰਾਂ ਵਿਚ ਵੀ ਖੁਦ ਉਨ੍ਹਾਂ ਨੂੰ ਪੰਜਾਬੀ ਪੜ੍ਹਾਈਏ। ਅਜਿਹਾ ਕਰਨ ਨਾਲ ਬੱਚਿਆਂ ਦਾ ਪੰਜਾਬੀ ਬੋਲਣ ਦਾ ਉਚਾਰਨ ਸ਼ੁੱਧ ਹੁੰਦਾ ਹੈ। ਜਦ ਤੱਕ ਬੱਚੇ ਦੇ ਮਨ ਵਿਚ ਕਿਸੇ ਗੱਲ ਦੀ ਤਾਂਘ ਪੈਦਾ ਨਹੀਂ ਹੁੰਦੀ, ਤਦ ਤੱਕ ਅਸੀਂ ਉਸ ਨੂੰ ਇਸ ਵੱਲ ਪ੍ਰਭਾਵਿਤ ਨਹੀਂ ਕਰ ਸਕਦੇ। ਸੋ ਅੱਜ ਸਭ ਤੋਂ ਵੱਡੀ ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਬੱਚਿਆਂ ਅੰਦਰ ਪੰਜਾਬੀ ਸਿੱਖਣ ਅਤੇ ਪੜ੍ਹਨ ਦੀ ਤਾਂਘ ਪੈਦਾ ਕਰੀਏ ਅਤੇ ਇਸ ਪਾਸੇ ਉਨ੍ਹਾਂ ਨੂੰ ਲਗਾ ਸਕੀਏ। ਜੇਕਰ ਅਸੀਂ ਅਜਿਹਾ ਯਤਨ ਕਰਾਂਗੇ, ਤਾਂ ਲਾਜ਼ਮੀ ਹੀ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਪੰਜਾਬੀ ਪ੍ਰਤੀ ਸੰਵੇਦਨਸ਼ੀਲ ਬਣਾ ਸਕਾਂਗੇ।

ਵਿਦੇਸ਼ਾਂ ਵਿਚ ਬਹੁਤ ਸਾਰੀਆਂ ਪੰਜਾਬੀ ਸਾਹਿਤਕ ਸੰਸਥਾਵਾਂ ਵੀ ਹੋਂਦ ਵਿਚ ਆਈਆਂ ਹਨ, ਜੋ ਆਪਣੀ ਸਾਰਥਿਕ ਜ਼ਿੰਮੇਵਾਰੀਆਂ ਨਿਭਾ ਰਹੀਆਂ ਹਨ। ਪੰਜਾਬੀ ਸਾਹਿਤ ਸਭਾਵਾਂ ਨੂੰ ਬਾਹਰਲੇ ਮੁਲਕਾਂ ਅੰਦਰ ਪੰਜਾਬੀ ਦੇ ਵਿਸਥਾਰ ਲਈ ਹੋਰ ਵੀ ਵਧੇਰੇ ਸੁਚਾਰੂ ਕੰਮ ਕਰਨ ਦੀ ਜ਼ਰੂਰਤ ਹੈ। ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਅੰਦਰ ਰਚਨਾਵਾਂ ਪੜ੍ਹਨ ਅਤੇ ਸੁਣਨ ਤੋਂ ਇਲਾਵਾ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬੀ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ। ਸਭਾਵਾਂ ਵੱਲੋਂ ਸਮੇਂ-ਸਮੇਂ ’ਤੇ ਛੋਟੇ ਬੱਚਿਆਂ ਦੇ ਪੰਜਾਬੀ ਲਿਖਣ ਅਤੇ ਪੜ੍ਹਨ ਦੇ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ। ਇਸ ਨਾਲ ਬੱਚੇ ਪੰਜਾਬੀ ਬੋਲੀ ਵੱਲ ਪ੍ਰੇਰਿਤ ਹੋ ਸਕਦੇ ਹਨ।

ਕੁੱਝ ਇਕ ਪੰਜਾਬੀ ਚਾਰਟਰ ਸਕੂਲ ਵੀ ਖੁੱਲ੍ਹੇ ਹਨ, ਜਿੱਥੇ ਬੱਚਿਆਂ ਨੂੰ ਥੋੜ੍ਹੀ ਬਹੁਤੀ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ। ਕੈਲੀਫੋਰਨੀਆ ਸਰਕਾਰ ਵੱਲੋਂ ਕੁੱਝ ਸਮਾਂ ਪਹਿਲਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨੂੰ ਪਾਸ ਕਰਾਉਣ ਲਈ ਸਿੱਖ ਭਾਈਚਾਰੇ ਨੇ ਕਾਫੀ ਜੱਦੋ-ਜਹਿਦ ਕੀਤੀ ਸੀ।

ਵਿਦੇਸ਼ਾਂ ਵਿਚ ਆ ਵਸੇ ਪੰਜਾਬੀ ਹੁਣ ਇਹ ਤਾਂ ਨਹੀਂ ਕਹਿ ਸਕਦੇ ਕਿ ਉਨ੍ਹਾਂ ਦੀਆਂ ਨਵੀਆਂ ਪੀੜ੍ਹੀਆਂ ਸਿਰਫ ਪੰਜਾਬੀ ਤੱਕ ਹੀ ਸੀਮਤ ਹੋ ਕੇ ਰਹਿ ਜਾਣ। ਸਾਨੂੰ ਪੱਛਮੀ ਮੁਲਕਾਂ ਦੀਆਂ ਭਾਸ਼ਾਵਾਂ ਸਿੱਖਣਾ ਤਾਂ ਜ਼ਰੂਰੀ ਹੈ, ਪਰ ਨਾਲ-ਨਾਲ ਆਪਣੀ ਮਾਂ ਬੋਲੀ ਪੰਜਾਬੀ ਵੀ ਸਿੱਖਣੀ ਬਹੁਤ ਜ਼ਰੂਰੀ ਹੈ।

ਜੇ ਕਿਹਾ ਜਾਵੇ, ਤਾਂ ਬਹੁਤੇ ਬੱਚੇ ਉਹੀ ਬੋਲੀ ਸਿੱਖਦੇ ਹਨ, ਜੋ ਉਨ੍ਹਾਂ ਦੇ ਘਰਾਂ ਵਿਚ ਵਡੇਰੇ ਬੋਲਦੇ ਹਨ। ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜਨ ਲਈ ਸਾਨੂੰ ਗੰਭੀਰਤਾ ਨਾਲ ਸੋਚਣਾ ਪੈਣਾ ਹੈ। ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਘਰ ਵਿਚ ਉਨ੍ਹਾਂ ਨਾਲ ਪੰਜਾਬੀ ’ਚ ਗੱਲ ਕਰਨਾ ਬਹੁਤ ਜ਼ਰੂਰੀ ਹੈ। ਬਿਹਤਰ ਹੋਵੇਗਾ ਕਿ ਘਰ ਵਿਚ ਪੰਜਾਬੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਦਾ ਇਸਤੇਮਾਲ ਨਾ ਕੀਤਾ ਜਾਵੇ। ਜੇ ਬੱਚੇ ਪੰਜਾਬੀ ਬੋਲਣ ਤੋਂ ਝਿਜਕਦੇ ਹਨ, ਤਾਂ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਦੀ ਲੋੜ ਹੈ। ਕਈ ਵਾਰੀ ਅਜਿਹਾ ਹੁੰਦਾ ਹੈ ਕਿ ਬੱਚੇ ਜਦੋਂ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਕਈ ਵਾਰੀ ਉਹ ਗਲਤ ਪੰਜਾਬੀ ਬੋਲ ਜਾਂਦੇ ਹਨ, ਇਸ ’ਤੇ ਕਈ ਵਾਰੀ ਨਾਲ ਬੈਠੇ ਹੱਸ ਵੀ ਪੈਂਦੇ ਹਨ, ਜੋ ਠੀਕ ਨਹੀਂ ਹੈ। ਬਜਾਏ ਹੱਸਣ ਦੇ, ਉਨ੍ਹਾਂ ਨੂੰ ਗੰਭੀਰਤਾ ਅਤੇ ਸੁਚੱਜੇ ਢੰਗ ਨਾਲ ਪੰਜਾਬੀ ਦੀ ਸਹੀ ਵਿਆਕਰਣ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ।

ਜੇ ਤੁਸੀਂ ਆਪਣੇ ਬੱਚਿਆਂ ਨਾਲ ਦੋਸਤਾਨਾਂ ਮਾਹੌਲ ਬਣਾਉਗੇ, ਤਾਂ ਕੋਈ ਸ਼ੱਕ ਨਹੀਂ ਕਿ ਉਹ ਪੰਜਾਬੀ ਪ੍ਰਤੀ ਆਪਣੀ ਰੁਚੀ ਜ਼ਰੂਰ ਦਿਖਾਉਣਗੇ ਅਤੇ ਉਹ ਪੰਜਾਬੀ ਉਚਾਰਨ ਦੀ ਸਹੀ ਵਰਤੋਂ ਕਰ ਸਕਣਗੇ।

ਸੋ ਸਾਨੂੰ ਇਹ ਗੱਲ ਸੁਚੇਤ ਰੂਪ ਵਿਚ ਸਮਝਣੀ ਪਵੇਗੀ ਕਿ ਇਸ ਤਰੀਕੇ ਨਾਲ ਹੀ ਨਵੀਂ ਪੀੜ੍ਹੀ ਪੰਜਾਬੀ ਮਾਂ ਬੋਲੀ ਨੂੰ ਅਪਣਾ ਸਕਦੀ ਹੈ।

# ਪੰਜਾਬ ਵਿਚ ਪੰਜਾਬੀ ਨੂੰ ਆਪਣਾ ਬਣਦਾ ਰੁਤਬਾ ਹਾਸਲ ਨਹੀਂ ਹੋ ਰਿਹਾ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲ USA



ਪੂਰੇ ਵਿਸ਼ਵ ਵਿਚ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਸੰਖਿਆ ਲਗਭਗ 16 ਕਰੋੜ ਹੈ। ਪੰਜਾਬੀ ਬੋਲਣ ਵਾਲੇ ਪੰਜਾਬ ਤੋਂ ਇਲਾਵਾ ਪੂਰੇ ਭਾਰਤ, ਪਾਕਿਸਤਾਨ ਅਤੇ ਵਿਸ਼ਵ ਦੇ ਕੋਨੇ-ਕੋਨੇ ਵਿਚ ਵਸੇ ਹੋਏ ਹਨ। ਕੁੱਲ ਪੰਜਾਬੀਆਂ ਦੀ ਗਿਣਤੀ ਪੂਰੇ ਵਿਸ਼ਵ ਦੀ ਜਨਸੰਖਿਆ ਦੇ

ਮੁਕਾਬਲੇ 10ਵੇਂ ਸਥਾਨ ’ਤੇ ਆਉਂਦੀ ਹੈ। ਕਿਸੇ ਵੀ ਦੇਸ਼ ਜਾਂ ਰਾਜ ਵਿਚ ਬੋਲੀ ਜਾਣ ਵਾਲੀ ਭਾਸ਼ਾ ਅਹਿਮ ਸਥਾਨ ਰੱਖਦੀ ਹੈ। ਜਿਸ ਨਾਲ ਸਥਾਨਕ ਲੋਕ ਆਪਣੇ ਮਨੋਭਾਵਾਂ ਨੂੰ ਖੁੱਲ੍ਹ ਕੇ ਵਿਚਾਰਦੇ ਹਨ। ਸੱਭਿਆਚਾਰ ਦੀਆਂ ਮੂਲ ਕਿਰਿਆਵਾਂ ਨੂੰ ਦਰਸਾਉਣ ਲ਼ਈ ਸਥਾਨਕ ਭਾਸ਼ਾ ਹੀ ਪ੍ਰਮੁੱਖ ਹੁੰਦੀ ਹੈ। ਭਾਸ਼ਾ ਸੰਚਾਰ ਦੀ ਸ਼ਕਤੀਸ਼ਾਲੀ ਮਾਧਿਅਮ ਹੁੰਦੀ ਹੈ, ਜੋ ਕਿਸੇ ਕੌਮੀਅਤ ਦੇ ਹਾਵ-ਭਾਵਾਂ ਤੇ ਵਿਚਾਰਾਂ ਦਾ ਆਪਸੀ ਅਦਾਨ-ਪ੍ਰਦਾਨ ਕਰਦੀ ਹੈ। ਹਰ ਭਾਸ਼ਾ ਦੀ ਧੁਨੀ ਉਸ ਦੀ ਸੰਸਕ੍ਰਿਤ, ਸਮਾਜ ਤੇ ਇਤਿਹਾਸ ਮੁਤਾਬਿਕ

ਸਿਰਜਤ ਹੁੰਦੀ ਹੈ। ਬੋਲੀ ਸਾਡਾ ਵਜੂਦ ਹੈ, ਜੋ ਸਾਨੂੰ ਦੁਨੀਆਂ ਨਾਲ ਰੂਬਰੂ ਕਰਵਾਉਂਦੀ ਹੈ।

ਪੰਜਾਬੀ ਭਾਸ਼ਾ ਦੀ ਸਥਿਤੀ ਤੇ ਸੰਭਾਵਨਾਵਾਂ ਵਿਸ਼ਾ ਅਜੋਕੇ ਸਮੇਂ ਦੀ ਚਰਚਾ ਦਾ ਵਿਸ਼ਾ ਹੀ ਨਹੀਂ, ਬਲਕਿ ਪੰਜਾਬੀ ਭਾਸ਼ਾਂ ਨੂੰ ਤਾਂ, ਜਦੋਂ

ਅੰਗਰੇਜ਼ ਰਾਜ ਪੰਜਾਬ ਵਿਚ ਸਥਾਪਿਤ ਹੋਇਆ, ਉਸ ਸਮੇਂ ਤੋਂ ਹੀ ਕਈ ਤਰ੍ਹਾਂ ਦੇ ਉਤਾਰ-ਚੜ੍ਹਾਅ ਦਾ ਸਾਹਮਣਾ ਕਰਨਾ ਪਿਆ ਹੈ।

1947 ਦੀ ਵੰਡ ਸਮੇਂ ਬਾਹਰੀ ਸਰਹੱਦਾਂ ਦੇ ਨਾਲ ਅੰਦਰੂਨੀ ਸਰਹੱਦਾਂ ਵੀ ਖਿੱਚੀਆਂ ਗਈਆਂ। ਕੁਝ ਰਾਜਾਂ ਦੀਆਂ ਸਰਹੱਦਾਂ ਭਾਸ਼ਾ ਦੇ ਆਧਾਰ ’ਤੇ ਤੈਅ ਹੋਈਆਂ। ਇਹ ਭਾਸ਼ਾ ਦੀ ਤਾਕਤ ਹੈ, ਜੋ ਲੋਕਾਂ ਨੂੰ ਜੋੜ ਕੇ ਰੱਖਦੀ ਤੇ ਰਾਜ ਐਲਾਨਣ ਲਈ ਮਜਬੂਰ ਵੀ ਕਰਦੀ ਹੈ। ਮਗਰੋਂ ਚਾਹੇ ਰਾਜਸੀ ਲੋਭ ਕਾਰਨ ਭਾਸ਼ਾ ਨੂੰ ਨਫੇ ਨੁਕਸਾਨ ਨਾਲ ਹੀ ਤੋਲਣ। ਪੰਜਾਬ ਭਾਸ਼ਾ ਦੇ ਆਧਾਰ ’ਤੇ ਬਣਿਆ ਸੂਬਾ ਹੈ, ਜੋ ਪੰਜਾਬੀ ਬੋਲਣ ਵਾਲੇ ਖੇਤਰ ਨੂੰ ਇਕੱਤਰ ਕਰਕੇ ਬਣਾਇਆ ਗਿਆ। ਜਿਸ ਦਾ ਪਹਿਲੀ ਵਾਰ ਐਲਾਨ 1 ਨਵੰਬਰ 1966 ਵਿਚ ਹੋਇਆ। ਪੰਜਾਬੀ ਸੂਬੇ ਨੂੰ ਲਾਗੂ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਵਿਚ ਕੋਈ ਸਕਾਰਾਤਮਕ ਵਿਕਾਸ ਦੇਖਣ ਨੂੰ ਸਾਹਮਣੇ ਨਹੀਂ ਅਇਆ। ਬੇਸ਼ੱਕ ਮੌਜੂਦਾ ਸਰਕਾਰ ਕਿੰਨੀਂ ਹੀ ਵਾਰ ਲਿਖਤੀ ਹੁਕਮ ਜਾਰੀ ਕਰ ਚੁੱਕੀ ਹੈ। ਪੰਜਾਬ ਸਰਕਾਰ ਨੇ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤੇ। 2008 ਵਿਚ ਪੰਜਾਬ ਰਾਜ ਭਾਸ਼ਾ ਐਕਟ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਲਈ ਸੋਧ ਵੀ ਕੀਤੀ ਗਈ। ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਘੋਸ਼ਿਤ ਕਰ ਦਿੱਤਾ ਗਿਆ ਪਰ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਨਾ ਪ੍ਰਾਪਤ ਹੋਇਆ।

ਹੁਣ ਰਹੀ ਗੱਲ ਵਰਤਮਾਨ ਯੁੱਗ ਵਿੱਚ




ਪੰਜਾਬੀ ਭਾਸ਼ਾ ਦੀਆਂ ਸੰਭਾਵਨਾਵਾਂ ਦੀ, ਤਾਂ ਇਸ ਸੰਬਧੀ ਸੰਖੇਪ ਵਿਚ ਆਖਿਆ ਜਾ ਸਕਦਾ ਹੈ ਕਿ ਸੰਭਾਵਨਾਵਾਂ ਦਾ ਸਰੂਪ ਵਰਤਮਾਨ ਦੀਆਂ ਨੀਹਾਂ ਉੱਤੇ ਹੀ ਉਸਰੇਗਾ। ਜੇਕਰ ਪੰਜਾਬੀ ਧੁਨੀ-ਵਿਉਂਤ, ਸ਼ਬਦ ਜੋੜ ਅਤੇ ਸ਼ਬਦ ਉਚਾਰਨ ਖ਼ਾਸਕਰ ਗੁਰਮੁੱਖੀ ਲਿੱਪੀ ਜੋ ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਲਈ ਅਨੁਕੂਲ ਤੇ ਢੁੱਕਵੀਂ ਲਿੱਪੀ ਹੈ। ਜੇ ਭਾਸ਼ਾ ਦੇ ਨਾਲ-ਨਾਲ ਗੁਰਮੁੱਖੀ ਲਿੱਪੀ ਵੱਲ ਧਿਆਨ ਨਾ ਦਿੱਤਾ ਗਿਆ, ਤਾਂ ਪੰਜਾਬੀ ਭਾਸ਼ਾ ਦੇ ਨਿਵੇਕਲੇ ਅਤੇ ਬਦਲਵੇਂ ਰੂਪ ਵੇਖਣ ਦੀਆਂ ਸੰਭਾਵਨਾਵਾਂ ਪ੍ਰਬਲ ਹੋ ਸਕਦੀਆਂ।

ਬੰਦੂਕਾਂ, ਗੱਡੀਆਂ, ਬੁਲਟਾਂ, ਜੀਨਾਂ, ਲੱਚਰ ਗੀਤਾਂ, ਨਿਵੇਕਲੇ ਹੇਅਰ ਸਟਾਇਲਾਂ ਨੇ ਜਿੱਥੇ ਸਾਨੂੰ ਆਰਥਿਕ ਅਤੇ ਮਨੋਵਿਗਿਆਨਕ ਮੰਦੀ ਵੱਲ ਧਕੇਲਿਆ ਹੈ, ਉੱਥੇ ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਤੋਂ ਵੀ ਬਹੁਤ ਦੂਰ ਕੀਤਾ ਹੈ। ਬੇਸ਼ੱਕ ਪੰਜਾਬੀ ਨੂੰ ਬੋਲਣ ਵਾਲਿਆਂ ਦੀ ਗਿਣਤੀ ਕਰੋੜਾਂ ਵਿਚ ਹੈ, ਫਿਰ ਵੀ ਆਪਣੇ ਟਕਸਾਲੀ ਰੂਪ ਤੋਂ ਦੂਰ ਜਾ ਰਹੀ ਹੈ। ਭਾਵੇਂ ਭਾਸ਼ਾ ਉਪ-ਭਾਸ਼ਾਵਾਂ ਸਦਕਾ ਹੀ ਵਿਕਾਸ ਅਤੇ ਪਸਾਰ ਕਰਦੀ ਹੈ ਪਰ ਕਈ ਵਾਰ ਉਪ-ਭਾਸ਼ਾਵਾਂ ਵੀ ਭਾਸ਼ਾ ਦੇ ਰੂਪ ਨੂੰ ਬਦਲ ਦਿੰਦੀਆਂ ਹਨ।

ਭਾਸ਼ਾ ਦਾ ਵਹਾਉ ਪੀੜ੍ਹੀ-ਦਰ-ਪੀੜ੍ਹੀ ਚੱਲਣਾ ਜ਼ਰੂਰੀ ਹੈ। ਪਰ ਸਾਡੀ ਮਾਨਸਕਿਤਾ ਕੌਮਾਂਤਰੀ ਪ੍ਰਭਾਵ ਨੇ ਜਕੜੀ ਹੋਈ ਹੈ। ਅਜੋਕੇ ਸਮੇਂ ਦੇ ਬੱਚੇ ਭਾਸ਼ਾ ਪ੍ਰਤੀ ਤੰਗ ਨਜ਼ਰੀਆ ਰੱਖਦੇ ਹਨ। ਉਨ੍ਹਾਂ ਦੀ ਮਾਨਸਿਕਤਾ ਨੂੰ ਸਮਾਜਿਕ ਤਾਣਾ-ਬਾਣਾ ਵੀ ਪ੍ਰਭਾਵਤ ਕਰਦਾ ਹੈ। ਅੰਤਰਰਾਸ਼ਟਰੀ ਪੱਧਰ ਉਪਰ ਅਫ਼ਰੀਕਾ, ਆਸਟਰੇਲੀਆ, ਅਮਰੀਕਾ ਤੇ ਏਸ਼ੀਆ ਦੇਸ਼ਾਂ ਵਿਚ ਬਹੁਤ ਭਾਸ਼ਾਵਾਂ ਖਤਮ ਹੋ ਗਈਆਂ ਹਨ। ਕਰੌਸ ਦੇ ਇਕ ਸਰਵੇ ਮੁਤਾਬਕ ਦੁਨੀਆਂ ਵਿਚ 6800 ਭਾਸ਼ਾਵਾਂ ਬੋਲੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ 50 ਫੀਸਦੀ ਅਜਿਹੀਆਂ ਹਨ, ਜੋ ਖਤਮ ਹੋਣ ਦੇ ਕਿਨਾਰੇ ਹੋ ਜਾਣਗੀਆਂ। ਮਾਂ ਬੋਲੀ ਪੰਜਾਬੀ ਦੇ ਹਿਤੈਸ਼ੀਆਂ ਨੂੰ ਇਸ ਗੱਲ ਦੀ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਨਵੀਂ ਪਨੀਰੀ ਇਸ ਤੋਂ ਮੁੱਖ ਮੋੜੀ ਜਾ ਰਹੀ ਹੈ। ਅਸਲ ਵਿਚ ਨਵੀਂ ਪਨੀਰੀ ਦਾ ਕੋਈ ਕਸੂਰ ਨਹੀਂ ਹੈ। ਅਸੀਂ ਤਾਂ ਖੁਦ ਪੰਜਾਬੀ ਹੋ ਕੇ ਵੀ ਆਪਣੇ ਬੱਚਿਆਂ ਨਾਲ ਘਰ ਵਿਚ ਪੰਜਾਬੀ ਬੋਲਣ ਤੋਂ ਗੁਰੇਜ਼ ਕਰ ਰਹੇ ਹਾਂ। ਇਹੋ ਜਿਹੇ ਮਾਹੌਲ ਵਿਚ ਨਵੀਂ ਪਨੀਰੀ ਇਸ ਭਾਸ਼ਾ ਨਾਲ ਕਿਵੇਂ ਜੁੜ ਸਕਦੀ ਹੈ।

ਪੰਜਾਬ ਦਾ ਹਰ ਤੀਸਰਾ ਬੱਚਾ ਆਈਲੈਟਸ ਕਰਕੇ ਵਿਦੇਸ਼ ਭੱਜਣ ਦੀ ਤਿਆਰੀ ਵਿਚ ਹੈ। ਅਜਿਹੇ ਸਮੇਂ ਵਿਚ ਮਾਂ ਬੋਲੀ ਪੰਜਾਬੀ ਦਾ ਹਾਲ

ਬਿਆਨ ਤੋਂ ਬਾਹਰ ਨਹੀਂ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਮਾਤ ਭਾਸ਼ਾ ਨੂੰ ਪੂਰਨ ਰੂਪ ਨਾਲ ਲਾਗੂ ਕਰਨ ਲਈ ਕਈ ਕਾਨੂੰਨ ਬਣਾਏ ਹਨ।

ਪ੍ਰਾਇਮਰੀ ਪੱਧਰ ’ਤੇ ਪੰਜਾਬੀ ਭਾਸ਼ਾ ਠੀਕ ਤਰੀਕੇ ਨਾਲ ਸਿਖਾਈ ਨਹੀਂ ਜਾ ਰਹੀ। ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਬਹੁਤੇ ਵਿਦਿਆਰਥੀ ਸ਼ੁੱਧ ਪੰਜਾਬੀ ਲਿਖਣ ਤੋਂ ਕੋਰੇ ਹਨ।

ਪੰਜਾਬ ਦੇ ਬੁੱਧੀਜੀਵੀਆਂ ਲਈ ਇਹ ਵੇਲਾ ਸਿਰ ਜੋੜ ਵਿਚਾਰ ਕਰਨ ਦਾ ਹੈ। ਜਿਸ ਮਾਂ ਬੋਲੀ ਕਰਕੇ ਦੁਨੀਆਂ ਵਿਚ ਸਾਡੀ ਹੋਂਦ ਕਾਇਮ

ਹੈ, ਉਸਨੂੰ ਪੰਜਾਬ ਵਿਚ ਭੁੱਲਿਆ ਅਤੇ ਰੋਲ਼ਿਆ ਜਾ ਰਿਹਾ ਹੈ।

ਕੈਨੇਡਾ ਅਤੇ ਆਸਟ੍ਰੇਲੀਆਂ ਵਰਗੇ ਦੇਸ਼ਾਂ ਵਿਚ ਪੰਜਾਬੀ ਨੂੰ ਦੂਜੀ ਥਾਂ ਦਿੱਤੀ ਜਾ ਰਹੀ ਹੈ। ਪਰ ਪੰਜਾਬ ਵਿਚ ਇਸਨੂੰ ਆਪਣਾ ਬਣਦਾ ਰੁਤਬਾ ਹਾਸਲ ਨਹੀਂ ਹੋ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਵਿਚ ਮਾਤ ਭਾਸ਼ਾ ਦਾ ਹਰ ਥਾਂ ਪੂਰਾ ਮਾਣ-ਸਨਮਾਨ ਕਾਇਮ ਹੋਵੇ। ਸਾਨੂੰ ਸਾਡੀ ਮਾਨਸਿਕਤਾ ਬਦਲਣ ਦੀ ਲੋੜ ਹੈ। ਆਉ ਅਸੀਂ ਸਾਰੇ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਣੀਏ ਅਤੇ ਰੋਜ਼ਾਨਾ ਦੇ ਜੀਵਨ ਵਿਚ ਇਸ ਨੂੰ ਉੱਚਿਤ ਸਥਾਨ ਅਤੇ ਸਤਿਕਾਰ ਦੇਈਏ।

-ਦਲਵੀਰ 'ਦਿਲ' ਨਿੱਜਰ
916-628-2210



# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ ਸੈਕਰਾਮੈਂਟੋ ਵਿਚ ਹੋ ਰਹੀ 20ਵੀਂ ਅੰਤਰਰਾਸ਼ਟਰੀ ਕਾਨਫਰੰਸ 'ਤੇ ਵਿਸ਼ੇਸ਼

# ਅਜੋਕੇ ਯੁੱਗ ਵਿਚ ਮਾਂ ਬੋਲੀ ਪੰਜਾਬੀ ਦਾ ਸਥਾਨ

***ਲਹੂ ਨਾਲ ਲੱਥ-ਪੱਥ ਸ਼ਬਦਾਂ ਦੀ ਲਾਸ਼ ਹੈ***
***ਹਰਫਾਂ ਨੂੰ ਜ਼ਖਮਾਂ ਦਾ ਬੜਾ ਅਹਿਸਾਸ ਹੈ।***

ਅੱਜ ਪੰਜਾਬੀ ਮਾਂ-ਬੋਲੀ ਦੀ ਹਾਲਤ ਵੀ ਕੁੱਝ ਇਸੇ ਤਰ੍ਹਾਂ ਦੀ ਹੀ ਜਾਪਦੀ ਹੈ। ਮਾਂ ਬੋਲੀ ਪੰਜਾਬੀ ਨੂੰ ਇਨ੍ਹਾਂ ਨੂੰ ਕੱਟਿਆ ਵੱਢਿਆ ਜਾ ਚੁੱਕਾ ਹੈ ਕਿ ਅਸਲੀ ਚਿਹਰਾ ਤੇ ਹਾਵ-ਭਾਵ ਸਭ ਅਲੋਪ ਹੋ ਗਏ ਹਨ। ਹਰ ਸ਼ਬਦ 'ਚੋਂ ਲਹੂ ਸਿੰਮਦਾ ਨਜ਼ਰ ਆ ਰਿਹਾ ਹੈ।

ਪੰਜਾਬੀ ਬੋਲੀ ਜਿਸ ਨੂੰ ਇਹ ਮਾਣ ਪ੍ਰਾਪਤ ਸੀ ਕਿ ਰਿਸ਼ੀਆਂ ਮੁਨੀਆਂ, ਪੀਰਾਂ, ਫਕੀਰਾਂ ਅਤੇ ਗੁਰੂਆਂ ਦੇ ਆਸ਼ੀਰਵਾਦ ਨਾਲ ਜਵਾਨੀ ਦੀਆਂ ਦਹਿਲੀਜ਼ਾਂ 'ਤੇ ਪਹੁੰਚੀ ਸੀ। ਜਿਸ ਬੋਲੀ ਵਿਚ ਅਨੇਕਾਂ ਹੀ ਸਾਹਿਤਕਾਰਾਂ, ਲੇਖਕਾਂ, ਕਵੀਆਂ ਨੇ ਪੰਜਾਬ ਦੀ ਅਤੇ ਪੰਜਾਬੀਆਂ ਦੀ ਇੰਨ-ਬਿੰਨ ਤਰਜ਼ਮਾਨੀ ਕੀਤੀ ਸੀ। ਅੱਜ ਕਿੱਸਾ ਕਾਵਿ, ਗੁਰਮਤਿ ਕਾਵਿ, ਸੂਫੀ ਕਾਵਿ ਪੜ੍ਹਕੇ ਦੇਖੋ, ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਬੋਲੀ ਇਕ ਜ਼ਿੰਦਾ ਦਿਲਾਂ ਦੀ ਬੋਲੀ ਸੀ। ਪਰ ਸਮੇਂ-ਸਮੇਂ ਪੰਜਾਬੀ ਬੋਲੀ ਨੂੰ ਹਰ ਪੱਖ ਤੋਂ ਹੀ ਢਾਹ ਲੱਗਦੀ ਆਈ ਹੈ।

ਅੱਜ ਸਭ ਤੋਂ ਵੱਡੀ ਖਤਰੇ ਦੀ ਘੰਟੀ ਇਹ ਵੱਜ ਰਹੀ ਹੈ ਕਿ ਪੰਜਾਬੀ ਬੋਲੀ ਅਗਲੇ 30-40 ਸਾਲਾਂ 'ਚ ਖਤਮ ਹੋ ਜਾਵੇਗੀ। ਇਸ ਗੱਲ ਨੂੰ ਲੈ ਕੇ ਕਈ ਬੁੱਧੀਮਾਨ ਵੀ ਬਹੁਤ ਹੀ ਬਿਆਨਬਾਜ਼ੀ ਕਰਦੇ ਦੇਖੇ ਗਏ ਹਨ। ਪਰ ਗੱਲ ਸਿਰਫ ਬਿਆਨਬਾਜ਼ੀ ਤੱਕ ਹੀ ਰਹਿ ਜਾਂਦੀ ਹੈ, ਕੋਈ ਯੋਗ ਕਦਮ ਚੁੱਕਣ ਦੀ ਹਿੰਮਤ ਨਹੀਂ ਦੇਖੀ ਗਈ।

ਪੰਜਾਬੀ ਬੋਲੀ ਦੀ ਹੋਂਦ ਹੀ ਟਾਕਰੇ ਵਿਚੋਂ ਹੋਈ ਹੈ। ਜੇ ਪੰਜਾਬੀ ਬੋਲੀ ਦੀ ਥਾਂ ਕੋਈ ਹੋਰ ਬੋਲੀ ਹੁੰਦੀ, ਤਾਂ ਅੱਜ ਕਦੋਂ ਦੀ ਖਤਮ ਹੋ ਗਈ ਹੁੰਦੀ। ਸਭ ਤੋਂ ਪਹਿਲਾਂ ਤਾਂ ਪੰਜਾਬੀ ਬੋਲੀ ਦੀ ਵੱਢ-ਟੁੱਕ ਦੇਸ਼ ਵੰਡ ਸਮੇਂ ਹੋਈ। ਉਸ ਵੇਲੇ ਦੇ ਹਾਲਾਤਾਂ ਦਾ ਵਰਣਨ ਕਰਨ ਲੱਗ ਜਾਈਏ, ਤਾਂ ਅੱਜ ਵੀ ਅੱਖਾਂ ਨਮ ਹੁੰਦੀਆਂ ਹਨ। ਫਿਰ ਉਸ ਤੋਂ ਬਾਅਦ ਪੰਜਾਬੀ ਸੂਬਾ ਬਣ ਗਿਆ, ਉਸ ਵੇਲੇ ਪੰਜਾਬੀ ਨਾਲ ਮਤਰੇਈ ਮਾਂ ਵਾਲਾ ਸਲੂਕ ਹੋਇਆ। ਪਰ ਅੱਜ ਵੀ ਪੰਜਾਬੀ ਦੀ ਤਰੱਕੀ ਲਈ ਕੋਈ ਠੋਸ ਕਦਮ ਨਹੀਂ ਉਠਾਏ ਜਾ ਰਹੇ। ਬੱਸ ਬਿਆਨਬਾਜ਼ੀ ਤੱਕ ਸੀਮਤ ਹੈ। ਜੇ ਸਮੁੱਚੇ ਰੂਪ ਵਿਚ ਅਸੀਂ ਇਹ ਦੇਖੀਏ ਕਿ ਅਸੀਂ ਭੁੱਲ ਕਿੱਥੇ ਕੀਤੀ ਹੈ ਤੇ ਕਿਸ ਨੇ ਕੀਤੀ ਹੈ। ਫਿਰ ਤਾਂ ਇਕ ਦੂਜੇ ਨੂੰ ਦੋਸ਼ ਦੇਣ ਤੋਂ ਸਿਵਾਏ ਕੁੱਝ ਹੱਥ ਨਹੀਂ ਆਉਣਾ। ਸਭ ਤੋਂ ਪਹਿਲਾਂ ਜੇ ਇਹ ਦੇਖੀਏ ਕਿ ਸਰਕਾਰਾਂ ਨੇ ਕੀ ਰੋਲ ਅਦਾ ਕੀਤਾ, ਤਾਂ ਇਹ ਮੰਨ ਲਵੋ ਕਿ ਇਸ ਸੰਦਰਭ ਵਿਚ ਬਹੁਤ ਹੀ ਨਾਂਹ-ਪੱਖੀ ਰੋਲ ਰਿਹਾ ਹੈ। ਚਾਹੇ ਉਹ ਸ਼ੇਰੇ-ਪੰਜਾਬ ਦੇ ਰਾਜ ਦੀ ਗੱਲ ਕਰੀਏ, ਅੰਗਰੇਜ਼ ਸਾਮਰਾਜ ਦੀ ਜਾਂ ਕਾਂਗਰਸ ਅਤੇ ਅਕਾਲੀਆਂ ਦੇ ਰਾਜ ਦੀ ਗੱਲ ਹੋਵੇ। ਲੀਡਰਾਂ ਨੇ ਤਾਂ ਪੰਜਾਬੀ ਬੋਲੀ ਦੇ ਲਿਬਾਸ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ:

"ਬੋਲਣ ਬੋਲੀ ਜੋ ਮੀਡੀਏ ਅੱਗੇ
ਉਹ ਮਾਂ ਬੋਲੀ ਤੋਂ ਵੱਖਰੀ ਹੈ
ਫਿਰ ਪਤਾ ਨਹੀਂ ਦਰਦ ਇਨ੍ਹਾਂ ਦੇ
ਕਿਉਂ ਮਾਂ ਬੋਲੀ ਲਈ ਉੱਠਦਾ ਹੈ।"

ਜਦੋਂ ਕੈਮਰੇ ਅੱਗੇ ਖੜਕੇ ਮਾਂ ਬੋਲੀ ਬੋਲਣ ਲੱਗਿਆਂ ਸ਼ਰਮ ਮਹਿਸੂਸ ਹੋਣ ਲੱਗੇ, ਤਾਂ ਸਮਝੋ ਫਿਰ ਮਾਂ ਬੋਲੀ ਅਤੇ ਮਾਂ ਦੋਵਾਂ ਦੀ ਹੀ ਦੁਰਦਸ਼ਾ ਹੋਵੇਗੀ। ਅੱਜ ਤੱਕ ਦੇਸ਼ ਆਜ਼ਾਦ ਹੋਣ ਤੋਂ ਬਾਅਦ ਇਹੋ ਕੁੱਝ ਹੀ ਹੋਇਆ ਹੈ। ਸਭ ਤੋਂ ਪਹਿਲਾਂ ਸਾਡੀਆਂ ਸਰਕਾਰਾਂ ਨੇ ਸਾਡੀ ਮਾਂ ਬੋਲੀ ਪੰਜਾਬੀ ਨੂੰ ਤਬਾਹ ਕੀਤਾ, ਫਿਰ ਸਾਡਾ ਸੱਭਿਆਚਾਰ ਤੇ ਸਮਾਜ ਅਤੇ ਹੁਣ ਪੰਜਾਬ ਵੀ ਤਬਾਹੀ ਦੇ ਕੰਢੇ 'ਤੇ ਹੈ।

ਪਿਛਲੇ 30-40 ਸਾਲਾਂ ਤੋਂ ਪੰਜਾਬ ਵਿਚ ਅੰਗਰੇਜ਼ੀ ਸਕੂਲਾਂ ਦਾ ਬੋਲਬਾਲਾ ਹੋਣਾ ਵੀ ਇਕ ਕਾਰਨ ਹੈ। 1980 ਤੱਕ ਇਹ ਗੱਲੋਂ ਲੱਗਪਗ ਤਹਿ ਹੋ ਗਈ ਸੀ ਕਿ ਜੇ ਇੰਗਲੈਂਡ, ਕੈਨੇਡਾ ਜਾਣਾ ਹੈ, ਤਾਂ ਅੰਗਰੇਜ਼ੀ ਜ਼ਰੂਰੀ ਆਉਣੀ ਚਾਹੀਦੀ ਹੈ। ਇਸੇ ਸਾਜ਼ਿਸ਼ ਅੰਦਰ ਹੀ ਸਰਕਾਰਾਂ ਨੇ ਘਟੀਆ ਕਿਸਮ ਦੇ ਅੰਗਰੇਜ਼ੀ ਸਕੂਲਾਂ ਨੂੰ ਮਾਨਤਾ ਦਿੱਤੀ। ਬਹੁਤੇ ਤਾਂ ਬਿਨਾਂ ਕਿਸੇ ਮਾਨਤਾ ਦੇ ਹੀ ਚੱਲ ਰਹੇ ਹਨ। ਸਰਕਾਰੀ ਸਕੂਲਾਂ ਦੀ ਘਟੀਆ ਕਾਰਗੁਜ਼ਾਰੀ ਵੀ ਇਕ ਵੱਡਾ ਕਾਰਨ ਸੀ। ਹੌਲੀ-ਹੌਲੀ ਹਰ ਪੰਜਾਬੀ ਨੂੰ ਇਹ ਲੱਗਾ ਕਿ ਮੇਰੇ ਬੱਚੇ ਅੰਗਰੇਜ਼ੀ ਕਰਕੇ ਕਿਤੇ ਬਾਹਰ ਜਾਣ ਤੋਂ ਨਾ ਰਹਿ ਜਾਣ। ਫਿਰ ਸ਼ੁਰੂ ਹੋ ਗਈ ਪੰਜਾਬੀਆਂ ਦੀ ਭੇਡ ਚਾਲ ਵਾਲੀ ਗੱਲ ਕਿ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ' ਪਰ ਇਸ ਅੰਗਰੇਜ਼ੀ ਸਿੱਖਣ ਸਿਖਾਉਣ ਵਿਚ ਸਾਡਾ ਪ੍ਰਵਾਸੀਆਂ ਦਾ ਵੀ ਵੱਡਾ ਹੱਥ ਹੈ। ਜਦੋਂ ਫੋਨ 'ਤੇ ਬਾਪੂ ਤੇ ਬੇਬੇ ਨੂੰ ਇਹ ਕਿਹਾ ਜਾਂਦਾ ਸੀ ਕਿ ਛੋਟੇ ਭਰਾ ਜਾਂ ਛੋਟੀ ਭੈਣ ਨੂੰ ਅੰਗਰੇਜ਼ੀ ਸਕੂਲੇ ਪੜ੍ਹਨ ਪਾ ਦਿਉ। ਉਥੇ ਅਸੀਂ ਬੱਚਿਆਂ ਨੂੰ ਮਾਨਸਿਕ ਤੌਰ 'ਤੇ ਪਿੰਡ ਦੇ ਪੰਜਾਬੀ ਬੋਲਣ ਵਾਲੇ ਬੱਚਿਆਂ ਤੋਂ ਅਲੱਗ ਕਰ ਦਿੱਤਾ। ਹੌਲੀ-ਹੌਲੀ ਇਹ ਪਾੜਾ ਬੱਚਿਆਂ ਦੀ ਮਾਨਸਿਕਤਾ ਵਿਚ ਵੱਧਦਾ ਗਿਆ ਤੇ ਸਾਡੇ ਪਿੰਡ ਹੀ ਨਹੀਂ, ਗਲੀ ਹੀ ਨਹੀਂ, ਘਰ ਵਿਚ ਵੀ ਦੋ ਤਰ੍ਹਾਂ ਦਾ ਮਾਹੌਲ ਸਿਰਜ ਹੋ ਗਿਆ। ਅੰਗਰੇਜ਼ੀ ਵਾਲਾ ਤੇ ਪੰਜਾਬੀ ਵਾਲਾ। ਇਸੇ ਮਾਹੌਲ ਨੂੰ ਲੈ ਕੇ ਕਈ ਪਰਿਵਾਰਾਂ ਵਿਚ ਵੰਡ ਵੀ ਹੋਈ। ਬੱਚਿਆਂ ਦੀਆਂ ਲੋਕ ਖੇਡਾਂ ਵਿਚ ਫਰਕ ਪੈਣ ਲੱਗ ਪਿਆ।

ਇਸ ਤੋਂ ਬਾਅਦ ਇਕ ਹੋਰ ਜੋ ਬਹੁਤ ਹੀ ਵੱਡਾ ਕਾਰਨ ਮੈਨੂੰ ਜਾਪਦਾ ਹੈ ਕਿ ਸਾਡੇ ਅਧਿਆਪਕ ਆਪਣੀ ਨੈਤਿਕਤਾ ਤੋਂ ਗਿਰਦੇ ਜਾ ਰਹੇ ਸੀ। ਬਹੁਤ ਹੀ ਇਹੋ ਜਿਹੇ ਕਿੱਸੇ ਕਹਾਣੀਆਂ ਸਾਹਮਣੇ ਆਉਣ ਲੱਗੀਆਂ, ਜਿੱਥੇ ਇਹ ਮਹਿਸੂਸ ਹੋਣ ਲੱਗਾ ਕਿ ਸਰਕਾਰੀ ਅਧਿਆਪਕ ਹੁਣ ਬੱਚਿਆਂ ਨੂੰ ਸਿੱਖਿਆ ਦੇਣ ਦੇ ਸਮਰੱਥ ਨਹੀਂ ਰਹੇ। ਬੱਚਿਆਂ ਨੂੰ ਗੁੰਮਰਾਹ ਕਰਨ ਦੀਆਂ ਘਟਨਾਵਾਂ ਵੱਧ ਗਈਆਂ। ਪਰ ਇਸ ਦੇ ਨਾਲ ਮਾਪਿਆਂ ਨੂੰ ਇਹ ਮਹਿਸੂਸ ਹੋਇਆ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਕੁੱਝ ਨਹੀਂ ਆਉਂਦਾ ਜਾਂਦਾ ਅਤੇ ਸਰਕਾਰੀ ਅਧਿਆਪਕ ਤਾਂ ਤਨਖਾਹ ਲੈਣ ਹੀ ਆਉਂਦੇ ਹਨ। ਕਿਸੇ ਹੱਦ ਤੱਕ ਨਹੀਂ, ਬਹੁਤ ਹੱਦ ਤੱਕ ਇਹ ਸਹੀ ਵੀ ਹੈ। ਅੱਜ ਜਿੰਨੀ ਸੱਟ ਪੰਜਾਬੀ ਬੋਲੀ ਨੂੰ ਸਾਡੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਮਾਰੀ ਹੈ, ਕਿਸੇ ਨੇ ਵੀ ਮਾਰੀ ਨਹੀਂ ਹੋਣੀ। ਦਸਵੀਂ ਕਲਾਸ ਦਾ ਬੱਚਾ ਇਕ ਚਿੱਠੀ ਨਹੀਂ ਪੜ੍ਹ ਸਕਦਾ, ਲਿਖਣ ਦੀ ਗੱਲ ਬਹੁਤ ਦੂਰ ਦੀ ਹੈ।

ਇਸ ਦੇ ਨਾਲ-ਨਾਲ ਸਾਡੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦਾ ਵੀ ਕੋਈ ਹਾਂ-ਪੱਖੀ ਰੋਲ ਨਹੀਂ ਰਿਹਾ ਪੰਜਾਬੀ ਬੋਲੀ ਦੇ ਸੁਧਾਰ ਲਈ ਜਾਂ ਪੰਜਾਬੀ ਬੋਲੀ ਨੂੰ ਯੋਗ ਸਥਾਨ ਦਿਵਾਉਣ ਲਈ। ਪਿਛਲੇ 20 ਸਾਲਾਂ 'ਚ ਭਾਵੇਂ ਸਰਕਾਰਾਂ ਨੇ ਇਕ ਕੰਮ ਸ਼ਲਾਘਾਯੋਗ ਕੀਤਾ ਕਿ ਅਧਿਆਪਕਾਂ ਦੀਆਂ ਤਨਖਾਹਾਂ ਵਿਚ ਮਣਾਂ-ਮੂੰਹੀਂ ਵਾਧਾ ਕੀਤਾ। ਇਹ ਚੰਗੀ ਗੱਲ ਵੀ ਹੈ ਪਰ ਤਨਖਾਹਾਂ ਵਧਾਉਣ ਨਾਲ ਜੇ ਕਿਤੇ ਅਧਿਆਪਕਾਂ ਦੀ ਘਟੀਆ ਸੋਚ ਤੇ ਨੈਤਿਕਤਾ ਵਿਚ ਵੀ ਵਾਧਾ ਹੋ ਜਾਵੇ, ਤਾਂ ਫਿਰ ਤਨਖਾਹਾਂ ਹੋਰ ਵਧਾਉਣੀਆਂ ਚਾਹੀਦੀਆਂ ਹਨ। ਪਰ ਅੱਜ ਸਿੱਟੇ ਬਿਲਕੁਲ ਇਸ ਦੇ ਉਲਟ ਆ ਰਹੇ ਹਨ। ਅੱਜ ਅਧਿਆਪਕਾਂ ਦੀਆਂ ਤਨਖਾਹਾਂ ਇੰਨੀਆਂ ਜ਼ਿਆਦਾ ਹਨ ਕਿ ਹਰ ਅਧਿਆਪਕ ਹੀ ਬਿਜ਼ਨਸਮੈਨ ਬਣ ਗਿਆ ਹੈ।

ਜਿਹੜੀ ਗੱਲ ਅੰਗਰੇਜ਼ੀ ਸਕੂਲਾਂ ਦੀ 1980 ਦੇ ਕਰੀਬ ਸ਼ੁਰੂ ਹੋਈ ਸੀ, ਅੱਜ ਉਹੀ ਪਨੀਰੀ ਸਭ ਤੋਂ ਵੱਧ ਪੰਜਾਬੀ ਬੋਲੀ ਤੋਂ ਅਨਜਾਣ ਹੈ। ਅੱਜ ਉਹੀ ਪਨੀਰੀ ਇੱਕ ਬਹੁਤ ਵੱਡਾ ਪਾੜਾ ਬਣੀ ਹੈ। ਇਹਦੇ ਵਿਚ ਉਨ੍ਹਾਂ ਬੱਚਿਆਂ ਦਾ ਕਸੂਰ ਘੱਟ ਹੈ, ਸਾਡਾ ਜ਼ਿਆਦਾ ਹੈ। ਅੱਜ ਉਹੀ ਪਨੀਰੀ ਜਵਾਨ ਹੋ ਗਈ ਹੈ ਤੇ ਅੱਜ 50% ਉਹ ਹੀ ਲੋਕ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਕਹਿ ਰਹੇ ਹਨ। ਪਰਦੇਸਾਂ ਵਿਚ ਨਾ ਕਿ ਆਪਣੇ ਦੇਸ਼ ਵਿਚ ਇਹ ਗੱਲ ਹੈ।

ਅੱਜ ਲੋੜ ਹੈ ਸਾਨੂੰ ਬਹੁਤ ਭਾਸ਼ਾਈ ਤਰੀਕਾ ਅਪਣਾਉਣ ਦੀ, ਤਾਂ ਕਿ ਇਕੋ ਸਮੇਂ ਬੱਚਿਆਂ ਨੂੰ ਪੰਜਾਬੀ ਬੋਲੀ ਅਤੇ ਵਿਦੇਸ਼ੀ ਭਾਸ਼ਾ ਦਾ ਗਿਆਨ ਦਿੱਤਾ ਜਾ ਸਕੇ। ਉਹਦੇ ਲਈ ਸਾਨੂੰ ਹਰ ਤਰ੍ਹਾਂ ਦੇ ਸਾਧਨ ਵਰਤਣੇ ਚਾਹੀਦੇ ਹਨ। ਸਭ ਤੋਂ ਪਹਿਲਾਂ ਤਾਂ ਯੋਗ ਅਧਿਆਪਕਾਂ ਦੀ ਨਿਯੁਕਤੀ ਹੋਣੀ ਚਾਹੀਦੀ ਹੈ। ਸਰਕਾਰੀ ਸਕੂਲਾਂ ਦਾ ਮਿਆਰ ਉਪਰ ਚੁੱਕਣ ਲਈ ਉਪਰਾਲੇ ਬਹੁਤ ਜ਼ਰੂਰੀ ਹਨ। ਸਾਨੂੰ ਇਹ ਨਹੀਂ ਕਹਿਣਾ ਜਾਂ ਸੋਚਣਾ ਚਾਹੀਦਾ ਕਿ ਸਰਕਾਰੀ ਸਕੂਲਾਂ ਵਿਚ ਤਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਬੱਚੇ ਹੀ ਪੜ੍ਹਦੇ ਹਨ। ਕਿਸੇ ਵੀ ਸੂਬੇ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਨ ਪਰ ਪੜ੍ਹਾਈ ਯੋਗ ਤਰੀਕੇ ਨਾਲ ਹੋਣੀ ਚਾਹੀਦੀ ਹੈ।

ਅੰਤ ਵਿਚ ਇਹ ਗੱਲ ਵੀ ਸੋਚ ਵਿਚਾਰ ਵਾਲੀ ਹੈ ਕਿ ਪੰਜਾਬੀ ਦਾ ਹਸ਼ਰ ਕੀ ਹੋਵੇਗਾ, ਕੀ ਪੰਜਾਬੀ ਖਤਮ ਹੋ ਜਾਵੇਗੀ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਪੰਜਾਬ ਤੋਂ ਖਤਮ ਕਰਨ ਲਈ ਹਰ ਹੀਲਾ ਵਸੀਲਾ ਵਰਤਿਆ ਗਿਆ ਹੈ ਅਤੇ ਵਰਤਿਆ ਜਾਵੇਗਾ। ਪਰ ਪੰਜਾਬੀਓ ਡਰਦੇ ਕਿਉਂ ਹੋ, ਜਿਸ ਪੰਜਾਬ ਨੇ ਸਿਰ ਆਪਣੇ 'ਤੇ ਇੱਡੇ ਵੱਡੇ ਝੱਖੜ ਝੱਲੇ, ਸੀਨੇ 'ਤੇ ਆਪਣਿਆਂ ਤੇ ਗੈਰਾਂ ਦੇ ਡੂੰਘੇ ਫੱਟ ਸਹਿ ਲਏ, ਜਿਹੜਾ ਪੰਜਾਬ ਗੁਰੂਆਂ ਦੇ ਨਾਂ 'ਤੇ ਜਿਊਂਦਾ ਹੈ, ਉਸ ਪੰਜਾਬ ਦੀ ਨੁਹਾਰ ਅਤੇ ਪੰਜਾਬੀਅਤ ਦੀ ਆਨ, ਸ਼ਾਨ ਤੇ ਮਾਂ ਬੋਲੀ ਪੰਜਾਬੀ ਨੂੰ ਪਿਛਲੇ 20 ਸਾਲਾਂ ਵਿਚ ਜੋ ਆਕਸੀਜਨ ਪ੍ਰਵਾਸੀਆਂ ਨੇ ਵਿਦੇਸ਼ਾਂ ਵਿਚ ਦਿੱਤੀ ਹੈ, ਉਸ ਦੇ ਸਹਾਰੇ ਪੰਜਾਬੀ ਬੋਲੀ ਇੰਨੀ ਜਲਦੀ ਨਹੀਂ ਮਰਦੀ, ਜਿੰਨੀ ਜਲਦੀ ਯੂਨੈਸਕੋ ਵਾਲੇ ਕਹਿ ਰਹੇ ਹਨ। ਮੇਰੇ ਖਿਆਲ ਅਨੁਸਾਰ ਤਾਂ ਕਦੇ ਵੀ ਨਹੀਂ ਮਰਨੀ। ਜਦੋਂ ਤੱਕ ਦੁਨੀਆਂ 'ਤੇ ਕੋਈ ਵੀ ਪੰਜਾਬੀ ਜਿਊਂਦਾ ਰਹੇਗਾ, ਉਦੋਂ ਤੱਕ ਪੰਜਾਬੀ ਬੋਲੀ ਸਾਹ ਭਰਦੀ ਰਹੇਗੀ। ਪਰ ਇਸ ਤੋਂ ਉਪਰ ਪੰਜਾਬੀਓ ਜਦੋਂ ਤੱਕ ਜੁੱਗੋ-ਜੁੱਗ ਅਟੱਲ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਹੋਂਦ ਰਹੇਗੀ, ਉਦੋਂ ਤੱਕ ਪੰਜਾਬੀ ਪੜ੍ਹੀ ਤੇ ਬੋਲੀ ਜਾਂਦੀ ਰਹੇਗੀ।

'ਸੁਣੋ ਪੰਜਾਬੀ ਵੀਰੋ ਪੰਜਾਬੀ ਦਿਲ 'ਚੋਂ ਕੱਢਿਓ ਨਾ
ਸਾਡੇ ਵਿਹੜੇ ਸੱਖਣੇ ਹੋ ਜਾਣੇ ਪੜ੍ਹਨਾ ਲਿਖਣਾ ਛੱਡਿਓ ਨਾ
ਇੰਗਲਿਸ਼, ਚੀਨੀ ਜਾਂ ਸਪੈਨਿਸ਼ ਲੱਖ ਹੀ ਸਿੱਖ ਲਵੋ
ਪਰ ਮਾਂ ਬੋਲੀ ਪੰਜਾਬੀ ਨੂੰ ਕਦੇ ਦਿਲ 'ਚੋਂ ਕੱਢਿਓ ਨਾ।'



## ਮਾਂ ਜਾਈ ਬੋਲੀ

ਤੂੰ ਸੋਹਣੀ ਮੈਨੂੰ ਲੱਗਦੀ ਏਂ
ਜਦ ਬੁੱਲ੍ਹਾਂ ਵਿਚੋਂ ਕਿਰਦੀ ਏਂ
ਤੂੰ ਲੱਗਦੀ ਸ਼ਿੰਗਾਰੀ ਡੋਲੀ ਏਂ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਦੀ ਬੋਲੀ ਏ।

ਤੂੰ ਸਾਡਿਆਂ ਘਰਾਂ 'ਚ ਮੱਘਦੀ ਏਂ
ਤੂੰ ਹਰ ਦਮ ਦਿਲ ਵਿਚ ਜੱਗਦੀ ਏਂ
ਤੂੰ ਮਿੱਠੜੇ ਦੀਵੇ ਦੀ ਕੌਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਤੂੰ ਮੇਰੀ ਮਾਂ ਦੀ ਬੋਲੀ ਏ।

ਤੂੰ ਪੈਰ ਪਸਾਰੇ ਜੱਗ ਵਿਚ ਨੇ
ਹੈ ਹਰ ਕੋਈ ਤੇਰੀ ਖਿੱਚ ਵਿਚ ਨੇ
ਤੇਰੀ ਹੋਂਦ 'ਚ ਸਾਡੀ ਟੋਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਦੀ ਬੋਲੀ ਏ।

ਤੇਰੇ ਨਾਲ ਤਾਂ ਸਾਡੀ ਪਛਾਣ ਏ
ਤੇਰੇ ਨਾਲ ਹੀ ਇਹ ਜਹਾਨ ਏ
'ਗੁਰਜਤਿੰਦਰ' ਖੁਦ ਬੈਠਾ ਜਿਸ ਦੀ ਝੋਲੀ ਏ
ਹੋਰ ਨਹੀਂ ਕੋਈ ਹੋ ਸਕਦੀ
ਉਹ ਮੇਰੀ ਮਾਂ ਜਾਈ ਬੋਲੀ ਏ।

-ਗੁਰਜਤਿੰਦਰ ਸਿੰਘ ਰੰਧਾਵਾ,
ਸੈਕਰਾਮੈਂਟੋ
916-320-9444



## ਗਜ਼ਲ

ਲਹੂ ਨਾਲ ਲੱਥ ਪੱਥ ਸ਼ਬਦਾਂ ਦੀ ਲਾਸ਼ ਹੈ,
ਜ਼ਖ਼ਮਾਂ ਦਾ ਹਰਫ਼ਾਂ ਨੂੰ ਬੜਾ ਅਹਿਸਾਸ ਹੈ।
ਮਿੰਝਿਆ ਹੋਇਆ ਬਦਨ ਹਰਿਕ ਵਾਕ ਦਾ
ਲੀਰੋ-ਲੀਰ ਹੋ ਗਿਆ ਬੋਲੀ ਦਾ ਲਿਬਾਸ ਹੈ।
ਲਗਾਂ ਤੇ ਮਾਤਰਾ ਲਾਈਆਂ ਤੇ ਲਾਹੀਆਂ ਵੀ
ਮਿਲਿਆ ਨਾ ਇਨ੍ਹਾਂ ਕੋਲੋਂ ਕੋਈ ਧਰਵਾਸ ਹੈ।
ਬੜੇ ਹੀ ਉਜਾਲੇ ਕੀਤੇ ਸ਼ਬਦ-ਚਿਰਾਗ ਬਾਲ,
ਬੱਝੀ ਨਾ ਨੇਰਿਆਂ 'ਚ ਰੌਸ਼ਨੀ ਦੀ ਆਸ ਹੈ।
ਅਮਨ ਲਿਆਉਣ ਲਈ ਬਾਰੂਦ ਬੜਾ ਝੋਕਿਆ
ਸ਼ਬਦਾਂ ਥੀਂ ਅਮਨ ਹੋਊ ਪੂਰਾ ਵਿਸ਼ਵਾਸ ਹੈ।
ਟੁੱਕੀ ਹੋਈ ਜੀਭ ਹੈ ਤੇ ਬੁੱਲ੍ਹ ਵੀ ਨੇ ਕੰਬਦੇ
ਕਰ ਨਾ ਹੋਇਆ ਕੁਝ ਜ਼ਿੰਦਗੀ 'ਚ ਖਾਸ ਹੈ।
ਮਰ ਗਈਆਂ ਗ਼ਜ਼ਲਾਂ ਤੇ ਕਵਿਤਾ ਕਹਾਣੀਆਂ
ਗੀਤਾਂ ਦਾ ਹਾਲ ਦੇਖ ਰੋਂਦੀ ਕਾਇਨਾਤ ਹੈ।
ਸਾਡੇ ਕੁਝ ਕਵੀਆਂ ਨੰਗੇਜ਼ ਤੇ ਲਚਰ ਲਿੱਖ,
ਮਾਂ ਬੋਲੀ ਪੰਜਾਬੀ ਦਾ ਨੋਚ ਲਿਆ ਮਾਸ ਹੈ।
ਸਮੇਂ ਦਿਆਂ ਹਾਕਮਾਂ ਸੋਨੇ ਮੜੀ ਚੂੰਝ ਨਾਲ
ਪੰਜਾਬ 'ਚ ਪੰਜਾਬੀ ਨੂੰ ਦਿੱਤਾ ਬਨਵਾਸ ਹੈ।
ਗਈ ਏ ਝਰੀਟੀ ਰੂਹ ਕਿਹਦੇ ਕੋਲੋਂ ਕੀ ਪਤਾ,
ਕਲਮਾਂ ਦਾ ਮੁੱਖ 'ਦਿਲਾ' ਘੋਰ ਉਦਾਸ ਹੈ।

-ਦਲਵੀਰ 'ਦਿਲ'
916-628-2210



# APCA ਵੱਲੋਂ 10ਵਾਂ ਸਾਲਾਨਾ ਟਰੇਡ ਸ਼ੋਅ ਕਾਮਯਾਬੀ ਨਾਲ ਹੋਇਆ ਸੰਪੰਨ























**ਫਰਿਜ਼ਨੋ, (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕਨਵੀਨੀਅੰਸ ਸਟੋਰ ਐਸੋਸੀਏਸ਼ਨ (APCA) ਵੱਲੋਂ ਆਪਣਾ 10ਵਾਂ ਸਾਲਾਨਾ ਟਰੇਡ ਸ਼ੋਅ ਫਰਿਜ਼ਨੋ ਵਿਖੇ ਕਾਮਯਾਬੀ ਨਾਲ ਕਰਵਾਇਆ ਗਿਆ। ਇਸ ਵਿਚ 125 ਤੋਂ ਵੱਧ ਵੈਂਡਰ ਪਹੁੰਚੇ, ਜਿਨ੍ਹਾਂ ਨੇ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਾਂ ਬਾਰੇ ਆਏ ਸਟੋਰ ਮਾਲਕਾਂ ਨੂੰ ਜਾਣਕਾਰੀ ਦਿੱਤੀ। APCA ਦੇ ਚੇਅਰਮੈਨ ਵੱਲੋਂ ਰੀਬਨ ਕੱਟ ਕੇ ਟਰੇਡ ਸ਼ੋਅ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਮੂਹ ਮੈਂਬਰ ਅਤੇ ਅਹੁਦੇਦਾਰ ਵੀ ਹਾਜ਼ਰ ਸਨ। ਕੈਲੀਫੋਰਨੀਆ ਭਰ ਤੋਂ ਸਟੋਰ ਮਾਲਕ ਇਸ ਟਰੇਡ ਸ਼ੋਅ ਵਿਚ ਪਹੁੰਚੇ। ਇਸ ਮੌਕੇ ਰੈਫਰਲ ਇਨਾਮ ਵੀ ਕੱਢੇ ਗਏ। ਸ਼ਾਮ ਨੂੰ ਲਾਈਵ ਸ਼ੋਅ ਕਰਵਾਇਆ ਗਿਆ, ਜਿਸ ਦੌਰਾਨ ਨਾਮਵਰ ਗਾਇਕ ਮਿਸ ਪੂਜਾ ਅਤੇ ਸਤਿੰਦਰ ਸੱਤੀ ਨੇ ਆਪਣੀ ਗਾਇਕੀ ਰਾਹੀਂ ਆਏ ਹੋਏ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ। ਕੁੱਲ ਮਿਲਾ ਕੇ ਇਹ ਟਰੇਡ ਸ਼ੋਅ ਪੂਰੀ ਤਰ੍ਹਾਂ ਕਾਮਯਾਬ ਰਿਹਾ।

Photos By Day 'N' Night Studio, Fresno

# ਉਦੈ ਰਾਜ ਕਾਹਲੋਂ ਤੇ ਅਮਨਦੀਪ ਕੌਰ ਵਿਆਹ ਬੰਧਨ ਵਿਚ ਬੱਝੇ



## ■ ਕਾਹਲੋਂ ਅਤੇ ਚੰਦੀ ਪਰਿਵਾਰਾਂ ਵਿਚ ਖੁਸ਼ੀ ਦਾ ਮਾਹੌਲ



































ਕੈਲੀਫੋਰਨੀਆ ਦੀ ਉੱਘੀ ਸ਼ਖਸੀਅਤ ਅਤੇ ਪਿਸਤਾ ਕਿੰਗ ਵਜੋਂ ਜਾਣੇ ਜਾਂਦੇ ਮਨਰਾਜ ਕਾਹਲੋਂ ਅਤੇ ਜੀਨਾ ਕਾਹਲੋਂ ਦੇ ਸਪੁੱਤਰ ਉਦੈ ਰਾਜ ਸਿੰਘ ਕਾਹਲੋਂ ਦਾ ਸ਼ੁੱਭ ਅਨੰਦ ਕਾਰਜ ਸਦਰਨ ਕੈਲੀਫੋਰਨੀਆ ਦੇ ਉੱਘੇ ਬਿਜ਼ਨਸਮੈਨ ਅਤੇ ਪੈਟਰੋਲੀਅਮ ਕਿੰਗ ਵਜੋਂ ਜਾਣੇ ਜਾਂਦੇ ਨਛੱਤਰ ਸਿੰਘ ਚੰਦੀ ਅਤੇ ਸੁਜਾਨਾ ਕੌਰ ਚੰਦੀ ਦੀ ਸਪੁੱਤਰੀ ਅਮਨਦੀਪ ਕੌਰ ਨਾਲ ਪੂਰਨ ਗੁਰਮਰਿਆਦਾ ਅਨੁਸਾਰ ਹੋਇਆ। ਇਸ ਮੌਕੇ ਵਿਸ਼ਵ ਭਰ ਤੋਂ ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਪੰਜ ਦਿਨ ਚੱਲੇ ਇਸ ਵਿਆਹ ਸਮਾਗਮ ਵਿਚ ਕਾਹਲੋਂ ਅਤੇ ਚੰਦੀ ਪਰਿਵਾਰ ਨੇ ਵਿਆਹ ਦੀਆਂ ਸਾਰੀਆਂ ਰਸਮਾਂ ਬੜੇ ਸੁਚੱਜੇ ਢੰਗ ਨਾਲ ਨਿਭਾਈਆਂ।

ਇਸ ਵਿਆਹ ਵਿਚ ਇਕ ਖਾਸ ਗੱਲ ਇਹ ਸੀ ਕਿ ਲੜਕੀ ਅਮਨਦੀਪ ਕੌਰ ਦੇ ਪਿਤਾ ਨਛੱਤਰ ਸਿੰਘ ਚੰਦੀ ਨੇ ਲਾਵਾਂ ਖੁਦ ਪੜ੍ਹੀਆਂ। ਇਸ ਮੌਕੇ ਮਨਰਾਜ ਸਿੰਘ ਕਾਹਲੋਂ ਨੇ ਨਵ-ਵਿਆਹੀ ਜੋੜੀ ਨੂੰ ਰੋਲਸ ਰਾਇਸ ਕਾਰ ਤੋਹਫੇ ਵਜੋਂ ਦਿੱਤੀ।

ਇਸ ਦੌਰਾਨ ਨਾਮਵਰ ਗਾਇਕ ਮਲਕੀਤ ਸਿੰਘ ਗੋਲਡਨ ਸਟਾਰ ਅਤੇ ਪਰਮੀਸ਼ ਵਰਮਾ ਨੇ ਗਾਇਕੀ ਰਾਹੀਂ ਆਏ ਮਹਿਮਾਨਾਂ ਦਾ ਖੂਬ ਮਨੋਰੰਜਨ ਕੀਤਾ। ਗਾਇਕ ਮਲਕੀਤ ਸਿੰਘ ਚਾਰੇ ਦਿਨ ਵਿਆਹ ਵਿਚ ਸ਼ਾਮਲ ਹੋਏ।







# ਐੱਫ.ਬੀ.ਆਈ. ਸੈਕਰਾਮੈਂਟੋ ਵੱਲੋਂ ਫਿਰੌਤੀ ਮੰਗਣ ਦੇ ਮਾਮਲਿਆਂ ਵਿਚ ਭਾਰਤੀਆਂ ਸਮੇਤ ਆਮ ਲੋਕਾਂ ਨੂੰ ਅੱਗੇ ਆ ਕੇ ਰਿਪੋਰਟ ਲਿਖਵਾਉਣ ਦੀ ਅਪੀਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਸੈਕਰਾਮੈਂਟੋ ਖੇਤਰੀ ਦਫਤਰ ਨੇ ਇਕ ਜਨਤਕ ਬਿਆਨ 'ਚ ਫਿਰੌਤੀ ਮਾਮਲੇ ਜੋ ਪਰਿਵਾਰਕ ਮੈਂਬਰਾਂ ਜਾਂ ਭਾਰਤੀ ਕਾਰੋਬਾਰੀਆਂ ਨੂੰ ਪ੍ਰਭਾਵਿਤ ਕਰ ਰਹੇ ਹਨ, ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਬਿਆਨ ਵਿਚ ਕਿਹਾ ਹੈ ਕਿ ਐੱਫ.ਬੀ.ਆਈ. ਦਾ ਖੇਤਰੀ ਦਫਤਰ ਆਪਣੇ ਸਮੁੱਚੇ 34-ਕਾਊਂਟੀ ਖੇਤਰ ਵਿਚ ਅਨੇਕਾਂ ਮਾਮਲਿਆਂ 'ਤੇ ਨਜ਼ਰ ਰੱਖ ਰਿਹਾ ਹੈ, ਜਿਨ੍ਹਾਂ ਮਾਮਲਿਆਂ ਵਿਚ ਲੋਕਾਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਇਆ ਗਿਆ ਹੈ ਤੇ ਅਜਿਹਾ ਨਾ ਕਰਨ ਦੀ ਹਾਲਤ ਵਿਚ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਅਪਰਾਧਿਕ ਕਾਰਵਾਈਆਂ ਬਾਰੇ ਪੁਲਿਸ ਕੋਲ ਕੋਈ ਰਿਪੋਰਟ ਨਹੀਂ ਕੀਤੀ ਗਈ। ਬਿਆਨ ਵਿਚ ਕਿਹਾ ਗਿਆ ਹੈ ਕਿ ਐੱਫ.ਬੀ.ਆਈ. ਤੇ ਇਸ ਦੇ ਲਾਅ ਇਨਫੋਰਸਮੈਂਟ




ਭਾਈਵਾਲ ਲੋਕਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਅੱਗੇ ਆਉਣ ਤੇ ਰਿਪੋਰਟ ਦਰਜ ਕਰਵਾਉਣ, ਤਾਂ ਕਿ ਉਹ ਲੋਕ ਜੋ ਇਹ ਕਥਿਤ ਅਪਰਾਧ ਕਰ ਰਹੇ ਹਨ, ਉਨ੍ਹਾਂ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਸਕੇ। ਐੱਫ.ਬੀ.ਆਈ. ਸੈਕਰਾਮੈਂਟੋ ਖੇਤਰੀ ਦਫਤਰ ਦੇ ਪ੍ਰਮੁੱਖ ਕਾਰਜਕਾਰੀ ਵਿਸ਼ੇਸ਼ ਏਜੰਟ ਮਾਰਕ ਰੇਮਿਲੀ ਨੇ ਕਿਹਾ ਹੈ ਕਿ "ਅਸੀਂ ਆਪਣੇ ਭਾਰਤੀ ਮੂਲ ਦੇ ਵਿਅਕਤੀਆਂ ਜਿਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ, ਦੀ ਸੁਰੱਖਿਆ ਤੇ ਆਰਥਿਕ ਸੁਰੱਖਿਆ ਨੂੰ ਲੈ ਕੇ ਬੇਹੱਦ ਚਿੰਤਤ ਹਾਂ। ਅਪਰਾਧੀ ਮਿਹਨਤੀ ਤੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਤੇ ਉਨ੍ਹਾਂ ਕੋਲੋਂ ਫਿਰੌਤੀ ਵਸੂਲਣ ਲਈ ਠੱਗ ਕਿਸਮ ਦੇ ਢੰਗ ਤਰੀਕੇ ਅਪਣਾ ਰਹੇ ਹਨ, ਜੋ ਕਿ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ। ਅਜਿਹੇ ਮਾਮਲਿਆਂ ਦੀ ਸਮੇਂ ਸਿਰ ਰਿਪੋਰਟ ਕਰਨ ਨਾਲ ਇਨਫੋਰਮੈਂਟ ਏਜੰਸੀਆਂ ਦੀ ਮਦਦ ਹੋਵੇਗੀ, ਜੋ ਏਜੰਸੀਆਂ ਸਮੇਂ ਸਿਰ ਕਾਰਵਾਈ ਕਰਕੇ ਕਾਰੋਬਾਰੀ ਭਾਈਚਾਰੇ ਦੀ ਸੁਰੱਖਿਆ ਯਕੀਨੀ ਕਰ ਸਕਦੀਆਂ ਹਨ।" ਐੱਫ.ਬੀ.ਆਈ. ਨੇ ਹੋਰ ਕਿਹਾ ਹੈ ਕਿ ਹਾਲ ਹੀ ਵਿਚ ਫਿਰੌਤੀ ਲੈਣ ਦੀਆਂ ਕੋਸ਼ਿਸ਼ਾਂ ਹੋਈਆਂ ਹਨ। ਇਨ੍ਹਾਂ ਮਾਮਲਿਆਂ ਵਿਚ ਵੱਡੀ ਰਕਮ ਮੰਗੀ ਗਈ ਹੈ ਤੇ ਅਜਿਹਾ ਨਾ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ। ਬਿਆਨ ਵਿਚ ਕਿਹਾ ਹੈ ਕਿ ਜੇਕਰ ਕਿਸੇ ਨੂੰ ਫੌਰੀ ਖਤਰਾ ਹੋਵੇ, ਤਾਂ ਉਹ ਤੁਰੰਤ ਐੱਫ.ਬੀ.ਆਈ. ਨਾਲ ਸੰਪਰਕ ਕਰੇ ਜਾਂ 911 'ਤੇ ਫੋਨ ਕਰੇ।

# ਹਿਊਸਟਨ ਪੁਲਿਸ ਮੁਖੀ ਵੱਲੋਂ ਅਚਾਨਕ ਰਿਟਾਇਰ ਹੋਣ ਦਾ ਐਲਾਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਹਿਊਸਟਨ ਪੁਲਿਸ ਮੁਖੀ ਟੋਰਾਏ ਫਿਨਰ ਨੇ ਵਿਭਾਗ ਦੀ ਨੀਤੀ ਜਿਸ ਤਹਿਤ ਸਰੀਰਕ ਸ਼ੋਸ਼ਣ ਸਮੇਤ ਅਨੇਕਾਂ ਮਾਮਲਿਆਂ ਨੂੰ ਮੁਲਤਵੀ ਕੀਤਾ ਜਾਣਾ ਹੈ, ਬਾਰੇ ਉਠਾਏ ਜਾ ਰਹੇ ਸਵਾਲਾਂ ਦੇ ਦਰਮਿਆਨ ਆਪਣੀ ਸੇਵਾਮੁਕਤੀ ਦਾ ਐਲਾਨ ਕਰ ਦਿੱਤਾ ਹੈ। ਇਹ ਜਾਣਕਾਰੀ ਮੇਅਰ ਦਫਤਰ ਨੇ ਦਿੱਤੀ ਹੈ। ਟੋਰਾਏ ਫਿਨਰ 2021 ਤੋਂ




ਹਿਊਸਟਨ ਪੁਲਿਸ ਵਿਭਾਗ ਦੇ ਮੁਖੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹਿਊਸਟਨ ਦੇ ਮੇਅਰ ਜੌਹਨ ਵਿਟਮਾਈਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੈਂ ਟੋਰਾਏ ਫਿਨਰ ਨੂੰ ਇਕ ਮਿੱਤਰ ਸਮਝਦਾ ਹਾਂ। ਉਸ ਦੀ ਸੇਵਾ ਮੁਕਤੀ ਨੂੰ ਪ੍ਰਵਾਨ ਕਰਨਾ ਬਹੁਤ ਮੁਸ਼ਕਿਲ ਹੈ ਪਰੰਤੂ ਅਜਿਹਾ ਕਰਨਾ ਹਿਊਸਟਨ ਵਾਸੀਆਂ ਦੇ ਹਿੱਤ ਵਿਚ ਹੋਵੇਗਾ।

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 S. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਦੀ ਅਰਥੀ ਨੂੰ ਦਿੱਤਾ ਮੋਢਾ

- ਡਾ. ਸੁਰਜੀਤ ਪਾਤਰ ਦੇ ਅੰਤਿਮ ਸੰਸਕਾਰ 'ਚ ਸ਼ਾਮਿਲ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਿਵਾਰਕ ਮੈਂਬਰਾਂ ਨਾਲ ਕੀਤਾ ਦੁੱਖ ਸਾਂਝਾ
- 'ਆਪ' ਸਰਕਾਰ ਕਵੀ ਡਾ. ਸੁਰਜੀਤ ਪਾਤਰ ਦੇ ਸਨਮਾਨ 'ਚ ਸ਼ੁਰੂ ਕਰੇਗੀ 'ਪਾਤਰ ਐਵਾਰਡ'











**ਚੰਡੀਗੜ੍ਹ/ਲੁਧਿਆਣਾ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੋਮਵਾਰ ਨੂੰ ਮਾਡਲ ਟਾਊਨ ਐਕਸਟੈਂਨਸ਼ਨ ਸ਼ਮਸ਼ਾਨਘਾਟ ਵਿਖੇ ਉੱਘੇ ਪੰਜਾਬੀ ਕਵੀ ਡਾ. ਸੁਰਜੀਤ ਪਾਤਰ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਏ। ਕਵੀ ਡਾ. ਸੁਰਜੀਤ ਸਿੰਘ ਪਾਤਰ ਦਾ ਲੁਧਿਆਣਾ ਵਿਖੇ ਪੂਰੇ ਰਾਜਕੀ ਸਨਮਾਨ ਨਾਲ ਸੰਸਕਾਰ ਕੀਤਾ ਗਿਆ।

ਡਾ. ਸੁਰਜੀਤ ਪਾਤਰ ਦੀ ਅੰਤਿਮ ਯਾਤਰਾ ਉਨ੍ਹਾਂ ਦੇ ਘਰ ਤੋਂ ਮਾਡਲ ਟਾਊਨ ਸਥਿਤ ਸ਼ਮਸ਼ਾਨਘਾਟ ਤੱਕ ਕੱਢੀ ਗਈ। ਮੁੱਖ ਮੰਤਰੀ ਭਗਵੰਤ ਮਾਨ ਨੇ ਡਾ. ਸੁਰਜੀਤ ਪਾਤਰ ਜੀ ਦੀ ਅੰਤਿਮ ਯਾਤਰਾ ਵਿਚ ਪਹੁੰਚ ਕੇ ਉਨ੍ਹਾਂ ਦੀ ਅਰਥੀ ਨੂੰ ਮੋਢਾ ਦਿੱਤਾ। ਡਾ. ਸੁਰਜੀਤ ਸਿੰਘ ਪਾਤਰ ਦੇ ਪਰਿਵਾਰਿਕ ਮੈਂਬਰਾਂ ਨਾਲ ਭਗਵੰਤ ਮਾਨ ਨੇ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਭਗਵੰਤ ਮਾਨ ਡਾ. ਪਾਤਰ ਦੀ ਅਰਥੀ ਨੂੰ ਮੋਢਾ ਦਿੰਦੇ ਸਮੇਂ ਭਾਵੁਕ ਹੋ ਗਏ ਅਤੇ ਉਨ੍ਹਾਂ ਨੂੰ ਹੰਝੂਆਂ ਨਾਲ ਅੰਤਿਮ ਵਿਦਾਈ ਦਿੱਤੀ। ਲੋਕਾਂ ਨੇ 'ਪਾਤਰ ਸਾਹਿਬ ਜ਼ਿੰਦਾਬਾਦ' ਅਤੇ 'ਪੰਜਾਬੀ ਮਾਂ ਬੋਲੀ ਦੀ ਰਾਖੀ ਜ਼ਿੰਦਾਬਾਦ' ਦੇ ਨਾਅਰੇ ਲਾਏ। ਇਸ ਮੌਕੇ 'ਆਪ' ਸੰਸਦ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੀ ਮੌਜੂਦ ਸਨ।

ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੂਬੇ ਵਿੱਚ 'ਪਾਤਰ ਐਵਾਰਡ' ਸ਼ੁਰੂ ਕਰੇਗੀ। ਇਸ ਪੁਰਸਕਾਰ ਵਿਚ ਇਨਾਮੀ ਰਾਸ਼ੀ ਵੀ ਦਿੱਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਪ੍ਰਸਿੱਧ ਪੰਜਾਬੀ ਕਵੀ ਸੁਰਜੀਤ ਪਾਤਰ ਦੀ ਯਾਦ ਵਿਚ ਹਰ ਸਾਲ ਉੱਭਰਦੇ ਕਵੀਆਂ ਨੂੰ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਹ ਪੁਰਸਕਾਰ 8ਵੀਂ ਜਮਾਤ ਤੋਂ ਲੈ ਕੇ ਗ੍ਰੈਜੂਏਟ ਪੱਧਰ ਤੱਕ ਦੇ ਵਿਦਿਆਰਥੀਆਂ ਲਈ ਹੋਵੇਗਾ।

ਇਸ 'ਪਾਤਰ ਐਵਾਰਡ' ਲਈ ਇੱਕ ਪੈਨਲ ਬਣਾਇਆ ਜਾਵੇਗਾ, ਜਿਸ ਸਾਹਿਤਕਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਉੱਭਰਦੇ ਕਵੀ ਇਨਾਮ ਜਿੱਤਣ ਲਈ ਮੁਕਾਬਲੇ ਵਿਚ ਹਿੱਸਾ ਲੈਣਗੇ। ਇਸ ਤੋਂ ਇਲਾਵਾ ਗ੍ਰੈਜੂਏਟ ਪੱਧਰ ਦੇ ਵਿਦਿਆਰਥੀਆਂ ਲਈ ਵੀ ਇੱਕ ਮੁਕਾਬਲਾ ਕਰਵਾਇਆ ਜਾਵੇਗਾ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਸ ਐਵਾਰਡ ਦਾ ਉਦੇਸ਼ ਨੌਜਵਾਨਾਂ ਨੂੰ ਡਾ. ਸੁਰਜੀਤ ਪਾਤਰ ਨੂੰ ਪੜ੍ਹਨ, ਸਾਹਿਤ ਵਿਚ ਰੁਚੀ ਲੈਣ ਲਈ ਪ੍ਰੇਰਿਤ ਕਰਨਾ ਹੈ, ਤਾਂ ਜੋ ਉਹ ਵੀ ਉਨ੍ਹਾਂ ਵਾਂਗ ਲੇਖਕ ਅਤੇ ਕਵੀ ਬਣ ਸਕਣ। ਉਨ੍ਹਾਂ ਕਿਹਾ ਕਿ ਡਾ. ਪਾਤਰ ਕਹਿੰਦੇ ਸਨ ਕਿ ਪੰਜਾਬੀ ਭਾਸ਼ਾ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਹਿੱਸਾ ਨਹੀਂ ਹੈ, ਅਸੀਂ ਆਪਣੀ ਮਾਂ ਬੋਲੀ ਨੂੰ ਹਰ ਖੇਤਰ ਵਿਚ ਅੱਗੇ ਲੈ ਕੇ ਜਾਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਕਿਹਾ ਕਿ 'ਪੰਜਾਬੀ ਮਾਂ ਬੋਲੀ ਦੇ ਇਸ ਮਾਣਮੱਤੇ ਪੁੱਤ' ਦੇ ਸਨਮਾਨ ਲਈ ਜੋ ਵੀ ਕੀਤਾ ਜਾਵੇਗਾ, ਉਹ ਪੰਜਾਬੀ ਮਾਂ ਬੋਲੀ ਦੀ ਹੀ ਸੇਵਾ ਹੋਵੇਗੀ।


TAKHAR URGENT CARE
& Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish


916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਜ਼ਫ਼ਰਨਾਮਾ ਨਾਟਕ ਦੀ ਫਰਿਜ਼ਨੋ ਵਿਖੇ ਸਫ਼ਲ ਪੇਸ਼ਕਾਰੀ







**ਫਰਿਜਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਪੰਜਾਬ ਲੋਕ ਰੰਗਮੰਚ ਵੱਲੋ ਨਾਟਕਕਾਰ ਸ. ਸੁਰਿੰਦਰ ਸਿੰਘ ਧਨੋਆ ਦੇ ਨਿਰਦੇਸ਼ਨ ਹੇਠ ਇਤਿਹਾਸਕ ਨਾਟਕ 'ਜ਼ਫ਼ਰਨਾਮਾ' ਫਰਿਜਨੋ ਦੇ ਸੈਂਟਰਲ ਹਾਈ ਸਕੂਲ ਦੇ ਆਡੋਟੋਰੀਅਮ ਵਿਖੇ ਦਰਸ਼ਕਾਂ ਦੇ ਖਚਾਖਚ ਭਰੇ ਹਾਲ ਅੰਦਰ ਖੇਡਿਆ ਗਿਆ। ਨਾਟਕ ਦੀ ਸ਼ੁਰੂਆਤ ਸ. ਤਾਰਾ ਸਿੰਘ ਬੱਲ ਨੇ ਅਰਦਾਸ ਕਰਨ ਉਪਰੰਤ ਕੀਤੀ। ਇਸ ਮੌਕੇ ਉੱਘੇ ਟਰਾਸਪੋਰਟਰ ਸ. ਬਲਵਿੰਦਰ ਸਿੰਘ ਧਨੋਆ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖੀ ਤੇ ਨਾਟਕ ਦੇ ਥੀਮ 'ਤੇ ਪੰਛੀ ਝਾਤ ਪਵਾਈ ਅਤੇ ਸਮੂਹ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ। ਅਖੀਰ ਪਰਦਾ ਹਟਿਆ ਤੇ ਸਿੱਖ ਇਤਿਹਾਸ ਦੇ ਪੱਤਰਿਆਂ ਨੂੰ ਫਰੋਲਦਾ ਇਹ ਨਾਟਕ ਦਰਸ਼ਕਾਂ ਨੂੰ ਇੱਕ ਵੱਖਰੇ ਵਿਸਮਾਦ ਵੱਲ ਲੈ ਗਿਆ। ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਉਘੇੜਦਾ ਨਾਟਕ, ਅਨੰਦਪੁਰ ਸਹਿਬ ਦੇ ਕਿਲ੍ਹੇ ਤੋ ਛੋਟੇ ਸਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਦਰਸਾਉਂਦਾ ਅੰਤ ਜ਼ਫ਼ਰਨਾਮੇ 'ਤੇ ਜਾਕੇ ਅਟਕਿਆ। ਇਸ ਨਾਟਕ ਵਿਚ ਜੋ ਪੱਖ ਔਰੰਗਜ਼ੇਬ ਦਾ ਵਿਖਾਇਆ ਗਿਆ, ਉਹ ਵੀ ਵਿਲੱਖਣ ਸੀ। ਇਸ ਨਾਟਕ ਰਾਹੀਂ ਔਰੰਗਜ਼ੇਬ ਦੀ ਜ਼ਿੰਦਗੀ ਦੇ ਆਖ਼ਰੀ ਪਲਾਂ ਨੂੰ ਬੜੀ ਸ਼ਿੱਦਤ ਨਾਲ ਮੰਚ 'ਤੇ ਵਿਖਾਇਆ ਗਿਆ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਦੁਬਾਰਾ ਚਿੱਠੀ ਨੁਮਾਂ ਜ਼ਫ਼ਰਨਾਮੇ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਸੋਚਣ ਲਈ ਮਜਬੂਰ ਕੀਤਾ ਕਿ ਮੇਰੇ ਰਾਜ ਵਿਚ ਦੋ ਛੋਟੇ ਬੱਚਿਆਂ ਨੂੰ ਨੀਹਾਂ ਵਿਚ ਖਿਲਾਰ ਕੇ ਜਿੰਦਾ ਚਿਣਕੇ ਸ਼ਹੀਦ ਕੀਤਾ ਗਿਆ, ਬੱਸ ਇਹੀ ਪਛਤਾਵਾ ਉਸਦੀ ਮੌਤ ਦਾ ਕਾਰਨ ਬਣਿਆ। ਸਕ੍ਰੀਨ ਪਲੇਅ ਦੇ ਨਾਲ-ਨਾਲ ਸਾਰੇ ਕਲਾਕਾਰਾਂ ਨੇ ਆਪੋ-ਆਪਣਾ ਰੋਲ ਬਾਖ਼ੂਬੀ ਨਿਭਾਇਆ। ਸ. ਸੁਰਿੰਦਰ ਸਿੰਘ ਧਨੋਆ ਦੁਬਾਰੇ ਨਿਭਾਏ ਔਰੰਗਜ਼ੇਬ ਦੇ ਕਿਰਦਾਰ ਨੇ ਦਰਸ਼ਕਾਂ ਨੂੰ ਖ਼ੂਬ ਪ੍ਰਭਾਵਿਤ ਕੀਤਾ। ਅਖੀਰ ਜੈਕਾਰਿਆਂ ਦੀ ਗੂੰਜ ਵਿਚ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ ਨੂੰ ਉਘੇੜਦਾ ਇਹ ਨਾਟਕ ਯਾਦਗਾਰੀ ਹੋ ਨਿੱਬੜਿਆ। ਇਸ ਨਾਟਕ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਜਿੱਥੇ ਸਮੂਹ ਦਰਸ਼ਕਾਂ ਸਿਰ ਜਾਂਦਾ ਹੈ, ਉਥੇ ਸਮੂਹ ਸਪਾਂਸਰ ਵੀਰਾਂ ਦੇ ਨਾਲ-ਨਾਲ ਸਮਾਜਸੇਵੀ ਕਿੱਟੀ ਗਿੱਲ ਅਤੇ ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਸਮੂਹ ਸੇਵਾਦਾਰਾਂ ਨੂੰ ਵੀ ਕਰੈਡਿਟ ਦੇਣਾ ਬਣਦਾ ਹੈ। ਅਖੀਰ ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਮੁੱਖ ਸੇਵਾਦਾਰ ਸ. ਜਤਿੰਦਰ ਸਿੰਘ ਨੇ ਇਸ ਨਾਟਕ ਦੇ ਸਫਲ ਮੰਚਨ ਲਈ ਨਾਟਕ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਆਸ ਲਗਾਈ ਕਿ ਪੰਜਾਬ ਰੰਗਮੰਚ ਦੀ ਟੀਮ ਅੱਗੇ ਤੋਂ ਵੀ ਇਹੋ ਜਿਹੇ ਨਾਟਕ ਲਿਆਉਂਦੀ ਰਹੇਗੀ ਤੇ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਂਦੀ ਰਹੇਗੀ। ਸ. ਬਲਵਿੰਦਰ ਸਿੰਘ ਧਨੋਆ ਨੇ ਕਿਹਾ ਕਿ ਸਾਡੀ ਟੀਮ ਦੀ ਅਗਲੀ ਪੇਸ਼ਕਾਰੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ ਆਧਾਰਿਤ ਹੋਵੇਗੀ।

### ਸ਼ੋਕ ਸਮਾਚਾਰ

## ਸਿਆਟਲ ਦੇ ਅਵਤਾਰ ਸਿੰਘ ਪੂਰੇਵਾਲ ਨੂੰ ਸਦਮਾ: ਮਾਤਾ ਦਾ ਦਿਹਾਂਤ

### ਸ਼ੁਕਰਵਾਰ 17 ਮਈ ਨੂੰ ਕੈਂਟ ਵਿਚ ਸਸਕਾਰ ਤੇ ਅੰਤਿਮ ਅਰਦਾਸ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਪੂਰੇਵਾਲ ਦੇ ਪੂਜਨੀਕ ਮਾਤਾ ਜੀ ਅਮਰੀਕ ਕੌਰ ਪੂਰੇਵਾਲ ਦਾ ਅਚਨਚੇਤ ਦਿਹਾਂਤ ਹੋ ਗਿਆ ਤੇ ਪੰਜਾਬੀ ਭਾਈਚਾਰੇ ਵਿਚ ਸੋਗ ਛਾ ਗਿਆ। ਮਾਤਾ ਅਮਰੀਕ ਕੌਰ ਪੂਰੇਵਾਲ ਬਹੁਤ ਮਿਹਨਤੀ, ਮਿਲਣਸਾਰ ਤੇ ਧਾਰਮਿਕ ਬਿਰਤੀ ਵਾਲੇ ਸਨ। ਉਨ੍ਹਾਂ ਦਾ ਸਸਕਾਰ ਕੈਂਟ ਦੇ ਸ਼ਮਸ਼ਾਨਘਾਟ ਵਿਚ ਸ਼ੁਕਰਵਾਰ 17 ਮਈ ਨੂੰ 1 ਵਜੇ ਹੋਵੇਗਾ। ਉਪਰੰਤ ਗੁਰਦੁਆਰਾ ਸਿੰਘ ਸਭਾ ਰੈਨਟਨ ਅੰਤਿਮ ਅਰਦਾਸ ਹੋਵੇਗੀ।



ਮਾਤਾ ਅਮਰੀਕ ਕੌਰ ਪੂਰੇਵਾਲ ਦੀ ਯਾਦਗਾਰੀ ਫੋਟੋ।

ਉਨ੍ਹਾਂ ਦੀ ਮੌਤ 'ਤੇ ਪਿੰਟੂ ਬਾਠ, ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਸਮੇਤ ਗੁਰਦੀਪ ਸਿੰਘ ਸਿੱਧੂ, ਹਰਦੇਵ ਸਿੰਘ ਜੱਜ, ਬਲਹਾਰ ਸਿੰਘ, ਪੰਮੀ ਕੰਗ, ਹਰਦੀਪ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ ਤੇ ਚਰਨਜੀਤ ਸਿੰਘ ਗਿੱਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਅਮਰੀਕਾ ਦੇ ਟੈਨੇਸੀ 'ਚ ਕਾਰ ਹਾਦਸੇ 'ਚ ਗੁਜਰਾਤੀ ਔਰਤ ਦੀ ਮੌਤ

### ■ ਪਰਿਵਾਰ ਦੇ ਮੈਂਬਰਾਂ ਸਮੇਤ 5 ਜ਼ਖਮੀ

**ਨਿਊਯਾਰਕ, (ਰਾਜ ਗੋਗਨਾ)**- ਅਮਰੀਕਾ ਦੇ ਟੈਨੇਸੀ ਸੂਬੇ 'ਚ ਵਾਪਰੇ ਇੱਕ ਸੜਕ ਕਾਰ ਹਾਦਸੇ ਵਿਚ ਗੁਜਰਾਤੀ ਪਰਿਵਾਰ ਦੀ ਇੱਕ ਔਰਤ ਦੀ ਮੌਤ ਹੋ ਗਈ ਅਤੇ ਗੁਜਰਾਤੀ ਪਰਿਵਾਰ ਦੇ ਚਾਰ ਮੈਂਬਰਾਂ ਸਮੇਤ ਪੰਜ ਲੋਕ ਜ਼ਖਮੀ ਹੋ ਗਏ। ਇਹ ਹਾਦਸਾ ਰਾਤ 10:00 ਵਜੇ ਦੇ ਕਰੀਬ ਮੈਰੀਓਨ ਕਾਉਂਟੀ, ਟੈਨੇਸੀ ਸੂਬੇ ਵਿਚ ਹਾਈਵੇਅ 41 'ਤੇ ਵਾਪਰਿਆ। ਇਸ ਹਾਦਸੇ ਵਿਚ ਦੋ ਵਾਹਨ ਆਹਮੋ-ਸਾਹਮਣੇ ਟਕਰਾ ਗਏ, ਜਿਸ ਵਿਚ ਇੱਕ ਗੁਜਰਾਤੀ ਪਰਿਵਾਰ ਦੇ ਚਾਰ ਮੈਂਬਰ ਅਤੇ ਮੈਰੀਓਨ ਕਾਉਂਟੀ ਦੇ ਡਿਪਟੀ ਸਮੇਤ ਪੰਜ ਲੋਕ ਜ਼ਖਮੀ ਹੋ ਗਏ।

ਗੁਜਰਾਤੀ ਮੂਲ ਦਾ ਕਾਰ ਚਾਲਕ ਰੋਡ ਦੀ ਸੈਂਟਰ ਲਾਈਨ ਨੂੰ ਪਾਰ ਕਰ ਰਿਹਾ ਸੀ ਅਤੇ ਡਿਪਟੀ ਦੀ ਗਸਤੀ ਕਾਰ ਨੂੰ ਉਸ ਨੇ ਸਿੱਧੀ ਟੱਕਰ ਮਾਰ




# ਡਾ. ਓਬਰਾਏ ਦੇ ਯਤਨਾਂ ਸਦਕਾ ਤਰਨਤਾਰਨ ਜ਼ਿਲ੍ਹੇ ਦੇ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

- ਇੱਕ ਮਸੂਮ ਬੱਚੇ ਦੇ ਪਿਤਾ ਗੁਰਜੰਟ ਦੀ ਬੀਤੀ 31 ਮਾਰਚ ਨੂੰ ਦੁਬਈ 'ਚ ਹੋ ਗਈ ਸੀ ਮੌਤ
- ਟਰੱਸਟ ਵੱਲੋਂ ਪੀੜ੍ਹਤ ਪਰਿਵਾਰ ਨੂੰ 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਵਾਂਗੇ : ਡਾ: ਓਬਰਾਏ




ਹਵਾਈ ਅੱਡੇ ਤੇ ਗੁਰਜੰਟ ਸਿੰਘ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।



ਮ੍ਰਿਤਕ ਗੁਰਜੰਟ ਸਿੰਘ ਦੀ ਫਾਈਲ ਫੋਟੋ।

ਅੰਮ੍ਰਿਤਸਰ, (ਪੰਜਾਬ ਮੇਲ)- ਖਾੜੀ ਮੁਲਕਾਂ ਅੰਦਰ ਰੱਬ ਦੇ ਫਰਿਸ਼ਤੇ ਵੱਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਨਾਰਲਾ ਨਾਲ ਸਬੰਧਿਤ 35 ਸਾਲਾ ਗੁਰਜੰਟ ਸਿੰਘ ਪੁੱਤਰ ਕਾਬਲ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਇੱਕ ਮਸੂਮ ਬੱਚੇ ਦਾ ਪਿਤਾ ਗੁਰਜੰਟ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਅਜੇ ਬੀਤੀ 21 ਮਾਰਚ ਨੂੰ ਹੀ ਦੁਬਈ ਆਇਆ ਸੀ ਕਿ ਕੇਵਲ 10 ਦਿਨ ਬਾਅਦ ਹੀ 31 ਮਾਰਚ ਨੂੰ ਅਣਕਿਆਸੇ ਹਲਾਤਾਂ 'ਚ ਉਸਦੀ ਮੌਤ ਹੋ ਗਈ। ਡਾ. ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਜਦ ਮ੍ਰਿਤਕ ਦੇ ਵਾਰਸਾਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਟੀਮ ਰਾਹੀਂ ਮਿਲ ਕੇ ਆਪਣੇ ਨਾਲ ਹੋਈ ਇਸ ਅਣਹੋਣੀ ਬਾਰੇ ਦੱਸਿਆ, ਤਾਂ ਉਨ੍ਹਾਂ ਨੇ ਭਾਰਤ ਤੋਂ ਗੁਰਜੰਟ ਦੇ ਰਿਸ਼ਤੇਦਾਰ ਗੁਰਪ੍ਰੀਤ ਸਿੰਘ ਨੂੰ ਦੁਬਈ ਬੁਲਾ ਕੇ ਉਸ ਦੇ ਮ੍ਰਿਤਕ ਸਰੀਰ ਦੀ ਪਹਿਚਾਣ ਕਰਵਾਉਣ ਉਪਰੰਤ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਗੁਰਜੰਟ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਗੁਰਜੰਟ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਏ ਖਰਚ ਦੀ ਜ਼ਿੰਮੇਵਾਰੀ ਉਸ ਦੇ ਇੱਕ ਰਿਸ਼ਤੇਦਾਰ ਨੇ ਨਿਭਾਈ ਹੈ। ਡਾ. ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਗੁਰਜੰਟ ਸਿੰਘ ਦੀ ਵਿਧਵਾ ਨੂੰ 1500 ਰੁਪਏ, ਜਦਕਿ ਅੰਗਹੀਣ ਪਿਤਾ ਨੂੰ 1000 ਰੁਪਏ, ਕੁੱਲ 2500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇਗੀ।

ਗੁਰਜੰਟ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ ਉਸ ਦੇ ਬਜ਼ੁਰਗ ਤੇ ਅੰਗਹੀਣ ਪਿਤਾ ਕਾਬਲ ਸਿੰਘ ਤੇ ਮਾਤਾ ਕਸ਼ਮੀਰ ਕੌਰ ਨੇ ਰੋਂਦਿਆਂ ਹੋਇਆਂ ਦੱਸਿਆ ਕਿ ਗੁਰਜੰਟ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਆਪਣੇ ਹਿੱਸੇ ਦੀ ਜ਼ਮੀਨ ਵੇਚ ਕੇ ਦੁਬਈ ਰਾਹੀਂ ਕਿਸੇ ਹੋਰ ਦੇਸ਼ 'ਚ ਜਾਣ ਦੀ ਕੋਸ਼ਿਸ਼ ਵਿਚ ਸੀ ਕਿ ਅਚਾਨਕ ਉਨ੍ਹਾਂ ਨੂੰ ਕਿਸੇ ਦੂਰ ਦੇ ਰਿਸ਼ਤੇਦਾਰ ਦਾ ਫ਼ੋਨ ਆਇਆ ਕਿ ਗੁਰਜੰਟ ਦੀ ਉਸਦੀ ਦੁਬਈ ਵਿਚਲੀ ਰਿਹਾਇਸ਼ ਵਾਲੀ ਬਿਲਡਿੰਗ ਤੋਂ ਡਿੱਗਣ ਕਾਰਨ ਮੌਤ ਹੋ ਗਈ ਹੈ। ਉਨ੍ਹਾਂ ਭਰੇ ਗੱਚ ਨਾਲ ਦੱਸਿਆ ਕਿ ਗੁਰਜੰਟ ਆਪਣੇ ਪਿੱਛੇ ਗਰਭਵਤੀ ਪਤਨੀ ਤੋਂ ਇਲਾਵਾ ਇੱਕ ਮਾਸੂਮ ਬੱਚਾ ਛੱਡ ਗਿਆ ਹੈ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਖਜ਼ਾਨਚੀ ਨਵਜੀਤ ਘਈ, ਮੈਂਬਰ ਜਗਦੇਵ ਸਿੰਘ ਛੀਨਾ ਤੇ ਮੰਗਦੇਵ ਸਿੰਘ ਛੀਨਾ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 355 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

ਇਸ ਦੌਰਾਨ ਹਵਾਈ ਅੱਡੇ 'ਤੇ ਮ੍ਰਿਤਕ ਦੇਹ ਲੈਣ ਪਹੁੰਚੇ ਗੁਰਜੰਟ ਦੇ ਮਾਤਾ-ਪਿਤਾ ਤੋਂ ਇਲਾਵਾ ਚਾਚਾ ਗੁਰਦੇਵ ਸਿੰਘ ਸ਼ੂਹਰਾ, ਹਰਜੀਤ ਸਿੰਘ ਸੰਧੂ, ਭਰਾ ਸ਼ਮਸ਼ੇਰ ਸਿੰਘ ਤੋਂ ਇਲਾਵਾ ਹੋਰਨਾਂ ਰਿਸ਼ਤੇਦਾਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰਕ ਨੂੰ ਗੁਰਜੰਟ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

# ਕੈਂਸਰ ਕਾਰਨ ਇਕਲੌਤਾ ਪੁੱਤ ਗਵਾ ਚੁੱਕੇ ਨੇਤਰਹੀਣ ਦੀ ਡਾ. ਐੱਸ.ਪੀ. ਓਬਰਾਏ ਨੇ ਫੜੀ ਬਾਂਹ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਵਾਸਤੇ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਸੇਵਾ ਲਗਾਤਾਰ ਜਾਰੀ ਹੈ। ਜਦੋਂ ਮਾਨਵਤਾ 'ਤੇ ਕਿਸੇ ਵੀ ਤਰ੍ਹਾਂ ਦੀ ਮੁਸੀਬਤ ਆਉਂਦੀ ਹੈ, ਤਾਂ ਡਾ. ਓਬਰਾਏ ਉੱਥੇ ਮਸੀਹਾ ਬਣ ਕੇ ਪਹੁੰਚਦੇ ਹਨ। ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਪਿੰਡ ਚੱਕ ਕਾਲੇ ਵਾਲਾ ਦਾ ਗਰੀਬ ਘਰ ਦਾ ਇਕਲੌਤਾ ਕਮਾਊਂ ਨੌਜਵਾਨ ਜੋ ਕੁੱਝ ਸਮਾਂ ਪਹਿਲਾਂ ਕੈਂਸਰ ਦੀ ਬਿਮਾਰੀ ਨਾਲ ਮਰ ਗਿਆ ਸੀ। ਜਿਸ ਦਾ ਬਜ਼ੁਰਗ ਬਾਪ ਵੀ ਨੇਤਰਹੀਣ ਹੈ ਅਤੇ ਮਾਂ ਵੀ ਬੀਮਾਰੀਆਂ ਤੋਂ ਪੀੜਤ ਹੈ। ਅਜਿਹੀ ਸਥਿਤੀ ਵਿਚ ਪਰਿਵਾਰ ਦਾ ਬਹੁਤ ਹੀ ਬੁਰਾ ਹਾਲ ਹੋ ਗਿਆ ਸੀ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਇਹ ਕੇਸ ਧਿਆਨ ਵਿਚ ਆਉਣ ਉਪਰੰਤ ਡਾਕਟਰ ਐੱਸ.ਪੀ. ਸਿੰਘ ਓਬਰਾਏ ਕੋਲ ਭੇਜਿਆ ਗਿਆ ਸੀ, ਤਾਂ ਡਾ. ਓਬਰਾਏ ਵੱਲੋਂ ਤਰੁੰਤ ਪਾਸ ਕਰਨ ਉਪਰੰਤ ਲਾਈਫ ਟਾਈਮ ਪੈਨਸ਼ਨ ਬੰਨ੍ਹੀਂ ਗਈ ਹੈ। ਰਾਸ਼ੀ ਹਰ ਮਹੀਨੇ ਪਰਿਵਾਰ ਨੂੰ ਭੇਜੀ ਜਾਂਦੀ ਹੈ, ਜਾਂ ਮੁਕਤਸਰ ਸਾਹਿਬ ਟੀਮ ਵਲੋਂ ਘਰ ਜਾ ਕੇ ਦਿੱਤੀ ਜਾਂਦੀ ਹੈ, ਤਾਂ ਜੋ ਇਹ ਆਪਣਾ ਪਾਲਣ-ਪੋਸ਼ਣ ਕਰ ਸਕਣ। ਇਸ ਪਰਿਵਾਰ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ. ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਪੰਜਾਬ ’ਚ ਪੰਜਵੇਂ ਦਿਨ 209 ਨਾਮਜ਼ਦਗੀ ਪੱਤਰ ਦਾਖਲ : ਸਿਬਿਨ ਸੀ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਹੈ ਕਿ ਲੋਕ ਸਭਾ ਚੋਣਾਂ-2024 ਲਈ ਨਾਮਜ਼ਦਗੀਆਂ ਭਰਨ ਦੇ ਪੰਜਵੇਂ ਦਿਨ 13 ਲੋਕ ਸਭਾ ਸੀਟਾਂ ਲਈ 209 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ।

ਗੁਰਦਾਸਪੁਰ ਤੋਂ 29 ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿਚ ਆਮ ਆਦਮੀ ਪਾਰਟੀ ਤੋਂ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਡਾ. ਦਲਜੀਤ ਸਿੰਘ ਚੀਮਾ ਦਾ ਨਾਂ ਸ਼ਾਮਲ ਹੈ।

ਅੰਮ੍ਰਿਤਸਰ ਤੋਂ 21 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਇਨ੍ਹਾਂ ਵਿਚ ਆਮ ਆਦਮੀ ਪਾਰਟੀ ਤੋਂ ਕੁਲਦੀਪ ਸਿੰਘ ਧਾਲੀਵਾਲ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਗੁਰਜੀਤ ਸਿੰਘ ਔਜਲਾ ਅਤੇ ਬਹੁਜਨ ਸਮਾਜ ਪਾਰਟੀ ਤੋਂ ਵਿਸ਼ਾਲ ਸਿੱਧੂ ਦਾ ਨਾਂ ਸ਼ਾਮਲ ਹੈ।

ਖਡੂਰ ਸਾਹਿਬ ਤੋਂ 20 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰਸਾ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਕੁਲਬੀਰ ਸਿੰਘ ਜੀਰਾ ਅਤੇ ਆਮ ਆਦਮੀ ਪਾਰਟੀ ਵੱਲੋਂ ਲਾਲਜੀਤ ਸਿੰਘ ਭੁੱਲਰ ਦਾ ਨਾਂ ਸ਼ਾਮਲ ਹੈ।

ਜਲੰਧਰ ਤੋਂ 10 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ, ਜਿਨ੍ਹਾਂ ਵਿਚ ਆਮ ਆਦਮੀ ਪਾਰਟੀ ਵੱਲੋਂ ਪਵਨ ਕੁਮਾਰ ਟੀਨੂੰ ਅਤੇ ਸੀ.ਪੀ.ਆਈ. (ਐੱਮ.) ਵੱਲੋਂ ਪ੍ਰਸ਼ੋਤਮ ਲਾਲ ਦਾ ਨਾਂ ਸ਼ਾਮਲ ਹੈ।

ਹੁਸ਼ਿਆਰਪੁਰ ਤੋਂ 8 ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੋਹਣ ਸਿੰਘ, ਭਾਰਤੀ ਜਨਤਾ ਪਾਰਟੀ ਤੋਂ ਅਨੀਤਾ ਅਤੇ ਬਹੁਜਨ ਸਮਾਜ ਪਾਰਟੀ ਤੋਂ ਰਣਜੀਤ ਕੁਮਾਰ ਦਾ ਨਾਂ ਸ਼ਾਮਲ ਹੈ।

ਆਨੰਦਪੁਰ ਸਾਹਿਬ ਤੋਂ 19 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਇਨ੍ਹਾਂ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਵਿਜੈ ਇੰਦਰ ਸਿੰਗਲਾ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਜਸਵੀਰ ਸਿੰਘ ਦਾ ਨਾਂ ਸ਼ਾਮਲ ਹੈ।

ਲੁਧਿਆਣਾ ਤੋਂ 19 ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਇਨ੍ਹਾਂ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਅਮਰਿੰਦਰ ਸਿੰਘ ਰਾਜਾ ਵੜਿੰਗ, ਸ਼੍ਰੋਮਣੀ ਅਕਾਲੀ ਦਲ ਤੋਂ ਰਣਜੀਤ ਸਿੰਘ ਢਿੱਲੋਂ ਅਤੇ ਆਮ ਆਦਮੀ ਪਾਰਟੀ ਤੋਂ ਅਸ਼ੋਕ ਪਰਾਸ਼ਰ ਪੱਪੀ ਦਾ ਨਾਂ ਸ਼ਾਮਲ ਹੈ।

ਫਤਿਹਗੜ੍ਹ ਸਾਹਿਬ ਤੋਂ 6 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ।

# ਅਮਰੀਕਾ ਵੱਲੋਂ ਭਾਰਤ ’ਚ ਚੋਣਾਂ ’ਚ ਦਖਲਅੰਦਾਜ਼ੀ ਦੇਣ ਦੇ ਰੂਸ ਦੇ ਦੋਸ਼ ਖਾਰਜ

**ਵਾਸ਼ਿੰਗਟਨ, (ਪੰਜਾਬ ਮੇਲ)** - ਅਮਰੀਕਾ ਨੇ ਵੀਰਵਾਰ ਨੂੰ ਰੂਸ ਦੇ ਉਨ੍ਹਾਂ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਕਿ ਅਮਰੀਕਾ ਭਾਰਤ ਵਿਚ ਹੋ ਰਹੀਆਂ ਚੋਣਾਂ ਵਿਚ ਦਖਲਅੰਦਾਜ਼ੀ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਰੋਜ਼ਾਨਾ ਪ੍ਰੈਸ ਕਾਨਫਰੰਸ ਵਿਚ ਕਿਹਾ, “ਬਿਲਕੁਲ ਨਹੀਂ।” ਅਸੀਂ ਨਾ ਤਾਂ ਭਾਰਤ ਵਿਚ ਚੱਲ ਰਹੀਆਂ ਚੋਣਾਂ ਵਿਚ ਸ਼ਾਮਲ ਹਾਂ ਅਤੇ ਨਾ ਹੀ ਦੁਨੀਆਂ ਵਿਚ ਕਿਤੇ ਵੀ ਹੋ ਰਹੀਆਂ ਚੋਣਾਂ ਵਿਚ। ਭਾਰਤ ਦੇ ਲੋਕ ਫੈਸਲਾ ਕਰਨਗੇ।”

ਦਰਅਸਲ ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਖਾਰੋਵਾ ਨੇ ਮਾਸਕੋ ’ਚ ਕਿਹਾ ਸੀ ਕਿ ਅਮਰੀਕਾ ਭਾਰਤ ਦੇ ਘਰੇਲੂ ਮਾਮਲਿਆਂ ਅਤੇ ਮੌਜੂਦਾ ਚੋਣਾਂ ’ਚ ਦਖਲਅੰਦਾਜ਼ੀ ਕਰ ਰਿਹਾ ਹੈ। ਮਿਲਰ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਸੀ। ਅਮਰੀਕੀ ਅਖ਼ਬਾਰ ‘ਵਾਸ਼ਿੰਗਟਨ ਪੋਸਟ’ ਵਿਚ ਛਪੇ ਇੱਕ ਤਾਜ਼ਾ ਲੇਖ ਵਿਚ ਦੋਸ਼ ਲਾਇਆ ਗਿਆ ਸੀ ਕਿ ‘ਰਿਸਰਚ ਐਂਡ ਐਨਾਲਿਸਿਸ ਵਿੰਗ’ ਦਾ ਇੱਕ ਅਧਿਕਾਰੀ ਅਮਰੀਕੀ ਧਰਤੀ ’ਤੇ ਗੁਰਪਤਵੰਤ ਪੰਨੂ ਦੇ ਕਥਿਤ ਕਤਲ ਦੀ ਯੋਜਨਾ ਬਣਾਉਣ ’ਚ ਸ਼ਾਮਲ ਸੀ।

ਲੇਖ ’ਤੇ ਪ੍ਰਤੀਕਿਰਿਆ ਦਿੰਦੇ ਹੋਏ, ਰੂਸੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮਾਰੀਆ ਜ਼ਖਾਰੋਵਾ ਨੇ ਮਾਸਕੋ ਵਿਚ ਪੱਤਰਕਾਰਾਂ ਨੂੰ ਕਿਹਾ, “ਅਮਰੀਕਾ ਨਵੀਂ ਦਿੱਲੀ ’ਤੇ ਨਿਯਮਿਤ ਤੌਰ ’ਤੇ ਬੇਬੁਨਿਆਦ ਦੋਸ਼ ਲਗਾਉਂਦਾ ਹੈ... ਅਸੀਂ ਦੇਖਦੇ ਹਾਂ ਕਿ ਉਹ ਭਾਰਤ ਨੂੰ ਹੀ ਨਹੀਂ, ਸਗੋਂ ਕਈ ਹੋਰ ਦੇਸ਼ਾਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਹੈ।” ਭਾਰਤ ਦੀ ਆਜ਼ਾਦੀ ਦਾ ਉਲੰਘਣ ਕਰਨਾ, ਜੋ ਦਰਸਾਉਂਦਾ ਹੈ ਕਿ ਅਮਰੀਕਾ ਭਾਰਤ ਦੇ ਰਾਸ਼ਟਰੀ ਦ੍ਰਿਸ਼ਟੀਕੋਣ ਨੂੰ ਨਹੀਂ ਸਮਝਦਾ, ਭਾਰਤ ਦੇ ਵਿਕਾਸ ਦੇ ਇਤਿਹਾਸਕ ਸੰਦਰਭ ਨੂੰ ਨਹੀਂ ਸਮਝਦਾ, ਅਤੇ ਇੱਕ ਦੇਸ਼ ਵਜੋਂ ਭਾਰਤ ਦਾ ਸਨਮਾਨ ਨਹੀਂ ਕਰਦਾ।” ਰੂਸੀ ਬੁਲਾਰੇ ਨੇ ਇਸ ਨੂੰ ਅਮਰੀਕਾ ਦੀ ਬਸਤੀਵਾਦੀ ਦੌਰ ਦੀ ਮਾਨਸਿਕਤਾ ਕਰਾਰ ਦਿੱਤਾ ਹੈ।

ਆਰ.ਟੀ. ਨਿਊਜ਼ ਨੇ ਜ਼ਖਾਰੋਵਾ ਦੇ ਹਵਾਲੇ ਨਾਲ ਕਿਹਾ, “ਉਹ ਆਮ ਸੰਸਦੀ ਚੋਣਾਂ ਨੂੰ ਗੁੰਝਲਦਾਰ ਬਣਾਉਣ ਲਈ ਭਾਰਤ ਦੀ ਅੰਦਰੂਨੀ ਸਿਆਸੀ ਸਥਿਤੀ ਨੂੰ ਅਸੰਤੁਲਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।” ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦਾ ਇੱਕ ਤਰੀਕਾ ਹੈ।” ਉਨ੍ਹਾਂ ਕਿਹਾ, “ਘਰੇਲੂ ਅਤੇ ਅੰਤਰਰਾਸ਼ਟਰੀ ਮਾਮਲਿਆਂ ਵਿਚ ਵਾਸ਼ਿੰਗਟਨ ਤੋਂ ਜ਼ਿਆਦਾ ਦਮਨਕਾਰੀ ਸ਼ਾਸਨ ਦੀ ਕਲਪਨਾ ਕਰਨਾ ਮੁਸ਼ਕਲ ਹੈ।” ਵਾਸ਼ਿੰਗਟਨ ਵਿਚ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਇਨ੍ਹਾਂ ਦੋਸ਼ਾਂ ਬਾਰੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਬਚਦੇ ਨਜ਼ਰ ਆਏ। ਉਨ੍ਹਾਂ ਕਿਹਾ, “ਜਦੋਂ ਤੱਕ ਇਹ ਦੋਸ਼ ਨਿਆਂਪਾਲਿਕਾ ਸਾਹਮਣੇ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਇਹ ਸਿਰਫ਼ ਦੋਸ਼ ਹੀ ਰਹਿੰਦੇ ਹਨ। ਕਿਉਂਕਿ ਇਹ ਕਾਨੂੰਨੀ ਮਾਮਲਾ ਹੈ, ਮੈਂ ਇਸ ’ਤੇ ਇੱਥੇ ਕੁਝ ਨਹੀਂ ਕਹਾਂਗਾ...”

# ਕਿਸੇ ਦੂਜੇ ਦਾ ਪਾਸਪੋਰਟ ਲੈ ਕੇ ਕੈਨੇਡਾ ਜਾਣ ਲਈ ਏਅਰਪੋਰਟ ਪਹੁੰਚਿਆ ਵਿਅਕਤੀ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੇ ਆਈ.ਜੀ.ਆਈ. ਇੰਟਰਨੈਸ਼ਨਲ ਏਅਰਪੋਰਟ ’ਤੇ ਕਿਸੇ ਦੂਜੇ ਦਾ ਪਾਸਪੋਰਟ ਲੈ ਕੇ ਕੈਨੇਡਾ ਦੀ ਯਾਤਰਾ ਕਰਨ ਲਈ ਪਹੁੰਚੇ ਇਕ ਯਾਤਰੀ ਨੂੰ ਇਮੀਗ੍ਰੇਸ਼ਨ ਨੇ ਫੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ

ਪੁੱਛਗਿੱਛ ’ਚ ਮਿਲੀ ਜਾਣਕਾਰੀ ਦੇ ਆਧਾਰ ’ਤੇ ਏਅਰਪੋਰਟ ਪੁਲਿਸ ਨੇ ਯਾਤਰੀ ਨੂੰ ਪਾਸਪੋਰਟ ਮੁਹੱਈਆ ਕਰਵਾਉਣ ਵਾਲੇ ਪੰਜਾਬ ਦੇ 2 ਏਜੰਟਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਦੀ ਪਛਾਣ ਮੋਹਾਲੀ ਦੇ 32 ਸਾਲਾ ਸਪਿੰਦਰ ਸਿੰਘ ਤੇ ਪਟਿਆਲਾ ਦੇ 35 ਸਾਲਾ ਜਗਦੇਵ ਸਿੰਘ ਵਜੋਂ ਹੋਈ ਹੈ। ਉਨ੍ਹਾਂ ਨੇ ਅੰਬਾਲਾ (ਹਰਿਆਣਾ) ਦੇ ਵਾਸੀ 20 ਸਾਲਾ ਨਵਜੋਤ ਸਿੰਘ ਨੂੰ ਕੈਨੇਡਾ ਭੇਜਣ ਲਈ ਕਿਸੇ ਦੂਜੇ ਦਾ ਪਾਸਪੋਰਟ ਮੁਹੱਈਆ ਕਰਵਾ ਦਿੱਤਾ ਸੀ।

# ’84 ਸਿੱਖ ਵਿਰੋਧੀ ਦੰਗੇ: ਦਿੱਲੀ ਹਾਈ ਕੋਰਟ ਸੱਜਣ ਕੁਮਾਰ ਖਿਲਾਫ਼ ਕਰੇਗੀ ਸੁਣਵਾਈ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਹਾਈ ਕੋਰਟ 1984 ਸਿੱਖ ਵਿਰੋਧ ਦੰਗਿਆਂ ਦੌਰਾਨ ਇਕ ਵਿਅਕਤੀ ਦੀ ਹੱਤਿਆ ਨਾਲ ਸਬੰਧਿਤ ਮਾਮਲੇ ਵਿਚ ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ 22 ਜੁਲਾਈ ਨੂੰ ਸੁਣਵਾਈ ਕਰੇਗੀ। ਜਸਟਿਸ ਸੁਰੇਸ਼ ਕੁਮਾਰ ਕੈਤ ਅਤੇ ਜਸਟਿਸ ਮਨੋਜ ਜੈਨ ਦੇ ਬੈਂਚ ਨੇ ਸੀ.ਬੀ.ਆਈ. ਅਤੇ ਗਵਾਹਾਂ ਵਿਚੋਂ ਇਕ ਸ਼ੀਲਾ ਕੌਰ ਦੀਆਂ ਪਟੀਸ਼ਨਾਂ ’ਤੇ ਸੁਣਵਾਈ ਕਰਦਿਆਂ ਕਿਹਾ ਕਿ ਪਹਿਲਾਂ ਦੇ ਹੁਕਮ ਦੇ ਬਾਵਜੂਦ ਹੇਠਲੀ ਅਦਾਲਤ ਦੇ ਰਿਕਾਰਡ ਦੀ ਅਜੇ ਤੱਕ ਮੰਗ ਨਹੀਂ ਕੀਤੀ ਗਈ ਹੈ। ਬੈਂਚ ਨੇ ਰਜਿਸਟਰੀ ਨੂੰ ਨਿਰਦੇਸ਼ ਦਾ ਪਾਲਣ ਕਰਨ ਲਈ ਕਿਹਾ। ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ 20 ਸਤੰਬਰ, 2023 ਨੂੰ ਸੱਜਣ ਕੁਮਾਰ ਨੂੰ ‘ਸ਼ੱਕ ਦਾ ਲਾਭ’ ਦੇ ਕੇ ਮਾਮਲੇ ’ਚ ਬਰੀ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸਤਗਾਸਾ ਪੱਖ ਦੋਸ਼ੀ ਵਿਅਕਤੀਆਂ ਖ਼ਿਲਾਫ਼ ‘ਵਾਜਿਬ ਸ਼ੱਕ ਤੋਂ ਪਰ੍ਹੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਅਸਫਲ ਰਿਹਾ।’



# ਲੋਕ ਸਭਾ ਚੋਣਾਂ ਦੇ ਚੌਥੇ ਗੇੜ ਲਈ 64 ਫ਼ੀਸਦੀ ਪੋਲਿੰਗ ਦਰਜ

- ਆਂਧਰਾ ਪ੍ਰਦੇਸ਼ ਤੇ ਬੰਗਾਲ ਵਿਚ ਹਿੰਸਾ
- ਜੰਮੂ ਕਸ਼ਮੀਰ ਦੀ ਸ੍ਰੀਨਗਰ ਸੀਟ ਲਈ 37.93 ਤੇ ਪੱਛਮੀ ਬੰਗਾਲ 'ਚ 76.56 ਫੀਸਦੀ ਮਤਦਾਨ
- ਆਂਧਰਾ ਪ੍ਰਦੇਸ਼ ਅਸੈਂਬਲੀ ਦੀਆਂ 175 ਤੇ ਉੜੀਸਾ ਦੀਆਂ 28 ਅਸੈਂਬਲੀ ਸੀਟਾਂ ਲਈ ਵੀ ਵੋਟਾਂ ਪਈਆਂ



ਲੋਕ ਸਭਾ ਚੋਣਾਂ ਦੇ ਚੌਥੇ ਗੇੜ ਦੌਰਾਨ ਝਾਰਖੰਡ ਦੇ ਖੁੰਟੀ 'ਚ ਸੋਮਵਾਰ ਨੂੰ ਵੋਟ ਪਾਉਣ ਲਈ ਕਤਾਰ 'ਚ ਲੱਗੇ ਹੋਏ ਲੋਕ।

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਦੇ ਚੌਥੇ ਗੇੜ ਲਈ 64 ਫ਼ੀਸਦੀ ਤੋਂ ਵੱਧ ਪੋਲਿੰਗ ਦਰਜ ਕੀਤੀ ਗਈ ਹੈ। ਆਂਧਰਾ ਪ੍ਰਦੇਸ਼ ਤੇ ਪੱਛਮੀ ਬੰਗਾਲ ਵਿਚ ਹਿੰਸਕ ਘਟਨਾਵਾਂ ਦਰਮਿਆਨ 10 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਪੈਂਦੇ 96 ਹਲਕਿਆਂ ਲਈ ਵੋਟਾਂ ਪਈਆਂ। ਚੋਣ ਕਮਿਸ਼ਨ ਮੁਤਾਬਕ ਵੋਟਿੰਗ ਦਾ ਅਧਿਕਾਰਤ ਸਮਾਂ ਖ਼ਤਮ ਹੋਣ ਮੌਕੇ ਵੀ ਪੋਲਿੰਗ ਬੂਥਾਂ 'ਤੇ ਲੋਕ ਕਤਾਰਾਂ ਵਿਚ ਖੜ੍ਹੇ ਸਨ, ਜਿਸ ਨਾਲ ਇਹ ਅੰਕੜਾ ਵਧ ਸਕਦਾ ਹੈ। ਪੱਛਮੀ ਬੰਗਾਲ ਵਿਚ 76.56 ਫ਼ੀਸਦੀ ਨਾਲ ਸਭ ਤੋਂ ਵੱਧ ਪੋਲਿੰਗ ਹੋਈ, ਜਦੋਂਕਿ ਜੰਮੂ ਕਸ਼ਮੀਰ ਦੇ ਇਕੋ ਇਕ ਸੰਸਦੀ ਹਲਕੇ ਸ੍ਰੀਨਗਰ ਲਈ 37.93 ਫ਼ੀਸਦੀ ਪੋਲਿੰਗ ਰਿਕਾਰਡ ਕੀਤੀ ਗਈ ਹੈ। ਧਾਰਾ 370 ਮਨਸੂਖ ਕੀਤੇ ਜਾਣ ਮਗਰੋਂ ਵਾਦੀ ਵਿਚ ਇਹ ਪਹਿਲੀ ਲੋਕ ਸਭਾ ਚੋਣ ਹੈ। ਚੋਣ ਕਮਿਸ਼ਨ ਨੇ ਕਿਹਾ ਕਿ 'ਦਹਾਕਿਆਂ ਵਿਚ ਇਹ ਸਭ ਤੋਂ ਵੱਧ ਵੋਟ ਫੀਸਦੀ' ਹੈ। ਇਸੇ ਤਰ੍ਹਾਂ ਆਂਧਰਾ ਪ੍ਰਦੇਸ਼ ਵਿਚ 68.20 ਫ਼ੀਸਦੀ, ਬਿਹਾਰ 56.75 ਫ਼ੀਸਦੀ, ਝਾਰਖੰਡ 64.59 ਫ਼ੀਸਦੀ, ਮੱਧ ਪ੍ਰਦੇਸ਼ 71.72 ਫ਼ੀਸਦੀ, ਮਹਾਰਾਸ਼ਟਰ 57.58 ਫ਼ੀਸਦੀ, ਉੜੀਸਾ 64.81 ਫ਼ੀਸਦੀ, ਤਿਲੰਗਾਨਾ 62.28 ਫ਼ੀਸਦੀ ਤੇ ਉੱਤਰ ਪ੍ਰਦੇਸ਼ ਵਿਚ 58.05 ਫ਼ੀਸਦੀ ਪੋਲਿੰਗ ਦਰਜ ਕੀਤੀ ਗਈ ਹੈ। ਆਂਧਰਾ ਪ੍ਰਦੇਸ਼ ਵਿਚ ਲੋਕ ਸਭਾ ਦੀਆਂ 25 ਸੀਟਾਂ ਦੇ ਨਾਲ ਹੀ 175 ਅਸੈਂਬਲੀ ਹਲਕਿਆਂ ਤੇ ਉੜੀਸਾ ਦੀਆਂ 28 ਅਸੈਂਬਲੀ ਸੀਟਾਂ ਲਈ ਵੀ ਵੋਟਾਂ ਪਈਆਂ।

ਲੋਕ ਸਭਾ ਚੋਣਾਂ ਦੇ ਪਹਿਲੇ ਤਿੰਨ ਗੇੜਾਂ ਵਿਚ ਵੋਟ ਫ਼ੀਸਦੀ ਕ੍ਰਮਵਾਰ 66.14 ਫ਼ੀਸਦੀ, 66.71 ਫ਼ੀਸਦੀ ਤੇ 65.68 ਫ਼ੀਸਦੀ ਰਹੀ ਸੀ। ਚੌਥੇ ਗੇੜ ਮਗਰੋਂ ਕੁੱਲ 543 ਸੀਟਾਂ ਵਿਚੋਂ 379 ਸੀਟਾਂ ਲਈ ਪੋਲਿੰਗ ਦਾ ਅਮਲ ਨਿੱਬੜ ਗਿਆ ਹੈ। ਤਿਲੰਗਾਨਾ ਦੀਆਂ 17 ਲੋਕ ਸਭਾ ਸੀਟਾਂ, ਆਂਧਰਾ ਪ੍ਰਦੇਸ਼ ਦੀਆਂ ਸਾਰੀਆਂ 25 ਸੀਟਾਂ, ਯੂ.ਪੀ. ਦੀਆਂ 13, ਬਿਹਾਰ 5, ਝਾਰਖੰਡ 4, ਮੱਧ ਪ੍ਰਦੇਸ਼ 8, ਮਹਾਰਾਸ਼ਟਰ 11, ਉੜੀਸਾ 4, ਪੱਛਮੀ ਬੰਗਾਲ 8 ਤੇ ਜੰਮੂ ਕਸ਼ਮੀਰ ਦੀ ਇਕ ਸੀਟ ਲਈ ਵੋਟਾਂ ਪਈਆਂ। ਚੌਥੇ ਗੇੜ ਦੀ ਪੋਲਿੰਗ ਮਗਰੋਂ ਸਪਾ ਆਗੂ ਅਖਿਲੇਸ਼ ਯਾਦਵ, ਕੇਂਦਰੀ ਮੰਤਰੀਆਂ ਗਿਰੀਰਾਜ ਸਿੰਘ, ਅਜੈ ਮਿਸ਼ਰਾ ਟੈਨੀ, ਟੀ.ਐੱਮ.ਸੀ. ਆਗੂ ਮਹੂਆ ਮੋਇਤਰਾ ਤੇ ਏ.ਆਈ.ਐੱਮ.ਆਈ. ਆਗੂ ਅਸਦੂਦੀਨ ਓਵਾਇਸੀ ਦੀ ਸਿਆਸੀ ਕਿਸਮਤ ਈ.ਵੀ.ਐੱਮਜ਼ 'ਚ ਬੰਦ ਹੋ ਗਈ।

ਚੋਣ ਅਥਾਰਿਟੀਜ਼ ਨੇ ਸੋਸ਼ਲ ਮੀਡੀਆ 'ਤੇ ਨਸ਼ਰ ਇਕ ਵੀਡੀਓ ਮਗਰੋਂ ਤਿਲੰਗਾਨਾ ਦੀ ਹੈਦਰਾਬਾਦ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਕੇ. ਮਾਧਵੀ ਲਤਾ ਖਿਲਾਫ਼ ਕੇਸ ਦਰਜ ਕੀਤਾ ਹੈ। ਇਸ ਵੀਡੀਓ ਵਿਚ ਭਾਜਪਾ ਉਮੀਦਵਾਰ ਬੁਰਕੇ ਵਿਚ ਆਈਆਂ ਮੁਸਲਿਮ ਮਹਿਲਾ ਵੋਟਰਾਂ ਨੂੰ ਫੋਟੋ ਸ਼ਨਾਖਤੀ ਕਾਰਡਾਂ ਨਾਲ ਆਪਣੇ ਚਿਹਰੇ ਤਸਦੀਕ ਕਰਵਾਉਣ ਵਾਸਤੇ ਆਖਦੀ ਨਜ਼ਰ ਆ ਰਹੀ ਹੈ। ਉਧਰ ਆਂਧਰਾ ਪ੍ਰਦੇਸ਼ ਵਿਚ ਟੀ.ਡੀ.ਪੀ. ਤੇ ਵਾਈ.ਐੱਸ.ਆਰ. ਕਾਂਗਰਸ ਪਾਰਟੀ ਨੇ ਇਕ ਦੂਜੇ 'ਤੇ ਖਾਸ ਕਰਕੇ ਪਾਲਨਾਡੂ, ਕਾੜੱਪਾ ਤੇ ਅੰਨਾਮਾਇਆ ਜ਼ਿਲ੍ਹਿਆਂ ਵਿਚ ਹਿੰਸਾ ਭੜਕਾਉਣ ਦੇ ਦੋਸ਼ ਲਾਏ। ਵਾਈ.ਐੱਸ.ਆਰ. ਕਾਂਗਰਸ ਨੇ ਟੀ.ਡੀ.ਪੀ. ਵੱਲੋਂ ਕਈ ਅਸੈਂਬਲੀ ਹਲਕਿਆਂ ਵਿਚ ਚੋਣ ਜ਼ਾਬਤੇ ਦੀ ਉਲੰਘਣਾ ਦਾ ਵੀ ਦੋਸ਼ ਲਾਇਆ। ਵਾਈ.ਐੱਸ.ਆਰ. ਕਾਂਗਰਸ ਨੇ ਟੀ.ਡੀ.ਪੀ. ਆਗੂਆਂ 'ਤੇ ਵੇਮੂਰੂ ਹਲਕੇ ਵਿਚ ਪੰਜ ਪੋਲਿੰਗ ਬੂਥਾਂ 'ਤੇ ਕਬਜ਼ੇ ਦਾ ਵੀ ਦੋਸ਼ ਲਾਇਆ। ਟੀ.ਡੀ.ਪੀ. ਸੁਪਰੀਮੋ ਚੰਦਰਬਾਬੂ ਨਾਇਡੂ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਲੋਕਾਂ ਲਈ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਸੂਬੇ ਵਿਚ ਸਾਜ਼ਗਾਰ ਮਾਹੌਲ ਨਹੀਂ ਹੈ।

ਉੱਤਰ ਪ੍ਰਦੇਸ਼ ਦੇ ਸ਼ਾਹਜਹਾਨਪੁਰ ਦੇ ਕੁਝ ਪਿੰਡਾਂ ਵਿਚ ਲੋਕਾਂ ਨੇ ਸੜਕਾਂ ਤੇ ਹੋਰ ਵਿਕਾਸ ਕਾਰਜਾਂ ਦੀ ਅਣਹੋਂਦ ਕਰਕੇ ਰੋਸ ਵਜੋਂ ਚੋਣਾਂ ਦਾ ਬਾਈਕਾਟ ਕੀਤਾ। ਚੋਣ ਕਮਿਸ਼ਨ ਦੇ ਡੇਟਾ ਮੁਤਾਬਕ ਅਕਬਰਪੁਰ ਸੰਸਦੀ ਹਲਕੇ ਵਿਚ 57.58 ਫ਼ੀਸਦੀ, ਬਹਿਰਾਇਚ 57.47 ਫ਼ੀਸਦੀ, ਧੌਰਾਹਰਾ 64.12 ਫ਼ੀਸਦੀ, ਇਟਾਵਾ 56.19 ਫ਼ੀਸਦੀ, ਫ਼ਾਰੁਖ਼ਾਬਾਦ 58.90 ਫ਼ੀਸਦੀ, ਹਰਦੋਈ 57.45 ਫ਼ੀਸਦੀ, ਕਨੌਜ 60.89 ਫ਼ੀਸਦੀ, ਕਾਨਪੁਰ 52.90 ਫ਼ੀਸਦੀ, ਖੀਰੀ 64.64 ਫ਼ੀਸਦੀ, ਮਿਸਰਿਖ 55.78 ਫ਼ੀਸਦੀ, ਸ਼ਾਹਜਹਾਨਪੁਰ 53.14 ਫ਼ੀਸਦੀ, ਸੀਤਾਪੁਰ 62.22 ਫ਼ੀਸਦੀ ਤੇ ਉਨਾਓ 55.33 ਫ਼ੀਸਦੀ ਵੋਟਾਂ ਪਈਆਂ। ਅਖਿਲੇਸ਼ ਯਾਦਵ ਕਨੌਜ ਜਦੋਂਕਿ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਖੀਰੀ ਹਲਕੇ ਤੋਂ ਚੋਣ ਮੈਦਾਨ ਵਿਚ ਹਨ। ਉੜੀਸਾ ਵਿਚ ਕਈ ਥਾਵਾਂ 'ਤੇ ਈ.ਵੀ.ਐੱਮਜ਼ ਵਿਚ ਤਕਨੀਕੀ ਨੁਕਸ ਪੈਣ ਦੀਆਂ ਰਿਪੋਰਟਾਂ ਹਨ। ਇਕ ਅਧਿਕਾਰੀ ਨੇ ਕਿਹਾ ਕਿ 65 ਬੈਲੇਟ ਯੂਨਿਟਾਂ, 83 ਕੰਟਰੋਲ ਯੂਨਿਟਾਂ ਤੇ 110 ਵੀ.ਵੀ.ਪੈਟ ਤਬਦੀਲ ਕੀਤੀਆਂ ਗਈਆਂ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਡਿਊਟੀ ਵਿਚ ਕੁਤਾਹੀ ਦੇ ਦੋਸ਼ ਹੇਠ ਚੋਣ ਕਮਿਸ਼ਨ ਨੇ ਦੋ ਪੋਲਿੰਗ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਹੈ।

# ਏ.ਜੀ.ਟੀ.ਐੱਫ. ਵੱਲੋਂ ਮਾਸਟਰਮਾਈਂਡ ਇਕਬਾਲਪ੍ਰੀਤ ਬੁਚੀ ਦੀ ਹਮਾਇਤ ਪ੍ਰਾਪਤ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼

- ਮੁੱਖ ਸੰਚਾਲਕ ਗੁਰਵਿੰਦਰ ਸ਼ੇਰਾ ਸਮੇਤ ਚਾਰ ਮੈਂਬਰ ਕਾਬੂ
- ਤਿੰਨ ਪਿਸਤੌਲਾਂ ਸਮੇਤ 13 ਜ਼ਿੰਦਾ ਕਾਰਤੂਸ ਬਰਾਮਦ; ਮਹਿੰਦਰਾ ਸਕਾਰਪੀਓ ਕਾਰ ਜ਼ਬਤ

**ਚੰਡੀਗੜ੍ਹ, (ਪੰਜਾਬ ਮੇਲ)-** ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਵੱਡੀ ਸਫਲਤਾ ਹਾਸਲ ਕਰਦਿਆਂ ਵਿਦੇਸ਼ ਆਧਾਰਿਤ ਮਾਸਟਰ ਮਾਈਂਡ ਇਕਬਾਲਪ੍ਰੀਤ ਸਿੰਘ ਉਰਫ਼ ਬੁਚੀ ਵੱਲੋਂ ਚਲਾਏ ਜਾ ਰਹੇ ਅੱਤਵਾਦੀ ਮਾਡਿਊਲ ਦੇ ਮੁੱਖ ਸੰਚਾਲਕ ਗੁਰਵਿੰਦਰ ਸਿੰਘ ਉਰਫ ਸ਼ੇਰਾ ਸਮੇਤ ਚਾਰ ਮਾਡਿਊਲ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਜਾਣਕਾਰੀ ਮੁਤਾਬਿਕ ਮੁਲਜ਼ਮ ਗੁਰਵਿੰਦਰ ਸ਼ੇਰਾ, ਜੋ ਇਸ ਵੇਲੇ ਜ਼ਮਾਨਤ 'ਤੇ ਸੀ, ਨੂੰ ਏ.ਜੀ.ਟੀ.ਐੱਫ. ਨੇ 2022 ਵਿਚ ਇਕਬਾਲਪ੍ਰੀਤ ਬੁਚੀ, ਜਿਸ ਨੇ ਗੁਰਵਿੰਦਰ ਸ਼ੇਰਾ ਨੂੰ ਸੂਬੇ ਵਿਚ ਮਿੱਥ ਕੇ ਕਤਲ ਦੀਆਂ ਵਾਰਦਾਤ ਨੂੰ ਅੰਜਾਮ ਦੇਣ ਲਈ 1.50 ਲੱਖ ਰੁਪਏ ਦਿੱਤੇ ਸਨ, ਦੇ ਨਿਰਦੇਸ਼ਾਂ 'ਤੇ ਮਿੱਥ ਕੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰ ਕੀਤੇ ਗਏ ਤਿੰਨ ਹੋਰ ਮਾਡਿਊਲ ਮੈਂਬਰਾਂ ਦੀ ਪਛਾਣ ਗੁਰਪ੍ਰੀਤ ਸਿੰਘ ਵਾਸੀ ਪਟਿਆਲਾ, ਰਣਜੀਤ ਸਿੰਘ ਉਰਫ਼ ਸੋਨੂੰ ਅਤੇ ਜਗਜੀਤ ਸਿੰਘ ਉਰਫ਼ ਜਸ਼ਨ ਦੋਵੇਂ ਵਾਸੀ ਪੱਟੀ, ਤਰਨਤਾਰਨ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ ਤਿੰਨ ਪਿਸਤੌਲਾਂ ਸਮੇਤ 13 ਜ਼ਿੰਦਾ ਕਾਰਤੂਸ ਬਰਾਮਦ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਮਹਿੰਦਰਾ ਸਕਾਰਪੀਓ ਕਾਰ ਵੀ ਜ਼ਬਤ ਕੀਤੀ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਮੰਦ ਸੂਹ 'ਤੇ ਕਾਰਵਾਈ ਕਰਦਿਆਂ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏ.ਜੀ.ਟੀ.ਐੱਫ. ਦੀਆਂ ਟੀਮਾਂ ਨੇ ਰਾਜਪੁਰਾ ਦੇ ਲਿਬਰਟੀ ਚੌਕ ਵਿਖੇ ਨਾਕਾ ਲਗਾਇਆ। ਉਨ੍ਹਾਂ ਦੱਸਿਆ ਕਿ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਅਤੇ ਏ.ਆਈ.ਜੀ. ਸੰਦੀਪ ਗੋਇਲ ਦੀ ਨਿਗਰਾਨੀ ਅਤੇ ਡੀ.ਐੱਸ.ਪੀ. ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਉਕਤ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਉਹ ਆਪਣੀ ਮਹਿੰਦਰਾ ਸਕਾਰਪੀਓ ਕਾਰ ਵਿਚ ਜਾ ਰਹੇ ਸਨ।


**MATRIMONIAL**

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

**MATRIMONIAL**

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Lovepreet Singh Gill, 26 yrs old, 5'11". US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਪੰਜਾਬ ਸਿਆਸਤ ਦੇ ਇਤਿਹਾਸ 'ਚ ਵੇਖਣ ਨੂੰ ਮਿਲੀਆਂ ਸਭ ਤੋਂ ਵੱਧ ਦਲ-ਬਦਲੀਆਂ

**■ ਪੰਜਾਬ 'ਚ ਹਰ ਚੌਥੇ ਉਮੀਦਵਾਰ ਨੇ ਪਾਰਟੀ ਬਦਲ ਕੇ ਲਈ ਟਿਕਟ**

**■ ਭਾਜਪਾ ਨੇ ਸਭ ਤੋਂ ਵੱਧ ਦਲ-ਬਦਲੂਆਂ ਨੂੰ ਦਿੱਤੀ ਟਿਕਟ**

**ਚੰਡੀਗੜ੍ਹ, (ਪੰਜਾਬ ਮੇਲ)-** ਇਸ ਵਾਰ ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਲ-ਬਦਲੀਆਂ ਵੇਖਣ ਨੂੰ ਮਿਲੀਆਂ ਹਨ। ਪਹਿਲਾਂ ਜਿੱਥੇ ਦੇਸ਼ ਦੇ ਕਈ ਹਿੱਸਿਆਂ ਵਿਚ ਦਲ-ਬਦਲੀ ਦੀ ਸਿਆਸਤ ਦਾ ਜ਼ੋਰ ਹੁੰਦਾ ਸੀ, ਪੰਜਾਬ ਅਜਿਹੀ ਸਿਆਸਤ ਤੋਂ ਦੂਰ ਹੀ ਚੱਲਦਾ ਸੀ। ਪਰ ਇਸ ਵਾਰ ਪੰਜਾਬ ਵਿਚ ਵੀ ਵੱਡੇ ਪੱਧਰ 'ਤੇ ਬਦਲ ਬਦਲੀਆਂ ਵੇਖਣ ਨੂੰ ਮਿਲੀਆਂ ਹਨ। ਇਸ ਚੀਜ਼ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਦੀਆਂ 13 ਸੀਟਾਂ 'ਤੇ ਭਾਜਪਾ, ਆਮ ਆਦਮੀ ਪਾਰਟੀ, ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ 52 ਉਮੀਦਵਾਰਾਂ 'ਚ ਹਰ ਚੌਥਾ ਉਮੀਦਵਾਰ ਦਲ-ਬਦਲੂ ਹੈ। ਇਨ੍ਹਾਂ ਪਾਰਟੀਆਂ ਦੇ ਉਮੀਦਵਾਰਾਂ ਵਿਚੋਂ 14 ਉਮੀਦਵਾਰ ਅਜਿਹੇ ਹਨ, ਜਿਹੜੇ ਆਪਣੀ ਪੁਰਾਣੀ ਪਾਰਟੀ ਨੂੰ ਛੱਡ ਕੇ ਨਵੀਂ ਪਾਰਟੀ ਵੱਲੋਂ ਚੋਣ ਲੜ ਰਹੇ ਹਨ। ਇਨ੍ਹਾਂ ਨੇ ਪਿਛਲੇ ਢਾਈ ਸਾਲ ਦੇ ਅੰਦਰ-ਅੰਦਰ ਹੀ ਪਾਰਟੀ ਬਦਲੀ ਤੇ ਉਨ੍ਹਾਂ ਨੂੰ ਲੋਕ ਸਭਾ ਦੀ ਟਿਕਟ ਵੀ ਦੇ ਦਿੱਤੀ ਗਈ ਹੈ।

ਉਂਝ ਤਾਂ ਚਾਰੋ ਪਾਰਟੀਆਂ ਨੇ ਦੂਜੀਆਂ ਪਾਰਟੀਆਂ ਤੋਂ ਆਉਣ ਵਾਲੇ ਲੀਡਰਾਂ ਲਈ ਦਰਵਾਜ਼ੇ ਖੋਲ੍ਹ ਕੇ ਰੱਖੇ ਹਨ, ਪਰ ਭਾਜਪਾ ਵੱਲੋਂ ਸਭ ਤੋਂ ਵੱਧ 7 ਅਜਿਹੇ ਲੀਡਰਾਂ ਨੂੰ ਟਿਕਟ ਦਿੱਤੀ ਗਈ ਹੈ, ਜਿਹੜੇ ਕੁਝ ਸਮਾਂ ਪਹਿਲਾਂ ਹੀ ਪਾਰਟੀ ਵਿਚ ਸ਼ਾਮਲ ਹੋਏ ਹਨ। ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਵੀ ਅਜਿਹੇ 3 ਉਮੀਦਵਾਰ ਐਲਾਨੇ ਹਨ, ਜਦਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕੋ ਅਜਿਹੇ ਲੀਡਰ ਨੂੰ ਟਿਕਟ ਦਿੱਤੀ ਗਈ ਹੈ।

ਜਲੰਧਰ ਤੋਂ ਭਾਜਪਾ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੇ ਇੱਕੋ ਸਾਲ ਵਿਚ 2 ਵਾਰ ਪਾਰਟੀ ਬਦਲੀ ਹੈ। 2017 'ਚ ਕਾਂਗਰਸ ਵੱਲੋਂ ਜਲੰਧਰ ਵੈਸਟ ਤੋਂ ਵਿਧਾਇਕ ਬਣਨ ਵਾਲੇ ਸੁਸ਼ੀਲ ਕੁਮਾਰ ਰਿੰਕੂ 2022 ਵਿਚ ਵਿਧਾਨ ਸਭਾ ਦੀ ਚੋਣ ਹਾਰ ਗਏ ਸਨ। 2023 'ਚ ਉਹ ਪਾਰਟੀ ਬਦਲ ਕੇ ਆਮ ਆਦਮੀ ਪਾਰਟੀ ਵਿਚ ਆਏ ਤੇ ਜਲੰਧਰ ਤੋਂ ਜ਼ਿਮਨੀ ਚੋਣ ਵਿਚ ਲੋਕ ਸਭਾ ਮੈਂਬਰ ਬਣ ਗਏ। 2024 ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਮੁੜ ਉਮੀਦਵਾਰ ਐਲਾਨ ਦਿੱਤਾ ਸੀ, ਪਰ ਫ਼ਿਰ ਵੀ ਇਹ ਐਨ ਮੌਕੇ 'ਤੇ ਭਾਜਪਾ ਵਿਚ ਚਲੇ ਗਏ ਅਤੇ ਭਾਜਪਾ ਨੇ ਉਨ੍ਹਾਂ ਨੂੰ ਜਲੰਧਰ ਤੋਂ ਹੀ ਟਿਕਟ ਦੇ ਦਿੱਤੀ।

ਭਾਰਤੀ ਜਨਤਾ ਪਾਰਟੀ 1996 ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਤੋਂ ਬਗੈਰ ਲੋਕ ਸਭਾ ਚੋਣ ਲੜਣ ਜਾ ਰਹੀ ਹੈ। ਭਾਜਪਾ ਇਸ ਵਾਰ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਕਿਸਮਤ ਅਜ਼ਮਾ ਰਹੀ ਹੈ। ਇਸ ਲਈ ਪਾਰਟੀ ਨੇ ਮੌਜੂਦਾ ਸੰਸਦ ਮੈਂਬਰਾਂ 'ਤੇ ਦਾਅ ਖੇਡਿਆ ਹੈ। ਭਾਜਪਾ ਨੇ 7 ਦਲ-ਬਦਲੂਆਂ ਨੂੰ ਲੋਕ ਸਭਾ ਦੀ ਟਿਕਟ ਦਿੱਤੀ ਹੈ। ਇਨ੍ਹਾਂ ਵਿਚ 3 ਮੌਜੂਦਾ ਸੰਸਦ ਮੈਂਬਰ- ਕਾਂਗਰਸ ਦੀ ਟਿਕਟ ਤੋਂ ਜਿੱਤਣ ਵਾਲੇ ਰਵਨੀਤ ਬਿੱਟੂ ਅਤੇ ਪਰਨੀਤ ਕੌਰ ਅਤੇ 'ਆਪ' ਵੱਲੋਂ ਜਿੱਤਣ ਵਾਲੇ ਸੁਸ਼ੀਲ ਕੁਮਾਰ ਰਿੰਕੂ ਸ਼ਾਮਲ ਹਨ। ਇਸ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਵੀ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

ਆਮ ਆਦਮੀ ਪਾਰਟੀ ਵੱਲੋਂ ਨਾ ਸਿਰਫ਼ ਆਪਣੇ ਕੈਬਨਿਟ ਮੰਤਰੀਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ, ਸਗੋਂ ਦੂਜੀਆਂ ਪਾਰਟੀਆਂ ਦੇ ਵਿਧਾਇਕਾਂ ਤੇ ਸਾਬਕਾ ਵਿਧਾਇਕਾਂ ਨੂੰ ਵੀ ਪਾਰਟੀ ਵਿਚ ਸ਼ਾਮਲ ਕਰ ਕੇ ਲੋਕ ਸਭਾ ਚੋਣਾਂ ਲਈ ਟਿਕਟ ਦਿੱਤੀ ਗਈ ਹੈ। ਦੂਜੀਆਂ ਪਾਰਟੀਆਂ 'ਚੋਂ ਆਏ ਆਗੂਆਂ ਵਿਚ ਮੌਜੂਦਾ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਪਵਨ ਕੁਮਾਰ ਟੀਨੂੰ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਚੱਬੇਵਾਲ ਅਤੇ ਜੀ.ਪੀ. ਨੇ ਇਸੇ ਸਾਲ ਮਾਰਚ ਵਿਚ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਹੈ। ਇਹ ਦੋਵੇਂ ਹੁਸ਼ਿਆਰਪੁਰ ਤੇ ਫ਼ਤਿਹਗੜ੍ਹ ਸਾਹਿਬ ਤੋਂ ਚੋਣ ਲੜ ਰਹੇ ਹਨ। ਉੱਥੇ ਹੀ ਪਿਛਲੇ ਮਹੀਨੇ ਸ਼੍ਰੋਮਣੀ ਅਕਾਲੀ ਦਲ ਤੋਂ ਪਾਸਾ ਵੱਟ ਕੇ ਆਮ ਆਦਮੀ ਪਾਰਟੀ ਵਿਚ ਆਏ ਪਵਨ ਕੁਮਾਰ ਟੀਨੂੰ ਨੂੰ ਜਲੰਧਰ ਤੋਂ ਉਮੀਦਵਾਰ ਐਲਾਨਿਆ ਗਿਆ ਹੈ।

ਕਾਂਗਰਸ ਦੀ ਗੱਲ ਕਰੀਏ, ਤਾਂ ਉਸ ਨੇ 3 ਦਲ-ਬਦਲੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਸ ਵਿਚ 4 ਵਾਰ ਦੇ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਬਠਿੰਡੇ ਤੋਂ ਚੋਣ ਲੜ ਰਹੇ ਹਨ। ਉਹ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਗਏ ਸਨ ਤੇ ਤਕਰੀਬਨ ਇਕ ਦਹਾਕੇ ਬਾਅਦ ਘਰ-ਵਾਪਸੀ ਕੀਤੀ ਹੈ। ਪਟਿਆਲਾ ਤੋਂ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਸਿਆਸੀ ਸਫ਼ਰ ਦੀ ਸ਼ੁਰੂਆਤ 2014 ਵਿਚ ਆਮ ਆਦਮੀ ਪਾਰਟੀ ਵੱਲੋਂ ਕੀਤੀ ਸੀ ਤੇ ਜਿੱਤੇ ਵੀ ਸਨ। ਇਸ ਮਗਰੋਂ ਉਨ੍ਹਾਂ ਨੇ ਆਪਣੀ ਵੱਖਰੀ ਪਾਰਟੀ ਬਣਾ ਲਈ ਸੀ ਤੇ ਇਸ ਸਾਲ 1 ਅਪ੍ਰੈਲ ਨੂੰ ਉਨ੍ਹਾਂ ਨੇ ਆਪਣੀ ਪਾਰਟੀ ਦਾ ਕਾਂਗਰਸ ਵਿਚ ਰਲੇਵਾਂ ਕਰ ਦਿੱਤਾ।

# ਤਰਨਜੀਤ ਸੰਧੂ, ਰਵਨੀਤ ਬਿੱਟੂ, ਚਰਨਜੀਤ ਚੰਨੀ ਵੱਲੋਂ ਨਾਮਜ਼ਦਗੀ ਪੱਤਰ ਦਾਖਲ

**■ ਅੰਮ੍ਰਿਤਪਾਲ ਸਿੰਘ ਦੇ ਪਰਚੇ ਵੀ ਦਾਖਲ ਕੀਤੇ**



**ਚੰਡੀਗੜ੍ਹ, (ਪੰਜਾਬ ਮੇਲ)-** ਤਰਨਜੀਤ ਸਿੰਘ ਸੰਧੂ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਰੰਧਾਵਾ, ਰਵਨੀਤ ਸਿੰਘ ਬਿੱਟੂ ਅਤੇ ਗੁਰਮੀਤ ਸਿੰਘ ਖੁੱਡੀਆਂ ਸਮੇਤ ਪੰਜਾਬ ਦੇ ਕਈ ਸਿਆਸਤਦਾਨਾਂ ਨੇ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਅੰਮ੍ਰਿਤਪਾਲ ਸਿੰਘ, ਜੋ ਕਿ ਕੌਮੀ ਸੁਰੱਖਿਆ ਕਾਨੂੰਨ ਤਹਿਤ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ, ਦੇ ਨਾਮਜ਼ਦਗੀ ਪੱਤਰ ਉਨ੍ਹਾਂ ਦੇ ਨੁਮਾਇੰਦੇ ਵੱਲੋਂ ਖਡੂਰ ਸਾਹਿਬ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਦਾਖ਼ਲ ਕੀਤੇ ਗਏ ਸਨ। ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਰਾਜ ਕੁਮਾਰ ਚੱਬੇਵਾਲ ਅਤੇ ਕਾਂਗਰਸ ਦੀ ਯਾਮਿਨੀ ਗੋਮਰ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ, ਜਦਕਿ ਅਕਾਲੀ ਦਲ ਦੇ ਮਹਿੰਦਰ ਸਿੰਘ ਕੇ.ਪੀ., ਕਾਂਗਰਸ ਦੇ ਚਰਨਜੀਤ ਸਿੰਘ ਚੰਨੀ ਅਤੇ ਭਾਜਪਾ ਦੇ ਸੁਸ਼ੀਲ ਰਿੰਕੂ ਨੇ ਜਲੰਧਰ ਤੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਹਨ। ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਭਾਰਤੀ ਜਨਤਾ ਪਾਰਟੀ ਵੱਲੋਂ ਅੰਮ੍ਰਿਤਸਰ ਤੋਂ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਪਹਿਲਾਂ, ਸੰਧੂ ਨੇ ਅੰਮ੍ਰਿਤਸਰ ਵਿਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ

# ਪੰਜਾਬ ਲਈ 'ਆਪ' ਵੱਲੋਂ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਸਬੰਧੀ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਲਈ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਸ਼ਾਮਲ ਹਨ। ਇਸ ਸੂਚੀ 'ਚ ਦਿੱਲੀ ਤੋਂ ਮਨੀਸ਼ ਸਿਸੋਦੀਆ, ਸੰਜੇ ਸਿੰਘ, ਡਾ. ਸੰਦੀਪ ਪਾਠਕ, ਪੰਕਜ ਗੁਪਤਾ, ਐੱਨ.ਡੀ. ਗੁਪਤਾ, ਗੋਪਾਲ ਰਾਏ, ਰਾਘਵ ਚੱਢਾ, ਸਤੇਂਦਰ ਜੈਨ, ਆਤਿਸ਼ੀ, ਸੌਰਭ ਭਾਰਦਵਾਜ, ਕੈਲਾਸ਼ ਗਹਿਲੋਤ ਸ਼ਾਮਲ ਸਨ।

ਕਈ ਕੈਬਨਿਟ ਮੰਤਰੀ ਵੀ ਸਟਾਰ ਪ੍ਰਚਾਰਕਾਂ ਦੀ ਸੂਚੀ 'ਚ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ 'ਚ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਅਨਮੋਲ ਗਗਨ ਮਾਨ, ਚੇਤਨ ਸਿੰਘ ਜੌੜਾਮਾਜਰਾ, ਬ੍ਰਹਮ ਸ਼ੰਕਰ ਜਿੰਪਾ, ਹਰਜੋਤ ਸਿੰਘ ਬੈਂਸ, ਬਲਕਾਰ ਸਿੰਘ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ, ਬਲਜੀਤ ਕੌਰ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਪ੍ਰਿੰਸੀਪਲ ਬੁੱਧਰਾਮ, ਬਲਜਿੰਦਰ ਕੌਰ, ਸੰਜੀਵ ਝਾਅ, ਜਸਵੀਰ ਸਿੰਘ ਰਾਜਾ ਗਿੱਲ, ਤਰਨਪ੍ਰੀਤ ਸਿੰਘ ਸੌਂਦ, ਮਨਜਿੰਦਰ ਸਿੰਘ ਲਾਲਪੁਰਾ, ਮਨਜੀਤ ਸਿੰਘ ਬਿਲਾਸਪੁਰ, ਸਰਬਜੀਤ ਕੌਰ ਮਾਣੂੰਕੇ, ਕੁਲਵੰਤ ਸਿੰਘ ਪੰਡੋਰੀ, ਡਾ: ਇੰਦਰਬੀਰ ਸਿੰਘ ਨਿੱਜਰ, ਦਲਜੀਤ ਸਿੰਘ ਗਰੇਵਾਲ, ਨਰਿੰਦਰਪਾਲ ਸਿੰਘ, ਜਗਦੀਪ ਸਿੰਘ ਗੋਲਡੀ ਕੰਬੋਜ, ਦਵਿੰਦਰ ਸਿੰਘ ਲਾਡੀ, ਦਿਨੇਸ਼ ਚੱਢਾ ਅਤੇ ਡਾ. ਰਵਜੋਤ ਸ਼ਾਮਲ ਹਨ।










# ਪੰਜਾਬ ਪੁਲਿਸ ਵੱਲੋਂ ਅੰਤਰਰਾਜੀ ਡਰੱਗ ਨੈੱਟਵਰਕ ਦਾ ਪਰਦਾਫਾਸ਼

**■ 70 ਲੱਖ ਨਸ਼ੀਲੀਆਂ ਗੋਲੀਆਂ ਬਰਾਮਦ**

**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)**- ਫਾਰਮਾ ਓਪੀਆਡਜ਼ ਵਿਰੁੱਧ ਵੱਡੀ ਖੁਫੀਆ ਕਾਰਵਾਈ ਕਰਦੇ ਹੋਏ ਪੰਜਾਬ ਦੀ ਸਪੈਸ਼ਲ ਟਾਸਕ ਫੋਰਸ (ਐੱਸ.ਟੀ.ਐੱਫ.) ਨੇ ਹਿਮਾਚਲ ਪ੍ਰਦੇਸ਼ ਦੇ ਬੱਦੀ ਸਥਿਤ ਫਾਰਮਾ ਫੈਕਟਰੀ ਤੋਂ ਚੱਲ ਰਹੇ ਸਾਇਕੋਟ੍ਰੋਪਿਕ ਪਦਾਰਥਾਂ ਦੇ ਨਿਰਮਾਣ ਤੇ ਸਪਲਾਈ ਇਕਾਈਆਂ ਦੇ ਅੰਤਰਰਾਜੀ ਗੈਰ-ਕਾਨੂੰਨੀ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਹੈ। ਪੰਜਾਬ ਪੁਲਿਸ ਦੇ ਮਹਾਨਿਰਦੇਸ਼ਕ ਗੌਰਵ ਯਾਦਵ ਨੇ ਪੱਤਰਕਾਰਾਂ ਨੂੰ ਉਕਤ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਸਪੈਸ਼ਲ ਟਾਸਕ ਫੋਰਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤਰਨਤਾਰਨ ਦੇ ਪਿੰਡ ਕੋਟ ਮੁਹੰਮਦ ਖਾਨ ਦੇ ਸੁਖਵਿੰਦਰ ਸਿੰਘ ਉਰਫ ਧਾਮੀ ਤੇ ਅੰਮ੍ਰਿਤਸਰ ਦੇ ਗੋਵਿੰਦ ਨਗਰ ਦੇ ਜਸਪ੍ਰੀਤ ਸਿੰਘ ਉਰਫ ਜੱਸ ਨਾਮੀ ਦੋ ਨਸ਼ਾ ਸਮੱਗਲਰਾਂ ਦੇ ਅਗਲੇ ਪਿਛਲੇ ਸਬੰਧਾਂ ਦੀ ਤਿੰਨ ਮਹੀਨੇ ਤੱਕ ਦੀ ਬਾਰੀਕੀ ਨਾਲ ਜਾਂਚ ਤੋਂ ਬਾਅਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਸਮੱਗਲਰਾਂ ਨੂੰ ਇਸ ਸਾਲ ਫਰਵਰੀ ਮਹੀਨੇ ਬਿਆਸ ਤੋਂ 4.24 ਲੱਖ ਨਸ਼ੀਲੀ ਗੋਲੀਆਂ/ਕੈਪਸੂਲ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਸੀ।

ਪੰਜ ਸੂਬਿਆਂ 'ਚ ਚਲਾਏ ਗਏ ਇਸ ਪੂਰੇ ਆਪ੍ਰੇਸ਼ਨ ਦੌਰਾਨ ਪੁਲਿਸ ਵੱਲੋਂ ਕੁਲ 7 ਨਸ਼ਾ ਸਮੱਗਲਰਾਂ/



ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ 70.42 ਲੱਖ ਨਸ਼ੀਲੀ ਗੋਲੀਆਂ/ਕੈਪਸੂਲ 2.37 ਲੱਖ ਰੁਪਏ ਦੀ ਡਰੱਗ ਮਨੀ ਅਤੇ 725.5 ਕਿਲੋ ਨਸ਼ੀਲੇ ਟ੍ਰਾਮਾਡੋਲ ਪਾਊਡਰ ਦੀ ਪ੍ਰਭਾਵੀ ਬਰਾਮਦਗੀ ਹੋਈ ਹੈ। ਇਨ੍ਹਾਂ ਪੰਜ ਸੂਬਿਆਂ 'ਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਸ਼ਾਮਲ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਨ੍ਹਾਂ ਦੋ ਨਸ਼ਾ ਸਮੱਗਲਰਾਂ ਦੀ ਗ੍ਰਿਫਤਾਰੀ ਪਿੱਛੋਂ ਪੁਲਿਸ ਸਪਰਡੈਂਟ (ਐੱਸ.ਟੀ.ਐੱਫ.) ਵਿਸ਼ਾਲਜੀਤ ਸਿੰਘ ਅਤੇ ਡੀ.ਐੱਸ.ਪੀ. (ਐੱਸ.ਟੀ.ਐੱਫ.) ਵਵਿੰਦਰ ਕੁਮਾਰ ਦੀ ਅਗਵਾਈ ਅਧੀਨ ਪੁਲਿਸ ਟੀਮਾਂ ਨੇ ਇਸ ਰੈਕੇਟ ਦੇ ਮੁੱਖ ਸਰਗਨਾ ਐਲੇਕਸ ਪਾਲੀਵਾਲ ਨੂੰ ਉਤਰ ਪ੍ਰਦੇਸ਼ ਦੇ ਸਹਾਰਨਪੁਰ 'ਚ ਟ੍ਰੇਸ ਕਰ ਕੇ ਗ੍ਰਿਫਤਾਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਹੈ ਅਤੇ ਉਸ ਦੇ ਕਬਜ਼ੇ 'ਚੋਂ 9.04 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 1.37 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ।

ਉਨ੍ਹਾਂ ਦੱਸਿਆ ਕਿ ਦੋਸ਼ੀ ਐਲੇਕਸ ਪਾਲੀਵਾਲ ਦੇ ਖੁਲਾਸੇ ਪਿੱਛੋਂ ਹਿਮਾਚਲ ਪ੍ਰਦੇਸ਼ 'ਚ ਕਾਰਵਾਈ ਕਰਦੇ ਹੋਏ ਡਰੱਗ ਕੰਟਰੋਲ ਅਫਸਰ ਸੁਖੀਪ ਸਿੰਘ ਅਤੇ ਰਮਨੀਕ ਸਿੰਘ ਦੀ ਮੌਜੂਦਗੀ 'ਚ ਪੁਲਿਸ ਟੀਮਾਂ ਨੇ ਬਾਇਜੈਨੇਟਿਕ ਡਰੱਗ ਪ੍ਰਾਈਵੇਟ ਲਿਮਟਿਡ ਦੀ ਜਾਂਚ ਕੀਤੀ ਅਤੇ ਰਿਕਾਰਡ ਜ਼ਬਤ ਕੀਤੇ। ਇਨ੍ਹਾਂ ਰਿਕਾਰਡਾਂ ਤੋਂ ਪਤਾ ਲੱਗਾ ਕਿ ਕੰਪਨੀ ਨੇ ਸਿਰਫ 8 ਮਹੀਨੇ 'ਚ 20 ਕਰੋੜ ਤੋਂ ਵੱਧ ਐਲਪਰਾਜੋਲਮ ਗੋਲੀਆਂ ਦਾ ਨਿਰਮਾਣ ਕੀਤਾ। ਰਿਕਾਰਡਾਂ ਤੋਂ ਮਹਾਰਾਸ਼ਟਰ ਦੀ ਮੈਸਰਜ਼ ਐਸਟਰ ਫਾਰਮਾ ਨੂੰ ਦਿੱਤੀ ਜਾਣ ਵਾਲੀ ਸਪਲਾਈ ਦਾ ਵੀ ਪਤਾ ਲੱਗਾ। ਇਸ ਸਬੰਧੀ ਵੱਧ ਜਾਂਚ ਤੋਂ ਬੱਦੀ ਸਥਿਤ ਬਾਇਓਜੈਨੇਟਿਕ ਡਰੱਗ ਪ੍ਰਾਈਵੇਟ ਲਿਮਟਿਡ ਦੀ ਦੂਜੀ ਫਾਰਮਾ ਨਿਰਮਾਣ ਕੰਪਨੀ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟਰੀ ਦਾ ਪਰਦਾਫਾਸ਼ ਹੋਇਆ। ਡੀ.ਜੀ.ਪੀ. ਨੇ ਕਿਹਾ ਕਿ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟ੍ਰੀਜ਼ ਵਿਰੁੱਧ ਕੀਤੀ ਗਈ ਕਾਰਵਾਈ ਦੌਰਾਨ 47.32 ਨਸ਼ੀਲੇ ਕੈਪਸੂਲ ਅਤੇ 725.5 ਕਿਲੋ ਨਸ਼ੀਲੇ ਟ੍ਰਾਮਾਡੋਲ ਪਾਊਡਰ ਜੋ ਕਿ 1.5 ਕਰੋੜ ਕੈਪਸੂਲ ਬਣਾਉਣ ਲਈ ਕਾਫੀ ਸੀ, ਬਰਾਮਦ ਹੋਇਆ। ਰਿਕਾਰਡ ਤੋਂ ਪਤਾ ਲੱਗਾ ਕਿ ਸਮਾਈਲੈਕਸ ਫਾਰਮਾ ਕੈਮ ਡਰੱਗ ਇੰਡਸਟ੍ਰੀਜ਼ ਨੇ ਇਕ ਸਾਲ ਦੇ ਅੰਦਰ 6500 ਕਿਲੋਗ੍ਰਾਮ ਨਸ਼ੀਲਾ ਟ੍ਰਾਮਾਡੋਲ ਪਾਊਡਰ ਖਰੀਦਿਆ ਸੀ।

ਇਸ ਸਬੰਧੀ ਐੱਫ.ਆਈ.ਆਰ. ਨੰਬਰ 31 ਮਿਤੀ 20.02.2024 ਨੂੰ ਥਾਣਾ ਐੱਸ.ਟੀ.ਐੱਫ., ਐੱਸ.ਏ.ਐੱਸ. ਨਗਰ 'ਚ ਐੱਨ.ਡੀ.ਪੀ.ਐੱਸ. ਐਕਟ ਦੀਆਂ ਧਾਰਾਵਾਂ 22-ਸੀ, 25, 27-ਏ ਅਤੇ 29 ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

## ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਗੋਲਡੀ ਬਰਾੜ-ਲਾਰੈਂਸ ਬਿਸ਼ਨੋਈ ਗੈਂਗ ਦੇ 10 ਗੁਰਗੇ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗੋਲਡੀ ਬਰਾੜ-ਲਾਰੈਂਸ ਬਿਸ਼ਨੋਈ ਗੈਂਗ ਦੇ 10 ਗੁਰਗਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੇਸ਼ ਦੇ ਵੱਖ-ਵੱਖ 7 ਸੂਬਿਆਂ 'ਚੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਉਸ ਵੇਲੇ ਦਬੋਚਿਆ ਗਿਆ, ਜਦੋਂ ਉਹ ਦਿੱਲੀ ਤੇ ਹੋਰ ਸੂਬਿਆਂ ਵਿਚ ਹੱਤਿਆ ਤੇ ਘਿਨੌਣੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ।

ਨਵੀਂ ਦਿੱਲੀ ਰੇਂਜ, ਸਪੈਸ਼ਲ ਸੈੱਲ ਦੇ ਡੀ.ਸੀ.ਪੀ. ਪ੍ਰਤੀਕਸ਼ਾ ਗੋਦਾਰਾ ਮੁਤਾਬਕ ਗ੍ਰਿਫਤਾਰ ਕੀਤੇ ਗਏ ਕੁਝ ਲੋਕ ਪਹਿਲਾਂ ਵੀ ਗੋਲਡੀ ਬਰਾੜ ਤੇ ਲਾਰੈਂਸ ਬਿਸ਼ਨੋਈ ਦੇ ਇਸ਼ਾਰੇ 'ਤੇ ਅਪਰਾਧਿਕ ਸਰਗਰਮੀਆਂ 'ਚ ਸ਼ਾਮਲ ਰਹੇ ਹਨ। ਉਨ੍ਹਾਂ ਦੇ ਕਬਜ਼ੇ 'ਚੋਂ ਭਾਰੀ ਮਾਤਰਾ 'ਚ ਨਾਜਾਇਜ਼ ਹਥਿਆਰ ਤੇ ਕਾਰਤੂਸ ਬਰਾਮਦ ਹੋਏ ਹਨ।

ਸਪੈਸ਼ਲ ਸੈੱਲ ਦੀ ਟੀਮ ਨੇ ਦਿੱਲੀ ਤੋਂ 2, ਰਾਜਸਥਾਨ ਤੋਂ ਇਕ, ਮੱਧ ਪ੍ਰਦੇਸ਼ ਤੋਂ ਇਕ, ਯੂ.ਪੀ. ਤੋਂ 2, ਪੰਜਾਬ ਤੋਂ 2, ਹਰਿਆਣਾ ਤੋਂ ਇਕ ਅਤੇ ਬਿਹਾਰ ਤੋਂ ਇਕ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਸਾਰੇ ਮੁਲਜ਼ਮਾਂ ਵਿਚ ਇਕ ਨਾਬਾਲਗ ਵੀ

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਲੋਕ ਸਭਾ ਚੋਣਾਂ 'ਚ ਪਈ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਗੂੰਜ

**■ ਇਨਸਾਫ ਨਾ ਮਿਲਣ 'ਤੇ ਸਰਕਾਰ ਨੂੰ ਘੇਰਨ ਲੱਗੀਆਂ ਵਿਰੋਧੀ ਪਾਰਟੀਆਂ**



**ਲੁਧਿਆਣਾ, (ਪੰਜਾਬ ਮੇਲ)**-ਮਰਹੂਮ ਪੰਜਾਬੀ ਗਾਇਕ ਤੇ ਕਾਂਗਰਸ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਵਾਲੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦਾ ਨਾਂ ਲੋਕ ਸਭਾ ਚੋਣਾਂ ਦੌਰਾਨ ਗੂੰਜ ਰਿਹਾ ਹੈ। ਸਿੱਧੂ ਮੂਸੇਵਾਲਾ ਕਤਲ ਕਾਂਡ ਨੂੰ ਲੈ ਕੇ ਵਿਰੋਧੀ ਧਿਰਾਂ ਸਰਕਾਰ ਨੂੰ ਘੇਰ ਰਹੀਆਂ ਹਨ। ਸਿੱਧੂ ਮੂਸੇਵਾਲਾ ਪਰਿਵਾਰ ਦੇ ਨਜ਼ਦੀਕੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤਾਂ ਲੁਧਿਆਣਾ ਦੇ ਨਾਲ-ਨਾਲ ਜਿੱਥੇ ਵੀ ਚੋਣ ਜਲਸਾ ਕਰਦੇ ਹਨ, ਉਹ ਸਿੱਧੂ ਮੂਸੇਵਾਲਾ ਨੂੰ ਯਾਦ ਕਰਦੇ ਹਨ ਤੇ ਸਾਫ਼ ਤੌਰ 'ਤੇ ਦੋਸ਼ ਲਾਉਂਦੇ ਹਨ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ 'ਚ ਆਈ ਹੈ, ਕਾਨੂੰਨ ਵਿਵਸਥਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਹੀ ਸਿੱਧੂ ਮੂਸੇਵਾਲਾ ਦਾ ਕਤਲ ਹੋਇਆ। ਰਾਜਾ ਵੜਿੰਗ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਸਰਕਾਰ ਨੂੰ ਘੇਰਦੇ ਹੋਏ ਨਾਲ ਹੀ ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਤੇ ਅਕਾਲੀ ਉਮੀਦਵਾਰ ਰਣਜੀਤ ਸਿੰਘ ਢਿੱਲੋਂ 'ਤੇ ਵੀ ਇਸ ਮੁੱਦੇ ਨੂੰ ਲੈ ਕੇ ਸਰਕਾਰ ਨੂੰ ਘੇਰਨ ਤੋਂ ਪਿੱਛੇ ਹਟਣ ਦੇ ਦੋਸ਼ ਲਾਏ।

ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਲੋਕ ਸਭਾ ਤੋਂ ਕਾਂਗਰਸੀ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਿਹਾਤੀ ਖੇਤਰਾਂ ਦੇ ਨਾਲ-ਨਾਲ ਸ਼ਹਿਰੀ ਇਲਾਕਿਆਂ 'ਚ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਝਾੜੂ ਦੀ ਸਰਕਾਰ ਨੇ ਹੀ ਸਿੱਧੂ ਮੂਸੇਵਾਲਾ ਮਰਵਾ ਦਿੱਤਾ ਹੈ। ਹੁਣ ਉਨ੍ਹਾਂ ਦੇ ਘਰ ਲੜਕਾ ਪੈਦਾ ਹੋਇਆ ਤਾਂ ਸਰਕਾਰ ਨੇ ਪੁਲਿਸ ਭੇਜੀ ਤੇ ਪੁੱਛ-ਪੜਤਾਲ ਕਰਵਾਉਣੀ ਸ਼ੁਰੂ ਕਰ ਦਿੱਤੀ ਕਿ ਲੜਕਾ ਕਿਵੇਂ ਤੇ ਕਿਉਂ ਪੈਦਾ ਹੋਇਆ ਹੈ। ਇਸ ਸਮੇਂ 'ਚ ਕਿਵੇਂ ਬੱਚਾ ਪੈਦਾ ਹੋ ਸਕਦਾ ਹੈ। ਇਸ ਨਾਲ ਸਰਕਾਰ ਧੱਕੇਸ਼ਾਹੀ ਕਰਨ ਲੱਗ ਗਈ ਹੈ। ਉਹ ਲੋਕਾਂ ਨੂੰ ਆਖ ਰਹੇ ਹਨ ਕਿ ਕੇਂਦਰ 'ਚ ਜੇਕਰ ਕਾਂਗਰਸ ਦੀ ਸਰਕਾਰ ਆਵੇਗੀ, ਤਾਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਧਰ, ਭਾਜਪਾ ਉਮੀਦਵਾਰ ਰਵਨੀਤ ਸਿੰਘ ਬਿੱਟੂ ਵੀ ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਸਰਕਾਰ ਅਤੇ ਕਾਂਗਰਸੀਆਂ ਨੂੰ ਘੇਰ ਰਹੇ ਹਨ।

ਉਹ ਆਖ ਰਹੇ ਹਨ ਕਿ ਕਾਂਗਰਸ ਆਗੂਆਂ ਕਾਰਨ ਹੀ ਇਨਸਾਫ਼ ਮਿਲਣ ਵਿਚ ਦੇਰੀ ਹੋ ਰਹੀ ਹੈ। ਬਿੱਟੂ ਆਖਦੇ ਹਨ ਕਿ ਕੇਂਦਰ 'ਚ ਮੋਦੀ ਸਰਕਾਰ ਆਉਣ 'ਤੇ ਚਾਰ ਜੂਨ ਤੋਂ ਬਾਅਦ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਸਾਹਮਣੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਉਹ ਖੁਦ ਲੈ ਕੇ ਜਾਣਗੇ ਅਤੇ ਇਨਸਾਫ਼ ਦਿਵਾਉਣਗੇ।




# ਸੰਯੁਕਤ ਰਾਸ਼ਟਰ ਵੱਲੋਂ ਫਲਸਤੀਨ ਨੂੰ ਪੂਰਨ ਮੈਂਬਰ ਵਜੋਂ ਸ਼ਾਮਲ ਕਰਨ ਦਾ ਮਤਾ ਵੱਡੇ ਬਹੁਮਤ ਨਾਲ ਪਾਸ



**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਫਲਸਤੀਨ ਨੂੰ ਸੰਯੁਕਤ ਰਾਸ਼ਟਰ ਦੇ ਪੂਰਨ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਸਬੰਧੀ ਮਤਾ ਸੰਯੁਕਤ ਰਾਸ਼ਟਰ ਮਹਾ ਸਭਾ ’ਚ ਵੱਡੇ ਬਹੁਮਤ ਨਾਲ ਪਾਸ ਹੋ ਗਿਆ ਅਤੇ ਭਾਰਤ ਨੇ ਵੀ ਇਸ ਮਤੇ ਦੇ ਹੱਕ ’ਚ ਵੋਟ ਪਾਈ ਹੈ। ਮਤੇ ਦੇ ਹੱਕ ’ਚ 143 ਜਦਕਿ ਵਿਰੋਧ ’ਚ 9 ਵੋਟਾਂ ਪਈਆਂ। ਪ੍ਰਾਪਤ ਜਾਣਕਾਰੀ ਅਨੁਸਾਰ 193 ਮੈਂਬਰੀ ਮਹਾ ਸਭਾ ਦੇ ਵਿਸ਼ੇਸ਼ ਸੈਸ਼ਨ ’ਚ ਸੰਯੁਕਤ ਰਾਸ਼ਟਰ ’ਚ ਫਲਸਤੀਨ ਰਾਜ ਦੀ ਪੂਰਨ ਮੈਂਬਰਸ਼ਿਪ ਦੀ ਹਮਾਇਤ ਵਿਚ ਅਰਬ ਸਮੂਹ ਦਾ ਮਤਾ ‘ਸੰਯੁਕਤ ਰਾਸ਼ਟਰ ’ਚ ਨਵੇਂ ਮੈਂਬਰਾਂ ਦਾ ਦਾਖਲਾ’ ਅਮੀਰਾਤ ਵੱਲੋਂ ਪੇਸ਼ ਕੀਤਾ ਗਿਆ। ਮਤੇ ਦੇ ਹੱਕ ’ਚ ਭਾਰਤ ਸਮੇਤ 143 ਵੋਟਾਂ ਪਈਆਂ, ਜਦਕਿ ਵਿਰੋਧ ਵਿਚ ਨੌਂ ਵੋਟਾਂ ਪਈਆਂ ਅਤੇ 25 ਮੈਂਬਰ ਗ਼ੈਰਹਾਜ਼ਰ ਰਹੇ। ਵੋਟ ਪਾਏ ਜਾਣ ਮਗਰੋਂ ਸਾਰਾ ਸਦਨ ਤਾੜੀਆਂ ਨਾਲ ਗੂੰਜ ਉੱਠਿਆ। ਮਤੇ ਅਨੁਸਾਰ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 4 ਅਨੁਸਾਰ ‘ਫਲਸਤੀਨ ਰਾਜ ਸੰਯੁਕਤ ਰਾਸ਼ਟਰ ’ਚ ਮੈਂਬਰਸ਼ਿਪ ਦੇ ਯੋਗ ਹੈ ਅਤੇ ਇਸ ਲਈ ਉਸ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।’ ਮਤੇ ਵਿਚ ਸੁਰੱਖਿਆ ਕੌਂਸਲ ਨੂੰ ਇਸ ਮਸਲੇ ’ਤੇ ਪੁਨਰ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਭਾਰਤ ਇੱਕੋ-ਇੱਕੋ ਗੈਰ-ਅਰਬ ਮੁਲਕ ਹੈ, ਜਿਸ ਨੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੂੰ ਮਾਨਤਾ ਦਿੱਤੀ ਸੀ। ਭਾਰਤ 1988 ਤੇ 1996 ਵਿਚ ਫਲਸਤੀਨ ਰਾਜ ਨੂੰ ਮਾਨਤਾ ਦੇਣ ਵਾਲਾ ਪਹਿਲਾ ਮੁਲਕ ਵੀ ਹੈ।

# ਸ਼ਿਕਾਗੋ ’ਚ ਦੋ ਮਈ ਤੋਂ ਭਾਰਤੀ ਵਿਦਿਆਰਥੀ ਲਾਪਤਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਸ਼ਿਕਾਗੋ ’ਚ ਦੋ ਮਈ ਤੋਂ ਇੱਕ ਭਾਰਤੀ ਵਿਦਿਆਰਥੀ ਦੇ ਲਾਪਤਾ ਹੋਣ ਦੀ ਖ਼ਬਰ ਹੈ। ਸ਼ਿਕਾਗੋ ਸਥਿਤ ਭਾਰਤੀ ਮਿਸ਼ਨ ਨੇ ਇਹ ਜਾਣਕਾਰੀ ਦਿੱਤੀ। ਭਾਰਤੀ ਵਿਦਿਆਰਥੀ ਨਾਲ ਜੁੜੇ ਇਸ ਮਾਮਲੇ ਨੇ ਅਮਰੀਕਾ ’ਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਤੇ ਰੱਖਿਆ ਨੂੰ ਲੈ ਕੇ ਚਿੰਤਾ ਵਧਾ ਦਿੱਤੀ ਹੈ। ਇਸ ਤੋਂ ਪਹਿਲਾਂ ਭਾਰਤੀ ਨਾਗਰਿਕਾਂ ’ਤੇ ਹਮਲਿਆਂ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ। ਸ਼ਿਕਾਗੋ ਪੁਲਿਸ ਨੇ ਇੱਕ ਬਿਆਨ ’ਚ ਕਿਹਾ ਕਿ ਰੁਪੇਸ਼ ਚੰਦਰ ਚਿੰਤਾਕਿੰਡੀ (26) ਐੱਨ. ਸ਼ੈਰੀਡਨ ਰੋਡ ਦੇ 4300 ਬਲਾਕ ਤੋਂ ਲਾਪਤਾ ਹੋ ਗਿਆ ਹੈ। ਸ਼ਿਕਾਗੋ ’ਚ ਭਾਰਤੀ ਕੌਂਸਲੇਟ ਜਨਰਲ ਨੇ ਕਿਹਾ ਕਿ ਉਹ ਰੁਪੇਸ਼ ਬਾਰੇ ਪਤਾ ਲਾਉਣ ਲਈ ਪੁਲਿਸ ਤੇ ਭਾਰਤੀ ਭਾਈਚਾਰੇ ਨਾਲ ਸੰਪਰਕ ਵਿਚ ਹੈ।

## ਇਜ਼ਰਾਈਲ ਵੱਲੋਂ ਅਮਰੀਕੀ ਹਥਿਆਰਾਂ ਦੀ ਵਰਤੋਂ ਸੰਭਵ ਤੌਰ ’ਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ: ਅਮਰੀਕਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਗਾਜ਼ਾ ’ਚ ਇਜ਼ਰਾਈਲ ਵੱਲੋਂ ਅਮਰੀਕਾ ਦੁਆਰਾ ਸਪਲਾਈ ਕੀਤੇ ਗਏ ਹਥਿਆਰਾਂ ਦੀ ਵਰਤੋਂ ਨਾਲ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੋ ਸਕਦੀ ਹੈ, ਪਰ ਜੰਗ ਜਾਰੀ ਰਹਿਣ ਕਾਰਨ ਅਮਰੀਕੀ ਅਧਿਕਾਰੀਆਂ ਕੋਲ ਅਜੇ ਤੱਕ ਇਸ ਦੇ ਪੂਰੇ ਸਬੂਤ ਨਹੀਂ ਹਨ।

ਅਮਰੀਕਾ ਦੇ ਸਹਿਯੋਗੀ ਨੇ ਗਾਜ਼ਾ ਵਿਚ ਜੰਗ ਛੇੜ ਕੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ ‘ਵਾਜਬ’ ਸਬੂਤਾਂ ਵਾਲੀ ਰਿਪੋਰਟ ਅਮਰੀਕੀ ਸੰਸਦ ਵਿਚ ਪੇਸ਼ ਕੀਤੀ ਜਾਣੀ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਜ਼ਰਾਈਲ ਖ਼ਿਲਾਫ਼ ਕੀਤੀ ਗਈ ਇਹ ਹੁਣ ਤੱਕ ਦੀ ਸਭ ਤੋਂ ਸਖ਼ਤ ਟਿੱਪਣੀ ਮੰਨੀ ਜਾ ਰਹੀ ਹੈ। ਹਮਾਸ ਦੇ ਖਿਲਾਫ ਲੜਾਈ ਨੂੰ ਸੱਤ ਮਹੀਨੇ ਹੋ ਗਏ ਹਨ ਅਤੇ ਬਾਇਡਨ ਪ੍ਰਸ਼ਾਸਨ ਦੁਆਰਾ ਇਹ ਆਪਣੀ ਕਿਸਮ ਦਾ ਪਹਿਲਾ ਮੁਲਾਂਕਣ ਹੈ। ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਹੀ ਜੰਗ ਵਿਚ ਲਗਭਗ 35,000 ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ।

# ਅਮਰੀਕਾ ਤੋਂ ਬਾਅਦ ਹੁਣ ਤੁਰਕੀ ਵੀ ‘ਟਿਕਟਾਕ’ ਨੂੰ ਕਰ ਸਕਦੈ ਬਲੌਕ




**ਇਸਤਾਂਬੁਲ, (ਪੰਜਾਬ ਮੇਲ)-** ਸੋਸ਼ਲ ਮੀਡੀਆ ਪਲੇਟਫਾਰਮ ਟਿਕਟਾਕ ਨੂੰ ਨਿਯਮਾਂ ਦੀ ਉਲੰਘਣਾ ਕਰਨ ਲਈ ਤੁਰਕੀ ਵਿਚ ਬਲੌਕ ਕੀਤਾ ਜਾ ਸਕਦਾ ਹੈ, ਜਦਕਿ ‘ਐਕਸ’ ਨੂੰ ਦੇਸ਼ ਵਿਚ ਪ੍ਰਤੀਨਿਧੀ ਨਿਯੁਕਤ ਕਰਨ ਤੋਂ ਇਨਕਾਰ ਕਰਨ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਤੁਰਕੀ ਵਿਚ ਡਿਜੀਟਲ ਮੀਡੀਆ ਬਾਰੇ ਸੰਸਦੀ ਕਮਿਸ਼ਨ ਦੇ ਮੁਖੀ ਹੁਸੈਨ ਯਾਮਨ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਯਾਮਨ ਨੇ ਤੁਰਕੀ ਦੀ ਸੰਸਦ ਨੂੰ ਆਪਣੇ ਸੰਬੋਧਨ ਵਿਚ ਇਹ ਜਾਣਕਾਰੀ ਦਿੱਤੀ ਕਿ ਇੰਟਰਨੈਟ “ਟ੍ਰੋਲ” ਜਾਂ ਆਨਲਾਈਨ ਬਦਮਾਸ਼ ਜੋ ਜਾਣਬੁੱਝ ਕੇ ਆਨਲਾਈਨ ਅਪਮਾਨਜਨਕ ਜਾਂ ਭੜਕਾਊ ਸੰਦੇਸ਼ ਪੋਸਟ ਕਰਦੇ ਹਨ, ਹੋਰ ਗੱਲਾਂ ਦੇ ਇਲਾਵਾ, ਤੁਰਕੀ ਵਿਚ ਰਾਜਨੀਤਿਕ ਅਤੇ ਜਨਤਕ ਜੀਵਨ ਨੂੰ ਖਤਰੇ ਵਿਚ ਪਾਉਂਦੀਆਂ ਹਨ।

ਉਸਨੇ ਯਾਦ ਦਿਵਾਇਆ ਕਿ ਟਿਕਟਾਕ ਪ੍ਰਤੀਨਿਧਾਂ ਨੇ ਪਹਿਲਾਂ ਕੁਝ ਸੰਸਦ ਮੈਂਬਰਾਂ ਦੇ ਸਵਾਲਾਂ ਦੇ ਲਿਖਤੀ ਜਵਾਬ ਦਿੱਤੇ ਸਨ ਪਰ ਜਵਾਬ “ਤਸੱਲੀਬਖਸ਼” ਨਹੀਂ ਸਨ। ਯਾਮਨ ਨੇ ਕਿਹਾ ਕਿ ਸੰਸਦ ਵਿਚ ਹਰ ਕੋਈ ਸੈਂਸਰਸ਼ਿਪ ਦੇ ਵਿਰੁੱਧ ਹੈ ਪਰ ਪਰਿਵਾਰਾਂ ਅਤੇ ਬੱਚਿਆਂ ਦੀ ਰੱਖਿਆ ਕਰਨਾ ਅਤੇ ਨੌਜਵਾਨਾਂ ਦੇ ਸਿਹਤਮੰਦ ਦਿਮਾਗ ਨਾਲ ਵੱਡੇ ਹੋਣ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ। ਤੁਰਕੀ ਦੇ ਪ੍ਰਸਾਰਕ ਐੱਨ.ਟੀ.ਵੀ. ਨੇ ਯਾਮਨ ਦੇ ਹਵਾਲੇ ਨਾਲ ਕਿਹਾ, “ਸਾਡਾ ਕਮਿਸ਼ਨ ਪਾਬੰਦੀਆਂ ਲਗਾਉਣ ਦੇ ਵਿਰੁੱਧ ਹੈ ਪਰ ਸਾਡੇ ਕਮਿਸ਼ਨ ਦੇ ਤਾਜ਼ਾ ਵਿਸ਼ਲੇਸ਼ਣ ਅਨੁਸਾਰ ਕੁਝ ਕਰਨ ਦੀ ਜ਼ਰੂਰਤ ਹੈ।”

ਅਮਰੀਕਾ ’ਚ ਟਿਕਟਾਕ ’ਤੇ ਪਾਬੰਦੀ ਲਗਾਈ ਗਈ ਹੈ, ਅਸੀਂ ਇਸ ਪਾਬੰਦੀ ਦੇ ਖ਼ਿਲਾਫ ਹਾਂ ਪਰ ਤੁਰਕੀ ’ਚ ਕਾਨੂੰਨੀ ਪਾਬੰਦੀ ਦੀ ਸਥਿਤੀ ਆ ਸਕਦੀ ਹੈ। ਯਾਮਨ ਨੇ ਕਿਹਾ, “ਕਿਸੇ ਨੂੰ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਕਾਨੂੰਨ ਤੋਂ ਉੱਪਰ ਹੈ।” ਜੇ ਤੁਸੀਂ ਕੈਨੇਡਾ, ਫਰਾਂਸ, ਯੂਨਾਈਟਿਡ ਕਿੰਗਡਮ, ਆਸਟ੍ਰੀਆ ਅਤੇ ਡੈਨਮਾਰਕ ਵਿਚ ਕੰਮ ਕਰ ਰਹੇ ਹੋ, ਤਾਂ ਸਾਡੇ ਨਾਲ ਵੀ ਇਹੀ ਹੈ - ਤੁਹਾਨੂੰ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮੈਂ ਆਖਰੀ ਵਾਰ ਕਹਿ ਰਿਹਾ ਹਾਂ, ਇਹ ਸੋਸ਼ਲ ਨੈੱਟਵਰਕ ਲਈ ਸਾਡੀ ਆਖਰੀ ਕਾਲ ਹੈ’।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਦਿੱਲੀ ਅਦਾਲਤ ਵੱਲੋਂ ਬ੍ਰਿਜ ਭੂਸ਼ਣ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ ਆਇਦ ਕਰਨ ਫੈਸਲੇ ਦਾ ਪਹਿਲਵਾਨ ਬਜਰੰਗ, ਸਾਕਸ਼ੀ ਵੱਲੋਂ ਸਵਾਗਤ

**■ ਕਿਹਾ: ਇਹ ਮਹਿਲਾ ਪਹਿਲਵਾਨਾਂ ਲਈ ਵੱਡੀ ਜਿੱਤ ਹੈ**




ਨਵੀਂ ਦਿੱਲੀ, (ਪੰਜਾਬ ਮੇਲ)- ਸਟਾਰ ਪਹਿਲਵਾਨ ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨੇ ਸ਼ੁੱਕਰਵਾਰ ਨੂੰ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਮੁਖੀ ਬ੍ਰਿਜ ਭੂਸ਼ਣ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ ਆਇਦ ਕਰਨ ਦੇ ਦਿੱਲੀ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਇਸ ਨੂੰ ਦੇਸ਼ ਦੀਆਂ ਮਹਿਲਾ ਪਹਿਲਵਾਨਾਂ ਦੀ ਵੱਡੀ ਜਿੱਤ ਦੱਸਿਆ। ਸਿੰਘ ਦੇ ਵਿਰੋਧ 'ਚ ਮੋਹਰੀ ਚਿਹਰਿਆਂ 'ਚੋਂ ਇਕ ਟੋਕੀਓ ਓਲੰਪਿਕ ਕਾਂਸੀ ਤਮਗਾ ਜੇਤੂ ਬਜਰੰਗ ਨੇ 'ਐਕਸ' 'ਤੇ ਲਿਖਿਆ, "ਇਹ ਮਹਿਲਾ ਪਹਿਲਵਾਨਾਂ ਦੇ ਸੰਘਰਸ਼ ਦੀ ਵੱਡੀ ਜਿੱਤ ਹੈ।" "ਦੇਸ਼ ਦੀਆਂ ਧੀਆਂ ਨੂੰ ਅਜਿਹੇ ਔਖੇ ਦੌਰ ਵਿਚੋਂ ਗੁਜ਼ਰਨਾ ਪਿਆ ਹੈ, ਪਰ ਇਸ ਫੈਸਲੇ ਨਾਲ ਰਾਹਤ ਮਿਲੇਗੀ। ਮਹਿਲਾ ਪਹਿਲਵਾਨਾਂ ਨੂੰ ਟ੍ਰੋਲ ਕਰਨ ਵਾਲਿਆਂ ਨੂੰ ਵੀ ਸ਼ਰਮ ਆਉਣੀ ਚਾਹੀਦੀ ਹੈ। ਸੱਤਿਆਮੇਵ ਜਯਤੇ।" ਰੀਓ ਓਲੰਪਿਕ ਦੇ ਕਾਂਸੀ ਤਮਗਾ ਜੇਤੂ ਮਲਿਕ ਨੇ ਪਿਛਲੇ ਸਾਲ ਦਸੰਬਰ ਵਿਚ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਚੁਣੇ ਗਏ ਸਾਬਕਾ ਡਬਲਯੂ.ਐੱਫ.ਆਈ. ਪ੍ਰਧਾਨ ਦੇ ਸਹਿਯੋਗੀ ਸੰਜੇ ਸਿੰਘ ਦੀ ਅਗਵਾਈ ਵਾਲੇ ਇੱਕ ਧੜੇ ਤੋਂ ਬਾਅਦ ਸੰਨਿਆਸ ਲੈ ਲਿਆ ਸੀ। ਮਲਿਕ ਨੇ 'ਐਕਸ' 'ਤੇ ਲਿਖਿਆ "...ਅਸੀਂ ਮਾਣਯੋਗ ਅਦਾਲਤ ਦਾ ਧੰਨਵਾਦ ਕਰਦੇ ਹਾਂ। ਸਾਨੂੰ ਗਰਮੀ ਅਤੇ ਬਰਸਾਤ ਵਿਚ ਕਈ ਰਾਤਾਂ ਸੜਕਾਂ 'ਤੇ ਸੌਣਾ ਪਿਆ, ਆਪਣੇ ਸਥਿਰ ਕਰੀਅਰ ਨੂੰ ਛੱਡਣਾ ਪਿਆ, ਤਾਂ ਹੀ ਅਸੀਂ ਨਿਆਂ ਲਈ ਲੜਾਈ ਵਿਚ ਕੁਝ ਕਦਮ ਅੱਗੇ ਵਧਾਉਣ ਦੇ ਯੋਗ ਹੋਏ ਹਾਂ।"

## ਪੀ.ਐੱਮ. ਮੋਦੀ ਦੀ ਜਾਇਦਾਦ 17 ਸਾਲਾਂ 'ਚ 25 ਗੁਣਾ ਵਧੀ

ਨਵੀਂ ਦਿੱਲੀ, (ਪੰਜਾਬ ਮੇਲ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੱਲ ਜਾਇਦਾਦ 17 ਸਾਲਾਂ 'ਚ 25 ਗੁਣਾ ਵਧੀ ਹੈ ਅਤੇ ਬੈਂਕ ਬੈਲੇਂਸ 33 ਗੁਣਾ ਵਧਿਆ ਹੈ। ਵਾਰਾਣਸੀ ਲੋਕ ਸਭਾ ਹਲਕੇ ਤੋਂ ਤੀਜੀ ਵਾਰ ਨਾਮਜ਼ਦਗੀ ਭਰੇ ਗਏ ਹਲਫ਼ਨਾਮੇ ਵਿਚ ਇਸ ਦਾ ਖੁਲਾਸਾ ਹੋਇਆ ਹੈ। 13 ਸਾਲ ਗੁਜਰਾਤ ਦੇ ਮੁੱਖ ਮੰਤਰੀ, 10 ਸਾਲ ਪ੍ਰਧਾਨ ਮੰਤਰੀ ਰਹੇ ਨਰਿੰਦਰ ਮੋਦੀ ਕੋਲ ਨਾ ਤਾਂ ਆਪਣਾ ਘਰ ਹੈ ਅਤੇ ਨਾ ਹੀ ਆਪਣੀ ਕੋਈ ਕਾਰ। ਨਰਿੰਦਰ ਮੋਦੀ ਨੇ 2002 ਵਿਚ ਪਹਿਲੀ ਵਾਰ ਵਿਧਾਨ ਸਭਾ ਚੋਣ ਲੜੀ ਸੀ। ਇਸ ਤੋਂ ਬਾਅਦ ਉਹ 2007 ਅਤੇ 2012 ਵਿਚ ਮਨੀਨਗਰ ਤੋਂ ਵਿਧਾਨ ਸਭਾ ਚੋਣ ਜਿੱਤੇ। ਫਿਰ 2014 ਅਤੇ 2019 ਵਿਚ ਵਾਰਾਣਸੀ ਤੋਂ ਲੋਕ ਸਭਾ ਚੋਣ ਜਿੱਤੀ।

## ਹਿਮਾਚਲ 'ਚ ਟਰੈਕਿੰਗ 'ਤੇ ਨਿਕਲੀਆਂ ਦੋ ਐੱਨ.ਆਰ.ਆਈ. ਔਰਤਾਂ ਨੂੰ ਹਵਾਈ ਫ਼ੌਜ ਨੇ ਬਚਾਇਆ



ਸੋਲਨ, (ਪੰਜਾਬ ਮੇਲ)- ਭਾਰਤੀ ਹਵਾਈ ਫ਼ੌਜ ਨੇ ਸਿਰਮੌਰ ਦੇ ਟਰੈਕਿੰਗ ਰੂਟ 'ਤੇ ਸੰਘਣੇ ਜੰਗਲਾਂ 'ਚੋਂ ਆਪਣੇ ਚੀਤਾ ਹੈਲੀਕਾਪਟਰ ਵਿਚ ਦੋ ਪ੍ਰਵਾਸੀ ਭਾਰਤੀ ਮਹਿਲਾ ਸੈਲਾਨੀਆਂ ਨੂੰ ਬਚਾਇਆ। ਉਹ ਸ਼ੁੱਕਰਵਾਰ ਨੂੰ ਇਸ ਟਰੈਕ 'ਤੇ ਨਿਕਲੀਆਂ ਸਨ ਪਰ ਰਾਹ ਵਿਚ ਫਸ ਗਈਆਂ। ਉਨ੍ਹਾਂ ਵਿਚੋਂ ਇੱਕ ਜੋ ਗੀੜ੍ਹ ਦੀ ਹੱਡੀ ਦੀ ਸੱਟ ਤੋਂ ਪੀੜਤ ਸੀ, ਦੀ ਹਾਲਤ ਖਰਾਬ ਹੋ ਗਈ। ਪੁਲਿਸ ਨੂੰ ਸ਼ਾਮ 4 ਵਜੇ ਦੋਵਾਂ ਬਾਰੇ ਸੂਚਨਾ ਮਿਲੀ, ਜਿਸ ਤੋਂ ਬਾਅਦ ਉਨ੍ਹਾਂ ਨੇ ਔਰਤਾਂ ਨੂੰ ਵਾਪਸ ਲਿਆਉਣ ਲਈ ਕਾਰਵਾਈ ਸ਼ੁਰੂ ਕੀਤੀ ਗਈ। ਉਨ੍ਹਾਂ ਨੂੰ ਬਚਾਉਣ ਲਈ ਸਟੇਟ ਡਿਜ਼ਾਸਟਰ ਰਿਸਪਾਂਸ ਫੋਰਸ ਦੀ ਟੀਮ ਵੀ ਪਹੁੰਚੀ। ਉਨ੍ਹਾਂ ਨੂੰ ਸਵੇਰੇ 11 ਵਜੇ ਏਅਰਲਿਫਟ ਕਰਨ ਦਾ ਪ੍ਰਬੰਧ ਕੀਤਾ ਗਿਆ। ਬੀਤੀ ਰਾਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਔਰਤਾਂ ਨੂੰ ਬੇਸ ਕੈਂਪ ਤੋਂ 10 ਕਿਲੋਮੀਟਰ ਦੂਰ ਤੱਕ ਲੱਭਿਆ ਗਿਆ। ਇਨ੍ਹਾਂ ਦੀ ਪਛਾਣ ਰਿਚਾ ਅਭੈ ਸੋਨਾਵਨੇ ਅਤੇ ਸੋਨੀਆ ਰਤਨ ਵਜੋਂ ਹੋਈ ਹੈ। ਰਿਚਾ ਪੱਛਮੀ ਬੰਗਾਲ ਦੀ ਮੂਲ ਨਵਾਸੀ ਹੈ, ਜਿਸਦਾ ਜਨਮ 1980 ਵਿਚ ਦਾਰਜੀਲਿੰਗ ਵਿਚ ਹੋਇਆ ਸੀ। ਦੂਜੀ ਔਰਤ, ਸੋਨੀਆ, ਦਾ ਜਨਮ 1978 'ਚ ਭਾਰਤ ਵਿਚ ਹੋਇਆ ਸੀ। ਸੱਟ ਲੱਗਣ ਤੋਂ ਬਾਅਦ ਉਸਦੀ ਗੀੜ੍ਹ ਦੀ ਹੱਡੀ ਦੀ ਸਰਜਰੀ ਹੋਈ ਸੀ। ਦੋਵੇਂ ਅਮਰੀਕੀ ਨਾਗਰਿਕ ਹਨ। ਉਨ੍ਹਾਂ ਨੂੰ ਇਲਾਜ ਲਈ ਚੰਡੀਗੜ੍ਹ ਦੇ ਹਸਪਤਾਲ ਭੇਜ ਦਿੱਤਾ ਗਿਆ।

# ਨਿਊਯਾਰਕ 'ਚ ਹੁਣ ਸਾਲ ਭਰ ਖੁੱਲ੍ਹਾ ਰਹੇਗਾ ਭਾਰਤੀ ਦੂਤਘਰ!

**■ ਸਿਰਫ ਐਮਰਜੈਂਸੀ ਕੰਮਾਂ ਲਈ ਹੀ ਖੁੱਲ੍ਹੇਗਾ ਦੂਤਘਰ**

ਵਾਸ਼ਿੰਗਟਨ, (ਪੰਜਾਬ ਮੇਲ)- ਨਿਊਯਾਰਕ ਵਿਚ ਭਾਰਤ ਦੇ ਕੌਂਸਲੇਟ ਜਨਰਲ ਨੇ ਐਲਾਨ ਕੀਤਾ ਹੈ ਕਿ ਭਾਰਤੀ ਦੂਤਘਰ ਅਸਲ ਐਮਰਜੈਂਸੀ ਦੀ ਸਥਿਤੀ ਵਿਚ ਲੋਕਾਂ ਦੀ ਭਾਰਤ ਦੀ ਯਾਤਰਾ ਵਿਚ ਮਦਦ ਅਤੇ ਸਹੂਲਤ ਲਈ, ਸਾਰੀਆਂ ਛੁੱਟੀਆਂ ਸਮੇਤ ਸਾਲ ਭਰ ਖੁੱਲ੍ਹਾ ਰਹੇਗਾ। ਦੂਜੇ ਸ਼ਬਦਾਂ ਵਿਚ ਕਹੀਏ ਤਾਂ ਨਿਊਯਾਰਕ ਵਿਚ ਭਾਰਤੀ ਵਣਜ ਦੂਤਘਰ ਨੇ ਐਮਰਜੈਂਸੀ ਲੋੜਾਂ ਲਈ ਛੁੱਟੀ ਵਾਲੇ ਦਿਨ ਵੀ ਖੁੱਲ੍ਹੇ ਰਹਿਣ ਦਾ ਐਲਾਨ ਕੀਤਾ ਹੈ। ਇਹ 10 ਮਈ ਤੋਂ ਛੁੱਟੀਆਂ ਦੌਰਾਨ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹਾ ਰਹੇਗਾ। ਇੱਕ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਗਿਆ ਹੈ। ਹਾਲਾਂਕਿ ਇਸ ਮਿਆਦ ਦੌਰਾਨ ਕੋਈ ਨਿਯਮਤ ਕੰਮ ਸੇਵਾਵਾਂ ਪ੍ਰਦਾਨ ਨਹੀਂ ਕੀਤੀਆਂ ਜਾਣਗੀਆਂ।

ਨਿਊਯਾਰਕ 'ਚ ਰਹਿਣ ਵਾਲੇ ਭਾਰਤੀਆਂ ਲਈ ਹੁਣ ਐਮਰਜੈਂਸੀ ਲੋੜਾਂ ਲਈ ਛੁੱਟੀਆਂ ਦੌਰਾਨ ਵੀ ਦੂਤਘਰ ਖੁੱਲ੍ਹਾ ਰਹੇਗਾ। ਸ਼ੁੱਕਰਵਾਰ ਨੂੰ ਨਿਊਯਾਰਕ ਸਥਿਤ ਭਾਰਤੀ ਕੌਂਸਲੇਟ ਨੇ ਛੁੱਟੀਆਂ ਦੌਰਾਨ ਦਫਤਰ ਖੋਲ੍ਹਣ ਦੀ ਜਾਣਕਾਰੀ ਦਿੱਤੀ। ਪਰ ਇਹ ਸਿਰਫ ਐਮਰਜੈਂਸੀ ਕੰਮਾਂ ਲਈ ਹੀ ਖੁੱਲ੍ਹੇਗਾ। 10 ਮਈ ਤੋਂ ਸਾਰੀਆਂ ਛੁੱਟੀਆਂ ਵਾਲੇ ਦਿਨ ਦੂਤਾਵਾਸ ਦੁਪਹਿਰ 2 ਵਜੇ ਤੋਂ ਸ਼ਾਮ 4 ਵਜੇ ਤੱਕ ਖੁੱਲ੍ਹਾ ਰਹੇਗਾ। ਪਰ ਇਹ ਸਿਰਫ ਐਮਰਜੈਂਸੀ ਸੇਵਾਵਾਂ ਲਈ ਹੋਵੇਗਾ। ਇਸਦੇ ਲਈ ਉਸਨੇ ਇੱਕ ਐਮਰਜੈਂਸੀ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ। ਤੁਸੀਂ +1-917-815-7066 'ਤੇ ਕਾਲ ਕਰਕੇ ਲੋੜੀਂਦੀ ਮਦਦ ਪ੍ਰਾਪਤ ਕਰ ਸਕਦੇ ਹੋ। ਇਸ ਦਾ ਮਕਸਦ ਉਨ੍ਹਾਂ ਕੰਮਾਂ ਨੂੰ ਕਰਨਾ ਹੈ, ਜਿਨ੍ਹਾਂ ਨੂੰ ਅਗਲੇ ਦਿਨ ਤੱਕ ਟਾਲਿਆ ਨਹੀਂ ਜਾ ਸਕਦਾ। ਇਸ ਵਿਚ ਐਮਰਜੈਂਸੀ ਵੀਜ਼ਾ, ਐਮਰਜੈਂਸੀ ਸਰਟੀਫਿਕੇਟ ਅਤੇ ਉਸੇ ਦਿਨ ਭੇਜੇ ਗਏ ਕਿਸੇ ਦੇ ਮ੍ਰਿਤਕ ਸਰੀਰ ਦੀ ਆਵਾਜਾਈ ਲਈ ਯਾਤਰਾ ਦਸਤਾਵੇਜ਼ ਸ਼ਾਮਲ ਹਨ। ਕੌਂਸਲੇਟ ਨੇ ਦੱਸਿਆ ਕਿ ਐਮਰਜੈਂਸੀ ਵੀਜ਼ਾ ਲਈ ਐਮਰਜੈਂਸੀ ਸੇਵਾ ਫੀਸ ਲਈ ਜਾਵੇਗੀ।


ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਬੀ.ਸੀ. ਅਸੈਂਬਲੀ ਵੱਲੋਂ ਗੁਰਗਿਆਨ ਫਾਊਂਡੇਸ਼ਨ ਦੇ ਸੰਚਾਲਕਾਂ ਦਾ ਸਨਮਾਨ

**■ ਫਾਊਂਡੇਸ਼ਨ ਵੱਲੋਂ ਕੈਂਸਰ ਦੇ ਖੋਜ ਕਾਰਜਾਂ ਲਈ ਇਕ ਮਿਲੀਅਨ ਫੰਡ ਇਕੱਠਾ ਕਰਨ ਦੀ ਸ਼ਲਾਘਾ**





**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਂਸਰ ਦੀ ਨਾਮੁਰਾਦ ਬੀਮਾਰੀ ਤੋਂ ਕੀਮਤੀ ਮਨੁੱਖੀ ਜਾਨਾਂ ਬਚਾਉਣ ਲਈ ਖੋਜ ਕਾਰਜ ਵਾਸਤੇ ਇਕ ਮਿਲੀਅਨ ਡਾਲਰ ਦੀ ਦਾਨ ਰਾਸ਼ੀ ਇਕੱਤਰ ਕਰ ਕੇ ਬੀ.ਸੀ. ਕੈਂਸਰ ਫਾਊਂਡੇਸ਼ਨ ਨੂੰ ਦੇਣ ਵਾਲੇ ਗੁਰਗਿਆਨ ਫਾਊਂਡੇਸ਼ਨ ਦੇ ਕਾਮਿਆਂ ਨੂੰ ਬੀ.ਸੀ. ਅਸੈਂਬਲੀ ਵਿਚ ਬੁਲਾ ਕੇ ਮਾਣ-ਸਨਮਾਨ ਦਿੱਤਾ ਗਿਆ। ਇਨ੍ਹਾਂ ਕਾਮਿਆਂ ਨੂੰ ਮਾਨਤਾ ਦੁਆਉਣ ਦਾ ਕਾਰਜ ਕੁਈਨਜ਼ਬਰੋ ਦੇ ਐੱਮ.ਐੱਲ.ਏ. ਅਮਨਦੀਪ ਸਿੰਘ ਨੇ ਕੀਤਾ।

ਐੱਮ.ਐੱਲ.ਏ. ਅਮਨਦੀਪ ਸਿੰਘ ਨੇ ਗੁਰਗਿਆਨ ਫਾਊਂਡੇਸ਼ਨ ਦੇ ਬਾਨੀ ਇੰਦਰਜੀਤ ਸਿੰਘ ਬੈਂਸ, ਪ੍ਰਧਾਨ ਪ੍ਰੋ. ਅਵਤਾਰ ਸਿੰਘ ਵਿਰਦੀ ਅਤੇ ਜੇ. ਮਿਨਹਾਸ ਦੀ ਜਾਣ-ਪਛਾਣ ਕਰਵਾਉਂਦਿਆਂ ਅਸੈਂਬਲੀ ਮੈਂਬਰਾਂ ਨੂੰ ਦੱਸਿਆ ਕਿ ਇੰਦਰਜੀਤ ਸਿੰਘ ਬੈਂਸ ਦੇ ਪੁੱਤਰ ਗੁਰਕੰਵਲਜੀਤ ਸਿੰਘ ਬੈਂਸ ਦੀ 18 ਸਾਲ ਦੀ ਉਮਰ 'ਚ ਕੈਂਸਰ ਕਾਰਨ ਮੌਤ ਹੋ ਗਈ ਸੀ ਅਤੇ ਇੰਦਰਜੀਤ ਸਿੰਘ ਨੇ ਉਸ ਦੀ ਮੌਤ ਉਪਰੰਤ ਲੋਕਾਂ ਵਿਚ ਕੈਂਸਰ ਪ੍ਰਤੀ ਚੇਤਨਾ ਪੈਦਾ ਕਰਨ ਵਾਸਤੇ ਗੁਰਗਿਆਨ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ। ਇਸ ਸੰਸਥਾ ਦੇ ਪ੍ਰਧਾਨ ਪ੍ਰੋ. ਅਵਤਾਰ ਵਿਰਦੀ, ਜੋ ਦੋ ਵਾਰ ਖ਼ੁਦ ਕੈਂਸਰ ਨੂੰ ਮਾਤ ਦੇ ਚੁੱਕੇ ਹਨ, ਨੇ ਕੈਂਸਰ ਦੇ ਵਧ ਰਹੇ ਪਰਪੋਕ ਤੋਂ ਲੋਕਾਂ ਨੂੰ ਸੁਚੇਤ ਕਰਨ ਅਤੇ ਇਸ ਦੇ ਇਲਾਜ ਲਈ ਖੋਜ ਕਾਰਜਾਂ ਵਾਸਤੇ ਫੰਡ ਇਕੱਠਾ ਕਰਨ ਦੇ ਉਦੇਸ਼ ਨਾਲ 2022 'ਚ ਕੈਨੇਡਾ ਭਰ ਦੇ ਪ੍ਰਮੁੱਖ ਸ਼ਹਿਰਾਂ ਵਿਚ ਵਾਕ ਕਰਕੇ 51 ਹਜ਼ਾਰ ਡਾਲਰ ਫੰਡ ਇਕੱਤਰ ਕੀਤਾ ਸੀ ਅਤੇ ਪ੍ਰੋ. ਵਿਰਦੀ ਨੇ ਜਤਿੰਦਰ ਜੇ. ਮਿਨਹਾਸ ਜਿਹੇ ਸਹਿਯੋਗੀਆਂ ਦੀ ਪ੍ਰੇਰਨਾ ਨਾਲ ਇਸ ਕਾਰਜ ਨੂੰ ਜਾਰੀ ਰਖਦਿਆਂ ਬੀ.ਸੀ. ਕੈਂਸਰ ਫਾਊਂਡੇਸ਼ਨ ਨੂੰ ਇਕ ਮਿਲੀਅਨ ਡਾਲਰ ਤੋਂ ਵੱਧ ਰਾਸ਼ੀ ਇਕੱਤਰ ਕਰ ਕੇ ਦਿੱਤੀ ਅਤੇ ਬੀ.ਸੀ. ਕੈਂਸਰ ਫਾਊਂਡੇਸ਼ਨ ਲਈ ਕੈਂਸਰ ਦੀ ਲੜਾਈ ਲੜਨ ਵਾਲੇ 17 ਸਾਲਾ ਹੀਰੋ ਟੈਰੀ ਫੌਕਸ ਦੇ ਅਧੂਰੇ ਕਾਰਜ 'ਅੰਧ ਮਹਾਂਸਾਗਰ ਦੇ ਪਾਣੀ ਦੀ ਇੱਕ ਬੋਤਲ ਸੇਂਟ ਜੋਂਸ, ਨਿਊ ਫਿਨਲੈਂਡ ਅਤੇ ਲੈਬਰਾਡੋਰ ਤੋਂ ਲਿਆ ਕੇ ਵੈਨਕੂਵਰ ਦੇ ਪ੍ਰਸ਼ਾਂਤ ਮਹਾਂਸਾਗਰ ਵਿਚ ਪਾਉਣੀ (ਜੋ ਕੈਨੇਡਾ ਦਾ ਮੋਟੋ ਵੀ ਹੈ 'From sea to sea') ਜੋ ਪ੍ਰੋ. ਵਿਰਦੀ ਨੇ ਪੂਰਾ ਕੀਤਾ।

ਅਸੈਂਬਲੀ ਮੈਂਬਰਾਂ ਵੱਲੋਂ ਤਾੜੀਆਂ ਦੀ ਭਰਪੂਰ ਦਾਦ ਨਾਲ ਗੁਰਗਿਆਨ ਫਾਊਂਡੇਸ਼ਨ ਦੇ ਇਨ੍ਹਾਂ ਸਮਾਜ ਸੇਵਕਾਂ ਦੇ ਮਹਾਨ ਕਾਰਜ ਦੀ ਸ਼ਲਾਘਾ ਕੀਤੀ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ, ਲੇਬਰ ਮਨਿਸਟਰ ਹੈਰੀ ਬੈਂਸ, ਸਪੀਕਰ ਰਾਜ ਚੌਹਾਨ ਅਤੇ ਐੱਮ.ਐੱਲ.ਏ. ਜਿੰਨੀ ਸਿਮਜ਼ ਨੇ ਫਾਊਂਡੇਸ਼ਨ ਦੇ ਪ੍ਰਤੀਨਿਧੀਆਂ ਦਾ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਵੱਲੋਂ ਕੈਂਸਰ ਦੀ ਰੋਕਥਾਮ ਲਈ ਕੀਤੇ ਕਾਰਜ ਨੂੰ ਮਹਾਨ ਕਾਰਜ ਕਿਹਾ। ਇਸ ਮੌਕੇ ਫਾਊਂਡੇਸ਼ਨ ਦੇ ਕਾਰਜ ਵਿਚ ਆਪਣੀਆਂ ਸੇਵਾਵਾਂ ਦੇਣ ਵਾਲੇ ਪ੍ਰੋ. ਅਵਤਾਰ ਸਿੰਘ ਵਿਰਦੀ ਦੇ ਪਰਿਵਾਰ ਮੈਂਬਰ ਰਣਜੀਤ ਕੌਰ ਵਿਰਦੀ (ਪਤਨੀ), ਐਂਡੀ ਵਿਰਦੀ ਤੇ ਨੋਰਿਸ ਵਿਰਦੀ (ਸਪੁੱਤਰ) ਅਤੇ ਮਨਮੀਤ ਕੌਰ ਵਿਰਦੀ (ਨੂੰਹ) ਵੀ ਅਸੈਂਬਲੀ ਵਿਚ ਮੌਜੂਦ ਸਨ।

ਇਸੇ ਦੌਰਾਨ ਫਾਊਂਡੇਸ਼ਨ ਦੇ ਆਗੂ ਇੰਦਰਜੀਤ ਸਿੰਘ ਬੈਂਸ, ਪ੍ਰੋ. ਅਵਤਾਰ ਸਿੰਘ ਵਿਰਦੀ ਅਤੇ ਜਤਿੰਦਰ ਜੇ. ਮਿਨਹਾਸ ਨੇ ਫੰਡ ਰੇਜ਼ਿੰਗ ਦੇ ਕਾਰਜ ਲਈ ਸਹਿਯੋਗ ਦੇਣ ਵਾਲੇ ਸਭਨਾਂ ਦਾਨੀਆਂ ਅਤੇ ਮੀਡੀਆ ਦਾ ਧੰਨਵਾਦ ਕੀਤਾ।

# ਭਾਰਤ ਵੱਲੋਂ ਸੰਯੁਕਤ ਰਾਸ਼ਟਰ ਦੇ ਅੱਤਵਾਦ ਵਿਰੋਧੀ ਫੰਡ 'ਚ 5 ਲੱਖ ਡਾਲਰ ਦਾ ਯੋਗਦਾਨ

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਭਾਰਤ ਨੇ ਸੰਯੁਕਤ ਰਾਸ਼ਟਰ ਅੱਤਵਾਦ ਵਿਰੋਧੀ ਫੰਡ ਵਿਚ 500,000 ਡਾਲਰ ਦਾ ਯੋਗਦਾਨ ਪਾਇਆ ਹੈ, ਜੋ ਅੱਤਵਾਦ ਖ਼ਿਲਾਫ਼ ਵਿਸ਼ਵਵਿਆਪੀ ਲੜਾਈ ਵਿਚ ਬਹੁਪੱਖੀ ਯਤਨਾਂ ਦਾ ਸਮਰਥਨ ਕਰਨ ਲਈ ਆਪਣੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਪ੍ਰਤੀਨਿਧੀ ਅਤੇ ਰਾਜਦੂਤ ਰੁਚਿਰਾ ਕੰਬੋਜ ਨੇ ਸੰਯੁਕਤ ਰਾਸ਼ਟਰ ਦੇ ਅੱਤਵਾਦ ਵਿਰੋਧੀ ਦਫਤਰ ਦੇ ਅੰਡਰ-ਸੈਕਰੇਟਰੀ-ਜਨਰਲ ਵਲਾਦੀਮੀਰ ਵੋਰੋਨਕੋਵ ਨੂੰ 'ਯੂ.ਐੱਨ. ਕਾਊਂਟਰ-ਟੈਰੇਰਿਜ਼ਮ ਟਰੱਸਟ ਫੰਡ' (ਸੀ.ਟੀ.ਟੀ.ਐੱਫ.) ਵਿਚ ਪੰਜ ਲੱਖ ਡਾਲਰ ਦਾ ਦੇਸ਼ ਦਾ ਸਵੈ-ਇੱਛਤ ਵਿੱਤੀ ਯੋਗਦਾਨ ਸੌਂਪਿਆ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਰਾਜਦੂਤ ਕੰਬੋਜ ਨੇ ਇਕ ਬਿਆਨ ਵਿਚ ਕਿਹਾ, "ਭਾਰਤ ਸੰਯੁਕਤ ਰਾਸ਼ਟਰ ਦੇ ਅੱਤਵਾਦ ਵਿਰੋਧੀ ਦਫਤਰ ਦੇ ਫ਼ੈਸਲਿਆਂ ਅਤੇ ਕਾਰਵਾਈਆਂ ਨੂੰ ਅੱਤਵਾਦ ਦੇ ਖਤਰੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਮੈਂਬਰ ਦੇਸ਼ਾਂ ਦੀ ਸਮਰੱਥਾ ਨੂੰ ਬਣਾਉਣ ਵਿਚ ਬਹੁਤ ਮਹੱਤਵ ਦਿੰਦਾ ਹੈ। ਤਾਜ਼ਾ ਯੋਗਦਾਨ ਅੱਤਵਾਦ ਵਿਰੁੱਧ ਵਿਸ਼ਵਵਿਆਪੀ ਲੜਾਈ ਵਿਚ ਸੰਯੁਕਤ ਰਾਸ਼ਟਰ ਦੀ ਅਗਵਾਈ ਵਾਲੇ ਬਹੁਪੱਖੀ ਯਤਨਾਂ ਦਾ ਸਮਰਥਨ ਕਰਨ ਲਈ ਭਾਰਤ ਦੀ ਅਟੱਲ ਵਚਨਬੱਧਤਾ ਦੀ ਪੁਸ਼ਟੀ ਕਰਦਾ ਹੈ।" ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ ਦਾ ਯੋਗਦਾਨ ਸੰਯੁਕਤ ਰਾਸ਼ਟਰ ਦੇ ਅੱਤਵਾਦ ਵਿਰੋਧੀ ਦਫਤਰ ਦੇ ਵਿਸ਼ਵ ਪੱਧਰ 'ਤੇ ਯਤਨਾਂ ਵਿਚ ਯੋਗਦਾਨ ਪਾਵੇਗਾ। ਖਾਸ ਤੌਰ 'ਤੇ ਅੱਤਵਾਦ ਦੇ ਵਿੱਤ ਪੋਸ਼ਣ ਨਾਲ ਨਜਿੱਠਣ ਅਤੇ ਅੱਤਵਾਦੀਆਂ ਦੇ ਅੰਦੋਲਨ ਦਾ ਮੁਕਾਬਲਾ ਕਰਨ ਲਈ। ਨਵੀਨਤਮ ਯੋਗਦਾਨ ਨਾਲ, ਭਾਰਤ ਹੁਣ ਤੱਕ ਇਸ ਟਰੱਸਟ ਨੂੰ 25.5 ਲੱਖ ਡਾਲਰ ਦੀ ਵਿੱਤੀ ਸਹਾਇਤਾ ਦੇ ਚੁੱਕਾ ਹੈ।

## ਦੱਖਣੀ ਜਾਰਜੀਆ 'ਚ ਕੁੱਤਿਆਂ ਦੇ ਝੁੰਡ ਦੇ ਹਮਲੇ 'ਚ ਇਕ ਔਰਤ ਦੀ ਮੌਤ; 3 ਬੱਚੇ ਜ਼ਖਮੀ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਦੱਖਣੀ ਜਾਰਜੀਆ ਰਾਜ ਦੇ ਇਕ ਸ਼ਹਿਰ 'ਚ ਕੁੱਤਿਆਂ ਦੇ ਝੁੰਡ ਵੱਲੋਂ ਕੀਤੇ ਹਮਲੇ ਵਿਚ ਇਕ ਔਰਤ ਦੀ ਮੌਤ ਹੋਣ ਤੇ ਉਸ ਦੇ 3 ਬੱਚਿਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਬੱਚਿਆਂ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬਰੁਕਸ ਕਾਊਂਟੀ ਸ਼ੈਰਿਫ ਦਫਤਰ ਦੇ ਪੁਲਿਸ ਅਫਸਰਾਂ ਅਨੁਸਾਰ ਫਲੋਰਿਡਾ-ਜਾਰਜੀਆ ਰਾਜ ਨੇੜੇ ਇਕ ਛੋਟੇ ਜਿਹੇ ਸ਼ਹਿਰ ਕੁਇਟਮੈਨ ਵਿਖੇ ਇਕ ਘਰ ਦੇ ਵੇਹੜੇ ਵਿਚ ਕੁੱਤਿਆਂ ਵੱਲੋਂ ਕੀਤੇ ਹਮਲੇ ਵਿਚ 35 ਸਾਲਾ ਔਰਤ ਕਰਟਨੀ ਵਿਲੀਅਮਜ਼ ਦੀ ਮੌਤ ਹੋ ਗਈ। ਜਾਰਜੀਆ ਜਾਂਚ ਬਿਊਰੋ (ਜੀ.ਬੀ.ਆਈ.) ਅਨੁਸਾਰ ਪੁਲਿਸ ਅਫਸਰਾਂ ਨੇ ਇਹ ਨਹੀਂ ਦੱਸਿਆ ਕਿ ਹਮਲਾ ਕਿਸ ਨਸਲ ਦੇ ਕੁੱਤਿਆਂ ਨੇ ਕੀਤਾ ਹੈ। ਜੀ.ਬੀ.ਆਈ. ਵੱਲੋਂ ਦਿੱਤੀ ਮੁੱਢਲੀ ਜਾਣਕਾਰੀ ਅਨੁਸਾਰ ਬੱਚਿਆਂ ਉਪਰ ਕੁੱਤਿਆਂ ਵੱਲੋਂ ਹਮਲਾ ਕਰ ਦੇਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ, ਤਾਂ ਉਨ੍ਹਾਂ ਦਾ ਸਾਹਮਣਾ ਉਥੇ ਮੌਜੂਦ ਬਹੁਤ ਸਾਰੇ ਖਤਰਨਾਕ ਕੁੱਤਿਆਂ ਨਾਲ ਹੋਇਆ। ਉਦੋਂ ਤੱਕ ਕੋਈ ਵਿਅਕਤੀ ਬੱਚਿਆਂ ਨੂੰ ਹਸਪਤਾਲ ਲਿਜਾ ਚੁੱਕਾ ਸੀ।

## ਬਰਤਾਨੀਆ ਅਦਾਲਤ ਵੱਲੋਂ ਨੀਰਵ ਮੋਦੀ ਦੀ ਜ਼ਮਾਨਤ ਪਟੀਸ਼ਨ 5ਵੀਂ ਵਾਰ ਰੱਦ



**ਲੰਡਨ, (ਪੰਜਾਬ ਮੇਲ)-** ਭਾਰਤ ਦੇ ਭਗੌੜੇ ਕਾਰੋਬਾਰੀ ਨੀਰਵ ਮੋਦੀ ਦੀਆਂ ਮੁਸ਼ਕਲਾਂ ਇਕ ਵਾਰ ਫਿਰ ਵਧ ਗਈਆਂ ਹਨ। ਬਰਤਾਨੀਆ ਦੀ ਇਕ ਅਦਾਲਤ ਨੇ ਇਕ ਵਾਰ ਫਿਰ ਉਸ ਦੀ ਜ਼ਮਾਨਤ ਪਟੀਸ਼ਨ ਖਾਰਿਜ਼ ਕਰ ਦਿੱਤੀ ਹੈ। ਨੀਰਵ ਮੋਦੀ, ਜੋ ਪਿਛਲੇ ਪੰਜ ਸਾਲਾਂ ਤੋਂ ਲੰਡਨ ਦੀ ਜੇਲ੍ਹ ਵਿਚ ਬੰਦ ਹੈ, ਨੇ ਲੰਬੀ ਕੈਦ ਦਾ ਹਵਾਲਾ ਦਿੰਦੇ ਹੋਏ 5ਵੀਂ ਵਾਰ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਇਸ ਵਾਰ ਵੀ ਖਾਰਿਜ ਕਰ ਦਿੱਤਾ। ਭਾਰਤ ਵਿਚ ਧੋਖਾਧੜੀ ਅਤੇ ਹਵਾਲਾ ਰਾਸ਼ੀ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਆਪਣੀ ਹਵਾਲਗੀ ਦੀ ਲੜਾਈ ਹਾਰਨ ਵਾਲਾ 52 ਸਾਲਾ ਹੀਰਾ ਵਪਾਰੀ ਲੰਡਨ ਦੀ ਵੈਸਟਮਿਸਟਰ ਮੈਜਿਸਟ੍ਰੇਟ ਅਦਾਲਤ 'ਚ ਜ਼ਮਾਨਤ ਦੀ ਸੁਣਵਾਈ ਲਈ ਪੇਸ਼ ਨਹੀਂ ਹੋਇਆ ਪਰ ਉਸ ਦਾ ਪੁੱਤਰ ਅਤੇ ਦੋ ਧੀਆਂ ਅਦਾਲਤ 'ਚ ਮੌਜੂਦ ਸਨ।

# ਪ੍ਰਵਾਸੀ ਭਾਰਤੀਆਂ ਨੇ 2022 'ਚ 111 ਅਰਬ ਡਾਲਰ ਤੋਂ ਵੱਧ ਰਕਮ ਮੁਲਕ ਭੇਜੀ

**■ ਵਿਦੇਸ਼ਾਂ ਤੋਂ ਡਾਲਰ ਮਿਲਣ ਦੇ ਮਾਮਲੇ 'ਚ ਭਾਰਤ ਮੋਹਰੀ**

**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਮਾਈਗਰੇਸ਼ਨ ਏਜੰਸੀ ਨੇ ਕਿਹਾ ਹੈ ਕਿ ਭਾਰਤ 'ਚ ਸਾਲ 2022 ਦੌਰਾਨ 111 ਅਰਬ ਡਾਲਰ ਦੀ ਰਕਮ ਭੇਜੀ ਗਈ, ਜੋ ਦੁਨੀਆਂ 'ਚ ਸਭ ਤੋਂ ਵੱਧ ਹੈ। ਇਸ ਦੇ ਨਾਲ ਭਾਰਤ 100 ਅਰਬ ਡਾਲਰ ਦੇ ਅੰਕੜੇ ਤੱਕ ਪੁੱਜਣ ਅਤੇ ਇਸ ਨੂੰ ਪਾਰ ਕਰਨ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ ਨੇ ਜਾਰੀ ਆਪਣੀ ਆਲਮੀ ਮਾਈਗਰੇਸ਼ਨ ਰਿਪੋਰਟ 'ਚ ਕਿਹਾ ਕਿ 2022 'ਚ ਬਾਹਰੋਂ ਆਈ ਰਕਮ ਹਾਸਲ ਕਰਨ ਵਾਲੇ ਸਿਖਰਲੇ ਪੰਜ ਮੁਲਕਾਂ 'ਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਸ਼ਾਮਲ ਹਨ। ਪ੍ਰਵਾਸੀਆਂ ਵੱਲੋਂ ਆਪਣੇ ਮੂਲ ਮੁਲਕ 'ਚ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਭੇਜੀ ਗਈ ਰਕਮ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ।

ਰਿਪੋਰਟ ਮੁਤਾਬਕ ਮੈਕਸਿਕੋ ਦੂਜਾ ਸਭ ਤੋਂ ਵਧ ਰਕਮ ਹਾਸਲ ਕਰਨ ਵਾਲਾ ਮੁਲਕ ਰਿਹਾ। ਇਹ ਸਥਾਨ ਉਸ ਨੇ 2021 ਵਿਚ ਚੀਨ ਨੂੰ ਪਿੱਛੇ ਛੱਡ ਦੇ ਹਾਸਲ ਕੀਤਾ ਸੀ। ਇਸ ਤੋਂ ਪਹਿਲਾਂ ਤੱਕ ਭਾਰਤ ਤੋਂ ਬਾਅਦ ਚੀਨ ਦੂਜੇ ਨੰਬਰ 'ਤੇ ਸੀ। ਰਿਪੋਰਟ ਦੇ ਅੰਕੜਿਆਂ ਮੁਤਾਬਕ ਭਾਰਤ 2010 (53.48 ਅਰਬ ਡਾਲਰ), 2015 (68.91 ਅਰਬ ਡਾਲਰ) ਤੇ 2020 (83.15 ਅਰਬ ਡਾਲਰ) 'ਚ ਵੀ ਸਿਖਰ 'ਤੇ ਰਿਹਾ ਸੀ। ਦੱਖਣੀ ਏਸ਼ੀਆ ਵਿਚ ਤਿੰਨ ਮੁਲਕ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਦੁਨੀਆਂ 'ਚ ਕੌਮਾਂਤਰੀ ਤੌਰ 'ਤੇ ਬਾਹਰੋਂ ਮਿਲਣ ਵਾਲੀ ਰਕਮ ਵਾਲੇ 10 ਸਿਖਰਲੇ ਮੁਲਕਾਂ 'ਚ ਸ਼ਾਮਲ ਰਹੇ।

## ਕਪਿਲ ਸਿੱਬਲ ਵੱਲੋਂ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੀ ਚੋਣ ਲੜਨ ਦਾ ਐਲਾਨ



**ਨਵੀਂ ਦਿੱਲੀ, (ਪੰਜਾਬ ਮੇਲ)-** ਸੀਨੀਅਰ ਵਕੀਲ ਕਪਿਲ ਸਿੱਬਲ ਨੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐੱਸ.ਸੀ.ਬੀ.ਏ.) ਦੇ ਪ੍ਰਧਾਨ ਅਹੁਦੇ ਲਈ ਚੋਣ ਲੜਨ ਦਾ ਐਲਾਨ ਕੀਤਾ ਹੈ। ਸਾਬਕਾ ਕੇਂਦਰੀ ਮੰਤਰੀ ਸਿੱਬਲ ਨੇ 1995 ਅਤੇ 2002 ਦਰਮਿਆਨ ਤਿੰਨ ਵਾਰ ਐੱਸ.ਸੀ.ਬੀ. ਏ. ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਈਆਂ। ਐੱਸ.ਸੀ.ਬੀ.ਏ. ਦੇ ਆਨਰੇਰੀ ਸਕੱਤਰ ਰੋਹਿਤ ਪਾਂਡੇ ਨੇ ਕਿਹਾ ਕਿ ਸਿੱਬਲ ਪ੍ਰਧਾਨ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਸੀਨੀਅਰ ਵਕੀਲ ਆਦੀਸ਼ ਅਗਰਵਾਲ ਐੱਸ.ਸੀ.ਬੀ.ਏ. ਦੇ ਸਾਬਕਾ ਪ੍ਰਧਾਨ ਹਨ। ਸਿਖਰਲੀ ਅਦਾਲਤ ਨੇ ਪਹਿਲਾਂ ਨਿਰਦੇਸ਼ ਦਿੱਤਾ ਸੀ ਕਿ ਐੱਸ.ਸੀ.ਬੀ.ਏ. ਦੀ ਕਾਰਜਕਾਰਨੀ ਕਮੇਟੀ ਵਿਚ ਅਹੁਦੇ ਮਹਿਲਾ ਮੈਂਬਰਾਂ ਲਈ ਰਾਖਵੇਂ ਕੀਤੇ ਜਾਣ। ਐੱਸ.ਸੀ.ਬੀ.ਏ. ਚੋਣਾਂ 16 ਮਈ ਨੂੰ ਹੋਣਗੀਆਂ ਤੇ ਨਤੀਜੇ 19 ਮਈ ਨੂੰ ਐਲਾਨੇ ਜਾਣਗੇ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

**ਸਲਮਾਨ ਖਾਨ ਦੇ ਘਰ ਗੋਲੀਬਾਰੀ ਦਾ ਮਾਮਲਾ**

## ਮੁੰਬਈ ਪੁਲਿਸ ਵੱਲੋਂ ਬਿਸ਼ਨੋਈ ਗੈਂਗ ਦਾ ਇਕ ਹੋਰ ਮੈਂਬਰ ਗ੍ਰਿਫ਼ਤਾਰ

**ਮੁੰਬਈ, (ਪੰਜਾਬ ਮੇਲ)-** ਅਦਾਕਾਰ ਸਲਮਾਨ ਖਾਨ ਦੇ ਘਰ ਦੇ ਬਾਹਰ ਪਿਛਲੇ ਮਹੀਨੇ ਹੋਈ ਗੋਲੀਬਾਰੀ ਦੇ ਸਿਲਸਿਲੇ ਵਿਚ ਮੁੰਬਈ ਪੁਲਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਹੋਰ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸੰਬੰਧੀ ਅਧਿਕਾਰੀਆਂ ਨੇ ਮੰਗਲਵਾਰ ਨੂੰ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀ ਪਛਾਣ 34 ਸਾਲਾ ਹਰਪਾਲ ਸਿੰਘ ਦੇ ਰੂਪ ਵਿਚ ਹੋਈ ਹੈ। ਉਹ ਹਰਿਆਣਾ ਦੇ ਫਤਿਹਾਬਾਦ ਦਾ ਵਸਨੀਕ ਹੈ। ਮੁੰਬਈ ਅਪਰਾਧ ਸ਼ਾਖਾ ਦੀ ਟੀਮ ਨੇ ਸੋਮਵਾਰ ਨੂੰ ਦੋਸ਼ੀ ਨੂੰ ਉਸ ਦੇ ਗ੍ਰਹਿ ਨਗਰ ਤੋਂ ਗ੍ਰਿਫ਼ਤਾਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਹਰਪਾਲ ਨੂੰ ਮੰਗਲਵਾਰ ਤੜਕੇ ਮੁੰਬਈ ਲਿਆਂਦਾ ਗਿਆ ਅਤੇ ਅਦਾਲਤ 'ਚ ਪੇਸ਼ ਕੀਤਾ ਗਿਆ। ਮੁੰਬਈ ਪੁਲਿਸ ਨੇ ਹੁਣ ਤੱਕ ਇਸ ਮਾਮਲੇ ਵਿਚ ਕੁੱਲ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ਹਿਰ 'ਚ ਬਾਂਦਰਾ ਇਲਾਕੇ ਦੇ ਗੈਲੇਕਸੀ ਅਪਾਰਟਮੈਂਟ ਵਿਚ ਸਥਿਤ ਸਲਮਾਨ ਖਾਨ ਦੀ ਰਿਹਾਇਸ਼ ਦੇ ਬਾਹਰ 14 ਅਪ੍ਰੈਲ ਨੂੰ ਦੋ ਮੋਟਰਸਾਈਕਲ ਸਵਾਰ ਲੋਕਾਂ ਨੇ ਗੋਲੀਆਂ ਚਲਾਈਆਂ ਸਨ ਅਤੇ ਫਿਰ ਮੌਕੇ ਤੋਂ ਫ਼ਰਾਰ ਹੋ ਗਏ ਸਨ। ਅਧਿਕਾਰੀ ਨੇ ਦੱਸਿਆ ਕਿ ਬਿਸ਼ਨੋਈ ਗੈਂਗ ਦੇ ਇਕ ਹੋਰ ਮੈਂਬਰ ਅਤੇ ਦੋਸ਼ੀ ਮੁਹੰਮਦ ਰਫੀਕ ਚੌਧਰੀ ਨੇ ਪੁੱਛਗਿੱਛ ਦੌਰਾਨ ਇਸ ਮਾਮਲੇ ਵਿਚ ਹਰਪਾਲ ਦੀ ਸ਼ਮੂਲੀਅਤ ਨੂੰ ਉਜਾਗਰ ਕੀਤਾ ਸੀ। ਪੁਲਿਸ ਨੇ ਰਫੀਕ ਚੌਧਰੀ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੇ ਦੱਸਿਆ ਕਿ ਹਰਪਾਲ ਨੇ ਚੌਧਰੀ ਨੂੰ ਸਲਮਾਨ ਖਾਨ ਦੀ ਰਿਹਾਇਸ਼ ਦੇ ਆਲੇ-ਦੁਆਲੇ 'ਰੇਕੀ' ਕਰਨ ਲਈ ਕਿਹਾ ਸੀ ਅਤੇ ਇਸ ਕੰਮ ਲਈ ਉਸ ਨੂੰ 2 ਤੋਂ 3 ਲੱਖ ਰੁਪਏ ਵੀ ਦਿੱਤੇ ਸਨ।

# ਰਾਸ਼ਟਰਪਤੀ ਜ਼ੇਲੈਂਸਕੀ ਦੀ ਹੱਤਿਆ ਦੀ ਸਾਜ਼ਿਸ਼ ਨਾਕਾਮ

**■ 2 ਰੂਸ ਪੱਖੀ ਯੂਕਰੇਨੀ ਅਧਿਕਾਰੀ ਗ੍ਰਿਫਤਾਰ**



**ਕੀਵ, (ਪੰਜਾਬ ਮੇਲ)-** ਯੂਕਰੇਨ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਕਾਊਂਟਰ ਇੰਟੈਲੀਜੈਂਸ ਜਾਂਚਕਰਤਾਵਾਂ ਨੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਦੀ ਹੱਤਿਆ ਦੀ ਰੂਸੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ। ਉਸ ਨੇ ਸਾਜ਼ਿਸ਼ ਵਿਚ ਸ਼ਾਮਲ ਦੋ ਏਜੰਟਾਂ ਨੂੰ ਗ੍ਰਿਫਤਾਰ ਕੀਤਾ ਹੈ।

ਯੂਕਰੇਨ ਦੀ ਰਾਜ ਸੁਰੱਖਿਆ ਸੇਵਾ ਨੇ ਕਿਹਾ ਕਿ ਯੂਕਰੇਨ ਦੇ ਚੋਟੀ ਦੇ ਫੌਜੀ ਅਧਿਕਾਰੀ ਅਤੇ ਰਾਜਨੀਤਿਕ ਹਸਤੀਆਂ ਵੀ ਸਾਜ਼ਿਸ਼ ਦਾ ਨਿਸ਼ਾਨਾ ਸਨ। ਸਟੇਟ ਸਕਿਓਰਿਟੀ ਸਰਵਿਸ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਯੂਕਰੇਨ ਦੇ ਸਟੇਟ ਗਾਰਡ ਵਿਚ ਸੇਵਾ ਕਰ ਰਹੇ ਦੋ ਕਰਨਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਸ਼ੱਕ ਹੈ ਕਿ ਦੋਵੇਂ ਕਰਨਲ ਰੂਸ ਦੀ ਸੰਘੀ ਸੁਰੱਖਿਆ ਸੇਵਾ ਦੀ ਯੋਜਨਾ 'ਤੇ ਕੰਮ ਕਰ ਰਹੇ ਸਨ। ਦੋਵੇਂ ਕਰਨਲ ਉੱਚ ਅਧਿਕਾਰੀਆਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਸਨ। ਇਨ੍ਹਾਂ ਨੂੰ ਫਰਵਰੀ 2022 ਵਿਚ ਰੂਸੀ ਹਮਲੇ ਤੋਂ ਪਹਿਲਾਂ ਭਰਤੀ ਕੀਤਾ ਗਿਆ ਸੀ। ਰਾਜ ਸੁਰੱਖਿਆ ਸੇਵਾ ਦੇ ਮੁਖੀ ਵਸਿਲ ਮਲਿਕ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਰੂਸੀ ਏਜੰਟ ਸਾਜ਼ਿਸ਼ ਨੂੰ ਅੰਜਾਮ ਦੇਣਾ ਚਾਹੁੰਦੇ ਸਨ ਅਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਉਨ੍ਹਾਂ ਦੇ ਪੰਜਵੇਂ ਕਾਰਜਕਾਲ ਦੀ ਸ਼ੁਰੂਆਤ ਤੋਂ ਪਹਿਲਾਂ ਤੋਹਫ਼ਾ ਦੇਣਾ ਚਾਹੁੰਦੇ ਸਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਰੂਸੀ ਖੁਫੀਆ ਏਜੰਟ ਯੂਕਰੇਨੀ ਫ਼ੌਜ ਦੇ ਉਨ੍ਹਾਂ ਮੈਂਬਰਾਂ ਦੀ ਭਾਲ ਕਰ ਰਹੇ ਸਨ, ਜਿਨ੍ਹਾਂ ਕੋਲ ਰਾਸ਼ਟਰਪਤੀ ਜ਼ੇਲੈਂਸਕੀ ਦੇ ਸੁਰੱਖਿਆ ਪ੍ਰਬੰਧਾਂ ਨਾਲ ਸਬੰਧਤ ਜਾਣਕਾਰੀ ਸੀ ਅਤੇ ਜੋ ਰਾਸ਼ਟਰਪਤੀ ਨੂੰ ਬੰਦੀ ਬਣਾ ਸਕਦੇ ਸਨ ਅਤੇ ਬਾਅਦ ਵਿਚ ਉਨ੍ਹਾਂ ਦੀ ਹੱਤਿਆ ਕਰ ਸਕਦੇ ਸਨ।

ਬਿਆਨ ਵਿਚ ਕਥਿਤ ਤੌਰ 'ਤੇ ਸਾਜ਼ਿਸ਼ ਦੇ ਪਿੱਛੇ ਤਿੰਨ ਰੂਸੀ ਜਾਸੂਸਾਂ ਦਾ ਨਾਂ ਲਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਜ਼ੇਲੈਂਸਕੀ ਦੀ ਹੱਤਿਆ ਦੀ ਕਾਰਵਾਈ ਮਾਸਕੋ ਤੋਂ ਚਲਾਈ ਜਾ ਰਹੀ ਸੀ। ਦੋਨੋਂ ਯੂਕਰੇਨੀ ਕਰਨਲ ਨੂੰ ਦੇਸ਼ਧ੍ਰੋਹ ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਦੇਸ਼ਧ੍ਰੋਹ ਦਾ ਦੋਸ਼ੀ ਸਾਬਤ ਹੋਣ 'ਤੇ ਸਜ਼ਾ ਉਮਰ ਕੈਦ ਹੋ ਸਕਦੀ ਹੈ। ਰੂਸ ਵੱਲੋਂ ਜ਼ੇਲੈਂਸਕੀ ਦੀ ਹੱਤਿਆ ਦੀ ਕੋਸ਼ਿਸ਼ ਬਾਰੇ ਯੂਕਰੇਨ ਦੇ ਦਾਅਵੇ ਨਵੇਂ ਨਹੀਂ ਹਨ। ਜ਼ੇਲੈਂਸਕੀ ਨੇ ਕਿਹਾ ਹੈ ਕਿ 2022 ਵਿਚ ਉਸ ਦੀ ਹੱਤਿਆ ਕਰਨ ਦੀਆਂ ਘੱਟੋ-ਘੱਟ 10 ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਤੀਜੇ ਸਾਲ ਵਿਚ ਦਾਖਲ ਹੋ ਗਈ ਹੈ।

ਰੂਸ ਅਤੇ ਯੂਕਰੇਨ ਨੇ ਇਕ ਦੂਜੇ 'ਤੇ ਯੁੱਧ ਵਿਚ ਪਾਬੰਦੀਸ਼ੁਦਾ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ।

# ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਨੂੰ ਮੁੱਖ ਮੰਤਰੀ ਵਜੋਂ ਹਟਾਉਣ ਦੀ ਮੰਗ ਕਰਦੀ ਪਟੀਸ਼ਨ ਖਾਰਜ

**ਸਰਵਉੱਚ ਅਦਾਲਤ ਨੇ ਕਾਰਵਾਈ ਦੀ ਜ਼ਿੰਮੇਵਾਰੀ ਉਪ ਰਾਜਪਾਲ ਸਿਰ ਪਾਈ**

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫ਼ਤਾਰੀ ਮਗਰੋਂ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕਰਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਪਟੀਸ਼ਨਰ ਨੂੰ ਅਜਿਹੀ ਮੰਗ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ ਕਿ ਅਜਿਹੇ ਹਾਲਾਤ ਵਿਚ ਅਸਤੀਫ਼ਾ ਦੇਣਾ ਜਾਂ ਨਾ ਦੇਣਾ ਨਿੱਜੀ ਫੈਸਲਾ ਹੈ, ਪਰ ਗ੍ਰਿਫ਼ਤਾਰੀ ਮਗਰੋਂ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰਨ ਦਾ (ਪਟੀਸ਼ਨਰ ਨੂੰ) ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਉੱਚ ਕੋਰਟ ਨੇ ਸਾਫ਼ ਕਰ ਦਿੱਤਾ ਕਿ ਦਿੱਲੀ ਦੇ ਉਪ ਰਾਜਪਾਲ ਜੇਕਰ ਚਾਹੁਣ ਤਾਂ ਇਸ ਮਾਮਲੇ ਵਿਚ ਕੋਈ ਕਾਰਵਾਈ ਕਰ ਸਕਦੇ ਹਨ। ਬੈਂਚ ਨੇ ਪਟੀਸ਼ਨਰ ਕਾਂਤ ਭੱਟੀ ਦੇ ਵਕੀਲ ਨੂੰ ਕਿਹਾ, "ਕਾਨੂੰਨੀ ਅਧਿਕਾਰ ਕੀ ਹੈ? ਜਿੱਥੋਂ ਤੱਕ ਨਿੱਜੀ ਫੈਸਲੇ ਦੀ ਗੱਲ ਹੈ, ਤਾਂ ਤੁਹਾਡੇ ਕੋਲ ਯਕੀਨੀ ਤੌਰ 'ਤੇ ਇਸ ਬਾਰੇ ਕਹਿਣ ਲਈ ਕੁਝ ਹੋ ਸਕਦਾ ਹੈ, ਪਰ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ। ਐੱਲ.ਜੀ. (ਉਪ ਰਾਜਪਾਲ) ਜੇਕਰ ਕੋਈ ਕਾਰਵਾਈ ਕਰਨਾ ਚਾਹੁੰਦੇ ਹਨ, ਤਾਂ ਇਹ ਉਨ੍ਹਾਂ ਦੀ ਮਰਜ਼ੀ ਹੈ। ਅਸੀਂ ਇਸ ਪਟੀਸ਼ਨ 'ਤੇ ਸੁਣਵਾਈ ਨਹੀਂ ਕਰਾਂਗੇ।" ਬੈਂਚ ਨੇ ਦਿੱਲੀ ਹਾਈ ਕੋਰਟ ਦੇ 10 ਅਪ੍ਰੈਲ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਅਪੀਲ ਰੱਦ ਕਰਦਿਆਂ ਕਿਹਾ, "ਜਦੋਂ ਅਸੀਂ ਮਸਲੇ (ਕੇਜਰੀਵਾਲ ਵੱਲੋਂ ਆਪਣੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ) ਉੱਤੇ ਸੁਣਵਾਈ ਕਰ ਰਹੇ ਸੀ, ਤਾਂ ਅਸੀਂ ਉਨ੍ਹਾਂ ਨੂੰ ਇਹੀ ਸਵਾਲ ਕੀਤਾ ਸੀ। ਆਖਰ ਨੂੰ ਇਹ ਨਿੱਜੀ ਫੈਸਲੇ ਦਾ ਮਸਲਾ ਹੈ ਤੇ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।" ਬੈਂਚ ਨੇ ਕਿਹਾ ਕਿ ਹਾਈ ਕੋਰਟ ਇਸ ਮਸਲੇ 'ਤੇ ਕਈ ਪਟੀਸ਼ਨਾਂ ਰੱਦ ਕਰ ਚੁੱਕੀ ਹੈ। ਹਾਈ ਕੋਰਟ ਨੇ 10 ਅਪ੍ਰੈਲ ਨੂੰ ਸੁਣਾਏ ਫੈਸਲੇ ਵਿਚ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕਰਦੀਆਂ ਪਟੀਸ਼ਨਾਂ ਵਾਰ-ਵਾਰ ਦਾਖਲ ਕੀਤੇ ਜਾਣ 'ਤੇ ਨਾਖੁਸ਼ੀ ਜ਼ਾਹਿਰ ਕੀਤੀ ਸੀ। ਕੋਰਟ ਨੇ ਕਿਹਾ ਸੀ ਕਿ ਉਹ ਇਕ ਵਾਰ ਇਸ ਮੁੱਦੇ ਨਾਲ ਸਿੱਝ ਚੁੱਕੀ ਹੈ ਤੇ ਉਸ ਦਾ ਵਿਚਾਰ ਹੈ ਕਿ ਇਹ ਮਸਲਾ ਕਾਰਜਪਾਲਿਕਾ ਦੇ ਅਧਿਕਾਰ ਖੇਤਰ ਦਾ ਹੈ, ਜਿਸ ਕਰਕੇ 'ਵਾਰ ਵਾਰ ਪਟੀਸ਼ਨਾਂ' ਨਾ ਪਾਈਆਂ ਜਾਣ ਕਿਉਂਕਿ ਇਹ ਕੋਈ "ਜੇਮਸ ਬਾਂਡ ਦੀ ਫ਼ਿਲਮ ਨਹੀਂ ਹੈ, ਜਿਸ ਦੇ ਸਿਕੁਅਲ ਹਨ।"

# ਮਾਣਹਾਨੀ ਕੇਸ: ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਨੂੰ ਮਸਲਾ ਨਿਬੇੜਨ ਦੀ ਮੋਹਲਤ



ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਮਈ 2018 ਵਿਚ ਯੂਟਿਊਬਰ ਧਰੁਵ ਰਾਠੀ ਵੱਲੋਂ ਸਰਕੂਲੇਟ ਕੀਤੀ ਅਪਮਾਨਜਨਕ ਵੀਡੀਓ ਅੱਗੇ ਰੀਟਵੀਟ ਕਰਨ ਨਾਲ ਜੁੜੇ ਮਾਣਹਾਨੀ ਕੇਸ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਤੀ ਅੰਤਰਿਮ ਰਾਹਤ ਵਿਚ ਵਾਧਾ ਕਰਦਿਆਂ ਮਸਲੇ ਦਾ ਸੰਭਾਵੀ ਹੱਲ ਤਲਾਸ਼ਣ ਲਈ ਮੋਹਲਤ ਦੇ ਦਿੱਤੀ ਹੈ। ਕੇਜਰੀਵਾਲ ਨੇ ਫੌਜਦਾਰੀ ਮਾਣਹਾਨੀ ਕੇਸ ਵਿਚ ਜਾਰੀ ਸੰਮਨਾਂ ਨੂੰ ਬਰਕਰਾਰ ਰੱਖਣ ਦੇ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਕਿਹਾ ਕਿ ਪਹਿਲਾਂ ਦਿੱਤੀ ਅੰਤਰਿਮ ਰਾਹਤ ਅਗਲੇ ਹੁਕਮਾਂ ਤੱਕ ਜਾਰੀ ਰਹੇਗੀ। ਕੇਜਰੀਵਾਲ ਵੱਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ 11 ਮਾਰਚ ਨੂੰ ਪਿਛਲੀ ਸੁਣਵਾਈ ਮਗਰੋਂ ਦੋਵੇਂ ਧਿਰਾਂ ਕੇਸ ਦੇ ਨਿਬੇੜੇ ਨੂੰ ਲੈ ਕੇ ਇਕ ਦੂਜੇ ਨਾਲ ਰਾਬਤਾ ਨਹੀਂ ਕਰ ਸਕੀਆਂ ਸਨ। ਉਧਰ ਸ਼ਿਕਾਇਤਕਰਤਾ ਵੱਲੋਂ ਪੇਸ਼ ਵਕੀਲ ਵਿਕਾਸ ਸਾਂਕ੍ਰਿਤਯਾਇਨ ਨੇ ਵੀ ਇਹੀ ਦਾਅਵਾ ਕੀਤਾ, ਜਿਸ ਮਗਰੋਂ ਬੈਂਚ ਨੇ ਵਕੀਲ ਨੂੰ ਕਿਹਾ ਕਿ ਕੇਜਰੀਵਾਲ ਦਾ ਵਕੀਲ ਸ਼ਿਕਾਇਤਕਰਤਾ ਨਾਲ ਸੰਪਰਕ ਕਰੇਗਾ। ਬੈਂਚ ਨੇ ਕੇਸ ਦੀ ਅਗਲੀ ਸੁਣਵਾਈ 12 ਅਗਸਤ ਲਈ ਨਿਰਧਾਰਿਤ ਕਰ ਦਿੱਤੀ ਹੈ।

## ਨਿੱਝਰ ਕਾਂਡ: ਕੈਨੇਡਾ ਪੁਲਿਸ ਵੱਲੋਂ ਚੌਥਾ ਭਾਰਤੀ ਨਾਗਰਿਕ ਗ੍ਰਿਫ਼ਤਾਰ



ਵੈਨਕੂਵਰ, (ਪੰਜਾਬ ਮੇਲ)- ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਾਮਲੇ 'ਚ ਕੈਨੇਡਾ ਨੇ ਚੌਥੇ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਪੁਲਿਸ ਇਸ ਕੇਸ ਵਿਚ ਤਿੰਨ ਭਾਰਤੀ ਨੌਜਵਾਨਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਗ੍ਰਿਫ਼ਤਾਰ ਕੀਤੇ ਗਏ ਚੌਥੇ ਨੌਜਵਾਨ ਦੀ ਪਛਾਣ ਅਮਨਦੀਪ ਸਿੰਘ (22) ਵਜੋਂ ਦੱਸੀ ਗਈ ਹੈ, ਜੋ ਕੈਨੇਡਾ ਦੇ ਬਰੈਂਪਟਨ, ਸਰੀ ਅਤੇ ਐਬਟਸਫੋਰਡ ਇਲਾਕਿਆਂ ਦਾ ਵਸਨੀਕ ਹੈ। ਉਸ ਉੱਤੇ ਪਹਿਲਾ ਦਰਜਾ ਕਤਲ ਅਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਸੂਤਰਾਂ ਮੁਤਾਬਕ ਚਾਰੋਂ ਮੁਲਜ਼ਮਾਂ ਦੇ ਬਿਸ਼ਨੋਈ ਗੈਂਗ ਨਾਲ ਸਬੰਧਾਂ ਦਾ ਸ਼ੱਕ ਹੈ। ਨਿੱਝਰ (45) ਦੀ ਪਿਛਲੇ ਸਾਲ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਜਾਂਚ ਟੀਮ ਨੇ ਕਿਹਾ ਕਿ ਅਮਨਦੀਪ ਸਿੰਘ ਨੂੰ ਨਿੱਝਰ ਕਤਲ ਕੇਸ ਵਿਚ ਉਸ ਦੀ ਸ਼ੱਕੀ ਭੂਮਿਕਾ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਲੀਜ਼ ਮੁਤਾਬਕ ਅਮਨਦੀਪ ਸਿੰਘ ਹਥਿਆਰਾਂ ਨਾਲ ਜੁੜੇ ਇਕ ਮਾਮਲੇ 'ਚ ਪਹਿਲਾਂ ਹੀ ਪੀਲ ਰੀਜਨਲ ਪੁਲਿਸ ਦੀ ਹਿਰਾਸਤ ਵਿਚ ਸੀ। ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਅਧਿਕਾਰੀ ਮਨਦੀਪ ਮੂਕਰ ਨੇ ਕਿਹਾ ਕਿ ਇਸ ਗ੍ਰਿਫ਼ਤਾਰੀ ਨਾਲ ਸਪੱਸ਼ਟ ਹੁੰਦਾ ਹੈ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਚੱਲ ਰਹੀ ਜਾਂਚ ਨੂੰ ਕਿਸ ਸ਼ਿੱਦਤ ਨਾਲ ਅੰਜਾਮ ਤੱਕ ਪਹੁੰਚਾਇਆ ਜਾ ਰਿਹਾ ਹੈ।

## ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ) ਵੱਲੋਂ 'ਕਿਤਾਬੀ-ਸੱਭਿਆਚਾਰ ਦੇ ਵਿਕਾਸ ਲਈ ਕਿਤਾਬੀ-ਲੰਗਰ'

ਸਿਆਟਲ, (ਪੰਜਾਬ ਮੇਲ)- ਸੱਤ ਸਮੁੰਦਰੋਂ ਪਾਰ ਅਮਰੀਕਾ ਦੀ ਸਰਜਮੀਂ 'ਤੇ, ਆਪਣੇ ਝੰਡੇ ਗੱਡੀ ਬੈਠੇ, ਮਾਂ ਬੋਲੀ ਪੰਜਾਬੀ ਦੇ ਸਪੁੱਤਰ, ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ, ਪੰਜਾਬੀ ਭਾਸ਼ਾ-ਬੋਲੀ ਦੇ ਸਰਬ ਪੱਖੀ ਵਿਕਾਸ ਲਈ ਕੀਤੇ ਆਪਣੇ ਤਹੱਈਏ ਨੂੰ ਅਮਲੀ ਜਾਮਾ ਪਹਿਨਾਉਣ ਲਈ, ਨਿਰੰਤਰ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਦੀ ਲੜੀ ਵਿਚ ਇਕ ਹੋਰ ਵਾਧਾ ਕੀਤਾ ਹੈ। ਸਿੰਘ ਸਭਾ ਗੁਰਦੁਆਰਾ ਰੈਨਟਨ (ਵਾਸ਼ਿੰਗਟਨ) ਵੱਲੋਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ 11 ਮਈ, 2024 ਵਾਲੇ ਨਗਰ ਕੀਰਤਨ ਵਿਚ ਸਭਾ ਦਾ ਤੰਬੂ (ਬੂਥ) ਲਗਾ ਕੇ ਆਪਣੀ ਹਾਜ਼ਰੀ ਪੱਕੀ ਕੀਤੀ। ਨਗਰ ਕੀਰਤਨ ਦਾ ਹਿੱਸਾ ਬਣੀ ਸਮੂਹ ਸੰਗਤ ਨੂੰ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਸੰਬੰਧੀ ਜਾਣਕਾਰੀ ਦਿੱਤੀ, ਕਿਤਾਬੀ-ਲੰਗਰ ਲਾਇਆ ਗਿਆ, ਜਿਸ ਵਿਚ ਸਮਾਜ ਨੂੰ ਸੇਧ ਦੇਣ ਵਾਲੇ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਪੰਜਾਬੀ ਪਾਠਕਾਂ ਨੂੰ ਵੰਡੀਆਂ ਗਈਆਂ। ਸਮੂਹ ਸੰਗਤ ਨਾਲ ਇਹ ਗੱਲ ਸਾਂਝੀ ਕੀਤੀ ਗਈ ਕਿ ਸਾਡੇ ਕੋਲ ਉਪਲਬਧ ਕਿਤਾਬਾਂ ਵਿਚੋਂ ਜਿਹੜੀ ਵੀ ਚੰਗੀ ਲੱਗੇ, ਲੈ ਜਾਉ, ਨਿੱਠ ਕੇ ਪੜ੍ਹੋ, ਅਗਲੇ ਕਿਸੇ ਪ੍ਰੋਗਰਾਮ ਵਿਚ ਉਹ ਵਾਪਸ ਦੇ ਜਾਉ ਅਤੇ ਹੋਰ ਲੈ ਜਾਉ। ਇਸ ਗੱਲ ਲਈ ਵੀ ਬੇਨਤੀ ਕੀਤੀ ਗਈ ਕਿ ਕਿਸੇ ਲੇਖਕ ਦੀਆਂ ਛਪੀਆਂ ਕਿਤਾਬਾਂ ਜਾਂ ਕਿਸੇ ਕੋਲ ਅਲਮਾਰੀਆਂ 'ਚ ਸੰਭਾਲੀਆਂ ਕਿਤਾਬਾਂ ਪਈਆਂ ਹੋਣ, ਤਾਂ ਸਭਾ ਕੋਲ ਜਮਾਂ ਕਰਵਾਉ, ਤਾਂ ਕਿ ਪੜ੍ਹਣ ਲਈ ਇਕ ਦੂਜੇ ਕੋਲ ਕਿਤਾਬਾਂ ਪਹੁੰਚਾਉਣ ਦਾ ਸਰਕਲ ਬਣਾਇਆ ਜਾ ਸਕੇ।

ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਨਾਲ ਜੁੜ ਕੇ ਪੰਜਾਬੀ ਦੀ ਪ੍ਰਫੁੱਲਤਾ ਲਈ ਯਤਨਾਂ ਵਿਚ ਹਿੱਸਾ ਪਾਉਣ ਲਈ ਵੀ ਸੰਗਤ ਨੂੰ ਬੇਨਤੀ ਕੀਤੀ ਗਈ, ਸਭਾ ਦੇ ਉਦੇਸ਼ਾਂ ਅਤੇ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਇਸ ਕਾਰਜ ਲਈ ਲੋਕਾਂ ਵਿਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਕਈ ਭੈਣਾਂ, ਵੀਰਾਂ, ਬਜ਼ੁਰਗਾਂ ਨੇ ਸਭਾ ਦੀਆਂ ਮੀਟਿੰਗਾਂ ਅਤੇ ਪ੍ਰੋਗਰਾਮਾਂ ਵਿਚ ਹਾਜ਼ਰੀ ਲਵਾਉਣ ਦਾ ਵਾਅਦਾ ਵੀ ਕੀਤਾ। ਕਈਆਂ ਨੇ ਸਭਾ ਦੀ ਮੈਂਬਰਸ਼ਿਪ ਵੀ ਲਈ।

ਹਰ ਵਰਗ ਦੇ ਲੋਕਾਂ ਵਿਚ ਮਾਂ-ਬੋਲੀ ਪ੍ਰਤੀ ਪਿਆਰ ਸਤਿਕਾਰ ਵੇਖਕੇ ਸਭਾ ਦੇ ਹਾਜ਼ਰ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸੰਤੁਸ਼ਟੀ ਜ਼ਾਹਰ ਕਰਦਿਆਂ ਆਪਣੇ ਯਤਨਾਂ ਵਿਚ ਤੇਜ਼ੀ ਲਿਆਉਣ ਦਾ ਯਕੀਨ ਦਿਵਾਇਆ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਵਿੱਤੀ ਸਾਲ 2023-24 ਦੌਰਾਨ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਚੀਨ

**ਦੂਜੇ ਨੰਬਰ 'ਤੇ ਖਿਸਕਿਆ ਅਮਰੀਕਾ**


ਨਵੀਂ ਦਿੱਲੀ, (ਪੰਜਾਬ ਮੇਲ)- ਵਿੱਤੀ ਸਾਲ 2023-24 ਦੌਰਾਨ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਚੀਨ ਰਿਹਾ। ਭਾਰਤ ਦੇ ਇਕਨਾਮਿਕ ਥਿੰਕ ਟੈਂਕ-ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ.ਟੀ.ਆਰ.ਆਈ.) ਦੇ ਡਾਟਾ ਮੁਤਾਬਕ ਪਿਛਲੇ ਵਿੱਤੀ ਸਾਲ 'ਚ ਭਾਰਤ ਤੇ ਚੀਨ ਦਰਮਿਆਨ ਦੋਤਰਫ਼ਾ ਵਪਾਰ ਕਰੀਬ 118.4 ਅਰਬ ਡਾਲਰ ਦਾ ਰਿਹਾ। ਇਹ ਭਾਰਤ ਤੇ ਅਮਰੀਕਾ ਦਰਮਿਆਨ ਹੋਏ ਵਪਾਰ (118.3 ਅਰਬ ਡਾਲਰ) ਦੀ ਤੁਲਨਾ 'ਚ ਥੋੜ੍ਹਾ ਜ਼ਿਆਦਾ ਹੈ। ਹਾਲਾਂਕਿ ਅਮਰੀਕਾ ਵਿੱਤੀ ਸਾਲ 2021-22 ਤੇ 2022-23 ਦੇ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ ਸੀ। ਜੀ.ਟੀ.ਆਰ.ਆਈ. ਦਾ ਡਾਟਾ ਦੱਸਦਾ ਹੈ ਕਿ ਪਿਛਲੇ ਵਿੱਤੀ ਸਾਲ ਦੌਰਾਨ ਭਾਰਤ ਦੀ ਚੀਨ ਨੂੰ ਬਰਾਮਦ 8.7 ਫ਼ੀਸਦੀ ਵੱਧ ਕੇ 16.67 ਅਰਬ ਡਾਲਰ 'ਤੇ ਪਹੁੰਚ ਗਈ। ਚੀਨ ਨੂੰ ਬਰਾਮਦ ਵਧਾਉਣ 'ਚ ਭਾਰਤ ਦੇ ਲੋਹ ਓਰ, ਸੂਤੀ ਧਾਗਾ, ਕੱਪੜੇ, ਮੇਡਅੱਪ, ਹੈਂਡਲੂਮ, ਮਸਾਲੇ, ਫ਼ਲ ਤੇ ਸਬਜ਼ੀਆਂ, ਪਲਾਸਟਿਕ ਤੇ ਲਿਨੋਲੀਅਮ ਦੀ ਅਹਿਮ ਭੂਮਿਕਾ ਰਹੀ।

ਜੇਕਰ ਚੀਨ ਤੋਂ ਦਰਾਮਦ ਦੀ ਗੱਲ ਕਰੀਏ ਤਾਂ ਇਸ 'ਚ 3.24 ਫ਼ੀਸਦੀ ਦਾ ਉਛਾਲ ਆਇਆ ਤੇ ਇਹ 101.7 ਅਰਬ ਡਾਲਰ ਤੱਕ ਪਹੁੰਚ ਗਈ। ਭਾਰਤ ਚੀਨ ਤੋਂ ਜ਼ਿਆਦਾਤਰ ਇਲੈਕਟ੍ਰਾਨਿਕ ਸਾਮਾਨ, ਨਿਊਕਲੀਅਰ ਰਿਐਕਟਰਸ, ਬਾਇਲਰ, ਆਰਗੈਨਿਕ ਕੈਮੀਕਲ, ਪਲਾਸਟਿਕ ਦਾ ਸਾਮਾਨ, ਫਰਟੀਲਾਈਜ਼ਰ, ਗੱਡੀਆਂ ਨਾਲ ਜੁੜਿਆ ਸਾਮਾਨ, ਕੈਮੀਕਲ ਪ੍ਰੋਡਕਟਸ, ਆਇਰਨ ਐਂਡ ਸਟੀਲਸ, ਆਇਰਨ ਐਂਡ ਸਟੀਲ ਦਾ ਸਾਮਾਨ ਤੇ ਐਲੂਮੀਨੀਅਮ ਖ਼ਰੀਦਦਾ ਹੈ।

ਵਿੱਤੀ ਸਾਲ 2023-24 'ਚ ਅਮਰੀਕਾ ਨੂੰ ਬਰਾਮਦ 1.32 ਫ਼ੀਸਦੀ ਘੱਟ ਕੇ 77.5 ਅਰਬ ਡਾਲਰ 'ਤੇ ਆ ਗਈ। ਜੇਕਰ ਦਰਾਮਦ 'ਤੇ ਗੌਰ ਕਰੀਏ ਤਾਂ ਇਸ 'ਚ ਕਰੀਬ 20 ਫ਼ੀਸਦੀ ਦੀ ਗਿਰਾਵਟ ਆਈ ਹੈ ਤੇ 40.1 ਅਰਬ ਡਾਲਰ 'ਤੇ ਆ ਗਈ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ (ਜੀ.ਟੀ.ਆਰ.ਆਈ.) ਦਾ ਕਹਿਣਾ ਹੈ ਕਿ ਵਿੱਤੀ ਸਾਲ 2019 ਤੋਂ ਵਿੱਤੀ ਸਾਲ 2024 ਤੱਕ ਭਾਰਤ ਦੇ ਸਭ ਤੋਂ ਟਾਪ 15 ਵਪਾਰਕ ਭਾਈਵਾਲਾਂ ਨਾਲ ਕਾਰੋਬਾਰ 'ਚ ਮਹੱਤਵਪੂਰਨ ਬਦਲਾਅ ਹੋਏ। ਇਸ ਨਾਲ ਜ਼ਿਆਦਾਤਰ ਸੈਕਟਰ ਦੀ ਦਰਾਮਦ ਤੇ ਬਰਾਮਦ 'ਚ ਕਮੀ ਜਾਂ ਇਜ਼ਾਫ਼ਾ ਦੇਖਣ ਨੂੰ ਮਿਲਿਆ ਹੈ। ਇਸ ਦੌਰਾਨ ਚੀਨ ਨੂੰ ਬਰਾਮਦ 'ਚ 0.6 ਫ਼ੀਸਦੀ ਦੀ ਮਾਮੂਲੀ ਗਿਰਾਵਟ ਆਈ ਤੇ 16.66 ਅਰਬ ਡਾਲਰ 'ਤੇ ਆ ਗਈ। ਉਥੇ ਚੀਨ ਤੋਂ ਦਰਾਮਦ 'ਚ 44.7 ਫ਼ੀਸਦੀ ਦਾ ਇਜ਼ਾਫ਼ਾ ਹੋਇਆ ਤੇ ਇਹ 70.32 ਅਰਬ ਡਾਲਰ ਤੋਂ ਵੱਧ ਕੇ 101.75 ਅਰਬ ਡਾਲਰ ਹੋ ਗਈ। ਭਾਰਤ ਦੀ ਬਰਾਮਦ ਤੇ ਦਰਾਮਦ 'ਚ ਵੱਡਾ ਅੰਤਰ ਹੋਣ ਕਾਰਨ ਚੀਨ ਨਾਲ ਵਪਾਰਕ ਘਾਟਾ ਵੀ ਵਧਿਆ ਹੈ। ਇਹ ਵਿੱਤੀ ਸਾਲ 2019 'ਚ 53.57 ਅਰਬ ਡਾਲਰ ਸੀ, ਜੋ ਵਿੱਤੀ ਸਾਲ 2024 ਤੱਕ 85.09 ਅਰਬ ਡਾਲਰ ਪਹੁੰਚ ਗਿਆ। ਇਹ ਭਾਰਤ ਲਈ ਚਿੰਤਾ ਦੀ ਗੱਲ ਹੈ ਕਿਉਂਕਿ ਸਾਡੀ ਬਰਾਮਦ ਤਕਰੀਬਨ ਸਥਿਰ ਹੈ ਪਰ ਦਰਾਮਦ 'ਚ ਭਾਰੀ ਉਛਾਲ ਆਇਆ ਹੈ।

### ਭਾਰਤ ਦੇ 6 ਸਭ ਤੋਂ ਵੱਡੇ ਵਪਾਰਕ ਭਾਈਵਾਲ

- ਚੀਨ ਨਾਲ 118.4 ਅਰਬ ਡਾਲਰ ਦਾ ਵਪਾਰ
- ਅਮਰੀਕਾ ਨਾਲ 118.3 ਅਰਬ ਡਾਲਰ ਦਾ ਵਪਾਰ
- ਯੂ.ਏ.ਈ. ਨਾਲ 83.6 ਅਰਬ ਡਾਲਰ ਦਾ ਵਪਾਰ
- ਰੂਸ ਨਾਲ 65.7 ਅਰਬ ਡਾਲਰ ਦਾ ਵਪਾਰ
- ਸਾਊਦੀ ਅਰਬ ਨਾਲ 43.4 ਅਰਬ ਡਾਲਰ ਦਾ ਵਪਾਰ
- ਸਿੰਗਾਪੁਰ ਨਾਲ 35.6 ਅਰਬ ਡਾਲਰ ਦਾ ਵਪਾਰ



## 17 ਮਈ 'ਤੇ ਵਿਸ਼ੇਸ਼ ਲੇਖ

# ਛੋਟਾ ਘੱਲੂਘਾਰਾ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
ਪੰਜਾਬ ਮੇਲUSA





ਦਸਮ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਵਿਚੋਂ ਪਹੁਲ ਦੇ ਕੇ ਅਜਿਹੀ ਸਿੱਖ ਕੌਮ ਜਨਮੀ, ਜੋ ਹਰ ਵਕਤ ਇੱਜ਼ਤ, ਅਣਖ ਅਤੇ ਧਰਮ ਵਾਸਤੇ ਮਰ ਮਿਟਣ ਲਈ ਤਿਆਰ-ਬਰ-ਤਿਆਰ ਰਹਿੰਦੀ ਹੈ ਕਿਉਂਕਿ ਸਮੇਂ ਦੀਆਂ ਹਕੂਮਤਾਂ ਵੀ ਸਿੱਖਾਂ 'ਤੇ ਅੱਤਿਆਚਾਰ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ। ਮੁਗਲ ਹਕੂਮਤ ਵਲੋਂ 16 ਮਈ 1746 ਵਿਚ ਸਿੱਖਾਂ ਨੂੰ ਸ਼ਹੀਦ ਕਰਕੇ ਖ਼ਤਮ ਕਰਨ ਲਈ ਅਜਿਹਾ ਕਹਿਰ ਵਰਤਾਇਆ, ਜਿਸ ਨੂੰ ਛੋਟੇ ਘੱਲੂਘਾਰੇ ਦਾ ਨਾਮ ਦਿੱਤਾ ਗਿਆ।

1746 ਈ: ਵਿਚ ਲਾਹੌਰ ਤੋਂ 55 ਕਿਲੋਮੀਟਰ ਦੂਰ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ (ਪਾਕਿਸਤਾਨ) ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ ਜਾ ਰਿਹਾ ਸੀ। ਦੂਰੋਂ-ਦੂਰੋਂ ਸੰਗਤਾਂ ਆ ਰਹੀਆਂ ਸਨ। ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਵੀ ਸਿੱਖਾਂ ਦਾ ਜੱਥਾ ਲੈ ਕੇ ਕਈ ਦਿਨ ਦਾ ਸਫ਼ਰ ਤਹਿ ਕਰਕੇ ਉੱਥੇ ਪੁੱਜਿਆ ਸੀ। ਐਮਨਾਬਾਦ ਦਾ ਇਲਾਕਾ ਯਕਰੀਆ ਖ਼ਾਨ ਨੇ ਜਸਪਤ ਰਾਏ ਜੋ ਫ਼ੌਜ ਦਾ ਸੈਨਾਪਤੀ ਅਤੇ ਸਲਾਹਕਾਰ ਸੀ, ਨੂੰ ਜਗੀਰ ਵਜੋਂ ਦਿੱਤਾ ਹੋਇਆ ਸੀ।

ਵਿਸਾਖੀ ਮੌਕੇ ਸਿੱਖਾਂ ਦੇ ਵਿਸ਼ਾਲ ਇਕੱਠ ਨੂੰ ਜਸਪੱਤ ਰਾਏ ਹਜ਼ਮ ਨਾ ਕਰ ਸਕਿਆ। ਉਹ ਮਾਲੀਆ ਇਕੱਠਾ ਕਰਨ ਦੇ ਨਾਮ 'ਤੇ ਸਿੱਖਾਂ ਨੂੰ ਧਮਕਾਉਣ ਲੱਗਿਆ। ਉਸ ਨੇ ਸੰਗਤਾਂ ਨੂੰ ਗੁਰਦੁਆਰਾ ਛੱਡ ਕੇ ਜਾਣ ਦੇ ਹੁਕਮ ਦਿੱਤੇ। ਦੂਰੋਂ-ਦੂਰੋਂ ਆਈਆਂ ਸੰਗਤਾਂ ਨੇ ਇਕ ਰਾਤ ਕੱਟ ਕੇ ਚਲੇ ਜਾਣ ਦਾ ਭਰੋਸਾ ਦਵਾਇਆ। ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਬੈਠੇ ਜਸਪਤ ਰਾਏ ਨੇ ਫ਼ੌਜ ਨੂੰ ਬੁਲਾ ਲਿਆ ਅਤੇ ਸੰਗਤ 'ਤੇ ਹਮਲਾ ਕਰ ਦਿੱਤਾ। ਸਿੰਘਾਂ ਦੇ ਰੋਕਣ 'ਤੇ ਵੀ ਉਹ ਨਾ ਰੁੱਕਿਆ। ਜਸਪਤ ਰਾਏ ਹਾਥੀ 'ਤੇ ਚੜ੍ਹ ਕੇ ਅੱਗੇ ਵਧਦਾ ਆ ਰਿਹਾ ਸੀ। ਸਿਰੋਂ ਪਾਣੀ ਲੰਘਦਿਆਂ ਵੇਖ ਘੋੜ ਸਵਾਰ ਭਾਈ ਨਿਬਾਹੂ ਸਿੰਘ ਰੰਗਰੇਟਾ ਹਾਥੀ ਦੀ ਪੂੰਛ ਦਾ ਸਹਾਰਾ ਲੈ ਕੇ ਇਕਦਮ ਹਾਥੀ ਉੱਪਰ ਜਾ ਚੜ੍ਹਿਆ। ਉਸ ਨੇ ਤਲਵਾਰ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਗੱਲ ਲਾਹ ਦਿੱਤਾ।

ਜਸਪਤ ਰਾਏ ਦਾ ਵੱਡਾ ਭਰਾ ਲਖਪਤ ਰਾਏ ਜੋ ਕੇ ਉਸ ਸਮੇਂ ਲਾਹੌਰ ਦਾ ਦੀਵਾਨ ਸੀ, ਜਦ ਉਸ ਨੂੰ ਆਪਣੇ ਭਰਾ ਦੇ ਮਾਰੇ ਜਾਣ ਦੀ ਖ਼ਬਰ ਮਿਲੀ, ਤਾਂ ਉਹ ਗੁੱਸੇ ਵਿਚ ਪਾਗਲ ਹੋ ਗਿਆ। ਉਸ ਨੇ ਸਿੱਖਾਂ ਦਾ ਖੋਜ ਖੁਰਾ ਮਿਟਾਉਣ ਦਾ ਫੈਸਲਾ ਕਰ ਲਿਆ। ਉਸ ਨੇ ਲਾਹੌਰ ਦੇ ਸੂਬੇਦਾਰ ਯਾਹੀਆ ਖ਼ਾਨ ਦੇ ਪੈਰਾਂ ਵਿਚ ਆਪਣੀ ਪੱਗ ਰੱਖ ਕੇ ਐਲਾਨ ਕੀਤਾ ਕਿ ਹੁਣ ਮੈਂ ਉਸ ਟਾਇਮ ਪੱਗ ਸਿਰ 'ਤੇ ਰੱਖਾਂਗਾ, ਜਦ ਮੈਂ ਸਿੱਖਾਂ ਦਾ ਵਜੂਦ ਮਿਟਾ ਦੇਵਾਂਗਾ। ਯਾਹੀਆ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ, ਉਸ ਨੇ ਲਖਪਤ ਰਾਏ ਨੂੰ ਥਾਪੀ ਦਿੱਤੀ। ਦਿੱਲੀ ਦਰਬਾਰ ਨੇ ਵੀ ਉਸ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਅਤੇ ਹਰ ਸਹੂਲਤ ਦੇਣ ਦਾ ਵਾਅਦਾ ਕੀਤਾ।

ਉਸ ਨੇ ਲਾਹੌਰ ਦੇ ਗਵਰਨਰ ਯਹੀਆ ਖ਼ਾਨ ਤੋਂ ਆਗਿਆ ਲੈ ਕੇ ਫ਼ੌਜ ਨੂੰ ਕੂਚ ਕਰਨ ਦੇ ਹੁਕਮ ਦਿੱਤੇ। ਸਭ ਤੋਂ ਪਹਿਲਾਂ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਤੋਂ ਮਗਰੋਂ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ 'ਤੇ ਇਕਦਮ ਫ਼ੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਉਨ੍ਹਾਂ ਕਾਹਨੂੰਵਾਨ ਦੇ ਛੰਭਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਜਦ ਲਖਪਤ ਰਾਏ ਨੂੰ ਪਤਾ ਲੱਗਿਆ ਕਿ ਸਿੱਖ ਕਾਹਨੂੰਵਾਨ ਦੇ ਛੰਭ ਵੱਲ ਨੂੰ ਜਾ ਰਹੇ ਹਨ, ਤਾਂ ਲਖਪਤ ਰਾਏ ਨੇ ਮੁਗਲ ਫ਼ੌਜਾਂ ਦੀ ਸਹਾਇਤਾ ਨਾਲ ਜਿਸ ਵਿਚ ਘੋੜ ਸਵਾਰਾਂ ਦੇ ਨਾਲ ਤੋਪਾਂ ਸਨ, ਮਈ 1746 ਵਿਚ ਗੁਰਦਾਸਪੁਰ ਤੋਂ ਬਾਰ੍ਹਾਂ ਕਿਲੋਮੀਟਰ ਦੂਰ ਦੱਖਣ ਵੱਲ ਕਾਹਨੂੰਵਾਨ ਦੇ ਸੰਘਣੇ ਦਲਦਲੀ ਜੰਗਲਾਂ ਅਤੇ ਸਰਕੰਡੇ ਨੂੰ ਘੇਰਾ ਪਾ ਲਿਆ। ਸਿੱਖ ਕੁਝ ਸਮੇਂ ਲਈ ਸੰਘਣੇ ਜੰਗਲ ਵਿਚੋਂ ਬਾਹਰ ਆਉਂਦੇ ਤੇ ਹਮਲਾ ਕਰਕੇ ਵਾਪਸ ਮੁੜ ਜਾਂਦੇ। ਸਿੱਖਾਂ ਨੇ ਇਸ ਜੰਗਲ ਵਿਚ ਸ਼ਹੀਦ ਹੋਣਾ ਠੀਕ ਨਾ ਸਮਝਿਆ। ਉਨ੍ਹਾਂ ਨੇ ਮੁਗਲ ਫ਼ੌਜਾਂ 'ਤੇ ਧਾਵਾ ਬੋਲਦੇ ਅਤੇ ਮੁਕਾਬਲਾ ਕਰਦੇ ਹੋਏ ਉਤਰ-ਪੂਰਵ ਵੱਲ ਪਹਾੜਾਂ ਵਿਚ ਬੱਚ ਨਿਕਲਣ ਦਾ ਫੈਸਲਾ ਕੀਤਾ।

ਉਨ੍ਹਾਂ ਰਾਵੀ ਦਰਿਆ ਪਾਰ ਕਰਕੇ ਜੰਮੂ ਅਤੇ ਕਸ਼ਮੀਰ ਦੇ ਕਠੂਆ ਜ਼ਿਲ੍ਹੇ ਵਿਚ ਬਸੌਲੀ ਵੱਲ ਵਧੇ ਪਰ ਉੱਥੇ ਦੇ ਹਿੰਦੂ ਪਹਾੜੀ ਰਾਜੇ ਵੀ ਉਨ੍ਹਾਂ ਨਾਲ ਉਸ ਤਰ੍ਹਾਂ ਹੀ ਪੇਸ਼ ਆਏ, ਜਿਸ ਤਰ੍ਹਾਂ ਮੁਸਲਿਮ ਫ਼ੌਜ ਉਨ੍ਹਾਂ ਨਾਲ ਵਤੀਰਾ ਕਰ ਰਹੀ ਸੀ। ਬਸੌਲੀ ਵਿਚ ਸਿੱਖਾਂ ਉਪਰ ਪੱਥਰ ਮਾਰੇ ਗਏ ਅਤੇ ਗੋਲੀਆਂ ਚਲਾਈਆਂ ਗਈਆਂ। ਸਿੱਖਾਂ ਕੋਲ ਨਾ ਰਸਦ, ਨਾ ਪਾਣੀ, ਨਾ ਤੋਪਾਂ, ਨਾ ਬਰੂਦ, ਘੋੜੇ ਵੀ ਭੁੱਖਣ-ਭਾਣੇ ਥੱਕ ਚੁੱਕੇ ਸਨ। ਕਮਾਨਾਂ ਕਮਜ਼ੋਰ ਹੋ ਗਈਆਂ, ਤੀਰ ਮੁੱਕ ਗਏ ਸਨ, ਨੇਜ਼ਿਆਂ ਦੇ ਫਾਲੇ ਦੁਸ਼ਮਣਾਂ ਦੇ ਤਨਾਂ ਵਿਚ ਰਹਿ ਗਏ ਸਨ।

ਸਿੱਖ ਸਾਰੇ ਪਾਸਿਆਂ ਤੋਂ ਹੀ ਘਿਰ ਗਏ। ਫਿਰ ਇਹ ਵਿਚਾਰ ਬਣੀ ਕਿ ਇਕ ਜੱਥਾ ਪਹਾੜਾਂ ਉਪਰ ਚੜ੍ਹੇ, ਦੂਜਾ ਰਾਵੀ ਪਾਰ ਕਰੇ ਅਤੇ ਤੀਜਾ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠ ਲੱਖਪਤ ਰਾਏ ਦਾ ਟਾਕਰਾ ਕਰੇ। ਕਈ ਸਿੰਘ ਪਹਾੜੀ ਚੜ੍ਹ ਗਏ। ਰਾਵੀ ਵਿਚ ਪਾਣੀ ਦਾ ਵਹਾਓ ਤੇਜ਼ ਹੋਣ ਕਰਕੇ ਕਈ ਸਿੰਘ ਸਣੇ ਘੋੜੇ ਪਾਣੀ ਵਿਚ ਰੁੜ ਗਏ। ਫਿਰ ਵਿਚਾਰ ਬਣੀ ਪੈਦਲ ਜੱਥੇ ਪਹਾੜੀਆਂ ਟੱਪ ਕੇ ਕੁਲੂ ਅਤੇ ਮੰਡੀ ਵੱਲ ਨਿਕਲ ਜਾਣ, ਜੋ ਘੋੜਿਆਂ ਉੱਪਰ ਹਨ, ਉਹ ਟਾਕਰਾ ਕਰਨ। ਇਸ ਤਰ੍ਹਾਂ ਜੋ ਪਹਾੜੀਆਂ ਉੱਪਰ ਚੜ੍ਹ ਗਏ, ਉਹ ਮਸੀਬਤਾਂ ਵਿਚ ਦੀ ਲੰਘਦੇ ਹੋਏ ਛੇ ਮਹੀਨੇ ਬਾਅਦ ਕੀਰਤਪੁਰ ਸਿੱਖਾਂ ਨੂੰ ਆ ਮਿਲੇ। ਜੋ ਬਾਕੀ ਸਿੰਘ ਰਹਿ ਗਏ, ਉਨ੍ਹਾਂ ਨਿਰਨਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਏ ਦੀਆਂ ਫ਼ੌਜਾਂ 'ਤੇ ਹੱਲਾ ਬੋਲ ਦਿੱਤਾ ਜਾਵੇ। ਗੁਰੂ ਸਾਹਿਬ ਜੀ ਦਾ ਬਚਨ ਹੈ, ਜੋ ਸਨਮੁੱਖ ਹੋ ਕੇ ਸਿੱਧਾ ਲੜੇਗਾ, ਉਸ ਵਿਚ ਸਵਾ ਲੱਖ ਜਿੰਨਾਂ ਬਲ ਹੋਵੇਗਾ।

ਇਸ ਮਤੇ ਅਨੁਸਾਰ ਖ਼ਾਲਸੇ ਨੇ ਸਿੱਧੀ ਟੱਕਰ ਮਾਰੀ, ਸ਼ੇਰਾਂ ਵਾਂਗ ਉਹ ਗਰਜੇ, ਵੈਰੀਆਂ ਦੀਆਂ ਕਤਾਰਾਂ ਨੂੰ ਚੀਰਦੇ ਹੋਏ ਵਿਚੋਂ ਦੀ ਨਿਕਲ ਗਏ।

ਨਵਾਬ ਕਪੂਰ ਸਿੰਘ ਜੀ ਜੱਥੇ ਦੀ ਅਗਵਾਈ ਕਰ ਰਹੇ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਇਕ ਸਿਰੇ ਨੂੰ ਸੰਭਾਲ ਰਹੇ ਸਨ। ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੂਹਰਲਾ ਪੱਖ ਤੋੜ ਰਹੇ ਸਨ। ਸਰਦਾਰ ਸੁੱਖਾ ਸਿੰਘ ਜੀ ਲੱਖਪਤ ਰਾਏ ਦੇ ਨੇੜੇ ਹੀ ਸੀ, ਜਦ ਉਸ ਨੂੰ ਮਾਰ ਮਕਾਉਣ ਲੱਗੇ, ਤਾਂ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਅਜਿਹਾ ਨਿਸ਼ਾਨਾ ਲੱਗਿਆ, ਉਨ੍ਹਾਂ ਦੀ ਲੱਤ ਜ਼ਖ਼ਮੀ ਹੋ ਗਈ। ਉਹ ਪਿੱਛੇ ਹੱਟ ਗਏ। ਸਰਦਾਰ ਜੱਸਾ ਸਿੰਘ ਦੇ ਪੱਟ ਵਿਚ ਗੋਲੀ ਲੱਗੀ ਪਰ ਉਹ ਪੱਟ ਬੰਨ੍ਹ ਕੇ ਇਸ ਤਰ੍ਹਾਂ ਹੀ ਲੜਦੇ ਰਹੇ। ਨਵਾਬ ਕਪੂਰ ਸਿੰਘ ਜੀ 'ਤੇ ਸਿੱਧਾ ਵਾਰ ਹੋਇਆ ਤੇ ਉਹ ਬਚ ਗਏ। ਇਸ ਤਰ੍ਹਾਂ ਯੁੱਧ ਕਰਦੇ ਸਿੰਘ ਰਾਵੀ ਪਾਰ ਕਰ ਗਏ।

ਬਾਕੀ ਜੋ ਸਿੱਖ ਦੋ ਹਜ਼ਾਰ ਦੇ ਕਰੀਬ ਸਨ, ਪੂਰਵੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਹੇਠਲੇ ਮੈਦਾਨ ਵਿਚ ਨਿਕਲ ਗਏ। ਪਹਿਲੀ ਜੂਨ 1746 ਨੂੰ ਘੱਲੂਘਾਰੇ ਦਾ ਆਰੰਭ ਹੋਇਆ। ਦੁੱਖ-ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ। ਰੇਤਲੇ ਮੈਦਾਨਾਂ ਨੂੰ ਜੇਠ-ਹਾੜ ਦੀਆਂ ਧੁੱਪਾਂ ਵਿਚ ਪਾਰ ਕਰਕੇ ਬਿਆਸ ਦਰਿਆ ਤੱਕ ਪੁੱਜਣਾ ਇਕ ਔਖੀ ਘੜੀ ਸੀ। ਸਿੱਖਾਂ ਨੇ ਆਪਣੀਆਂ ਪੱਗਾਂ ਪਾੜ ਕੇ ਪੈਰਾਂ ਉੱਪਰ ਬੰਨ੍ਹੀਆਂ ਤੇ ਧੁੱਪਾਂ ਤਨ 'ਤੇ ਸਹਾਰਦੇ ਹੋਏ ਤੁਰੀ ਗਏ। ਸ੍ਰੀ ਹਰਗੋਬਿੰਦ ਦੇ ਨੇੜੇ ਜਾ ਕੇ ਬਿਆਸ ਦਰਿਆ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਰਕੇ ਆਪਣੀਆਂ ਢਾਲਾਂ ਨੂੰ ਅੱਗ ਦੀ ਥਾਂ ਗਰਮ ਰੇਤ ਵਿਚ ਰੱਖ ਕੇ ਗਰਮ ਕਰਨ ਲੱਗੇ, ਤਾਂ ਕਿ ਇਨ੍ਹਾਂ ਉੱਪਰ ਰੋਟੀਆਂ ਪਕਾਈਆਂ ਜਾ ਸਕਣ। ਹਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਸਥਾਨਕ ਪਠਾਣਾਂ ਦੇ ਇਕ ਦਸਤੇ ਨੇ ਇਨ੍ਹਾਂ 'ਤੇ ਹਮਲਾ ਕਰ ਦਿੱਤਾ। ਸਿੱਖ ਪਠਾਣਾਂ ਨਾਲ ਲੜ ਕੇ ਇਨ੍ਹਾਂ ਨੂੰ ਸਬਕ ਸਿਖਾ ਸਕਦੇ ਸਨ ਪਰ ਸਿੱਖਾਂ ਨੂੰ ਖ਼ਬਰ ਹੋ ਗਈ ਕਿ ਲਖਪਤ ਰਾਏ ਹੋਰ ਫ਼ੌਜਾਂ ਨਾਲ ਪਿੱਛੇ ਆ ਰਿਹਾ ਹੈ ਅਤੇ ਉਸ ਨੇ ਬਿਆਸ ਦਰਿਆ ਪਾਰ ਕਰ ਲਿਆ ਹੈ। ਸਿੱਖ ਸਤਲੁਜ ਪਾਰ ਕਰਨ ਲਈ ਪਿੰਡ ਆਲੀਵਾਲ ਵੱਲ ਭੱਜ ਉੱਠੇ। ਸਤਲੁਜ ਪਾਰ ਕਰਕੇ ਮਾਲਵੇ ਦੀ ਧਰਤੀ 'ਤੇ ਜਾ ਪੁੱਜੇ। ਮਾਲਵੇ ਦੇ ਸਿੰਘਾਂ ਨੇ ਜੱਥਿਆਂ ਨੂੰ ਵੰਡ ਕੇ ਚੰਗੀ ਦੇਖਭਾਲ ਕੀਤੀ। ਮਾਲਵੇ ਦੀ ਧਰਤੀ 'ਤੇ ਆਉਣ ਵਾਲੇ ਸਿੱਖਾਂ ਵਿਚ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਸੁੱਖਾ ਸਿੰਘ, ਸ. ਤਰਲੋਕ ਸਿੰਘ ਧਿੰਗ, ਭਾਈ ਹਰੀ ਸਿੰਘ ਭੰਗੀ, ਸ. ਚੜ੍ਹਤ ਸਿੰਘ ਆਦਿ ਸਿੱਖ ਸਨ।

ਇਹ ਘੱਲੂਘਾਰੇ ਦੀ ਮਹਿੰਮ ਜੂਨ ਮਹੀਨੇ ਦੇ ਅਖੀਰ ਤੱਕ ਖ਼ਤਮ ਹੋਈ। ਇਸ ਮਹਿੰਮ ਵਿਚ ਲਗਭਗ 7000 ਸਿੱਖ ਸ਼ਹੀਦ ਕਰ ਦਿੱਤੇ ਗਏ। 3000 ਸਿੱਖਾਂ ਨੂੰ ਕੈਦੀ ਬਣਾ ਕੇ ਲਾਹੌਰ ਲਜਾਇਆ ਗਿਆ। ਇਨ੍ਹਾਂ ਸਿੱਖਾਂ ਨੂੰ ਸ਼ਾਹੀ ਕਿਲ੍ਹੇ ਦੇ ਪਿੱਛੇ ਨਿਖ਼ਾਸ ਚੌਕ ਵਿਚ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ। ਜਿਸ ਜਗ੍ਹਾ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ, ਉਸ ਜਗ੍ਹਾ ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ ਬਣਿਆ ਹੋਇਆ ਹੈ। ਇਸ ਘੱਲੂਘਾਰੇ ਤੋਂ ਬਾਅਦ 5 ਫ਼ਰਵਰੀ, 1762 ਨੂੰ ਇਕ ਘੱਲੂਘਾਰਾ ਵਾਪਰਿਆ, ਜਿਸ ਨੂੰ ਵੱਡੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਸਫਾ 1 ਦਾ ਬਾਕੀ

## ਸਿਮਰਨਜੀਤ ਸਿੰਘ ਮਾਨ ਦਾ ਖਡੂਰ ਸਾਹਿਬ ਹਲਕੇ 'ਤੇ ਯੂ-ਟਰਨ !

ਅੰਮ੍ਰਿਤਪਾਲ ਸਿੰਘ ਨੇ ਇਸ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਐਲਾਨ ਕੀਤਾ ਸੀ। ਪਰ ਅਚਾਨਕ ਨਾਮਜ਼ਦਗੀਆਂ ਦਾਖਲ ਕਰਨ ਵਾਲੇ ਦਿਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਆਪਣਾ ਫੈਸਲਾ ਵਾਪਸ ਲੈਂਦਿਆਂ ਪਹਿਲਾਂ ਐਲਾਨੇ ਉਮੀਦਵਾਰ ਹਰਪਾਲ ਸਿੰਘ ਬਲੇਰ ਨੂੰ ਇਕ ਵਾਰ ਫਿਰ ਚੋਣ ਮੈਦਾਨ ਵਿਚ ਲੈ ਆਂਦਾ ਅਤੇ ਉਸ ਦੀ ਨਾਮਜ਼ਦਗੀ ਦਾਖਲ ਕਰ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਹੈ ਕਿ ਜੇ ਅੰਮ੍ਰਿਤਪਾਲ ਦੀ ਨਾਮਜ਼ਦਗੀ ਕਾਨੂੰਨੀ ਤੌਰ 'ਤੇ ਮਨਜ਼ੂਰ ਹੋ ਜਾਂਦੀ ਹੈ, ਤਾਂ ਅਸੀਂ ਆਪਣੀ ਨਾਮਜ਼ਦਗੀ ਵਾਪਸ ਲੈ ਸਕਦੇ ਹਾਂ।

ਖਡੂਰ ਸਾਹਿਬ ਹਲਕੇ ਤੋਂ ਕੁੱਲ 43 ਉਮੀਦਵਾਰਾਂ ਵੱਲੋਂ ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 17 ਮਈ ਹੈ।

ਸਫਾ 1 ਦਾ ਬਾਕੀ

## ਪੰਜਾਬ ਦੇ ਕੁੱਲ ਵੋਟਰਾਂ ਦੀ ਅੰਤਮ ਸੂਚੀ ਜਾਰੀ

8 ਲੱਖ 21 ਹਜ਼ਾਰ 386 ਮਹਿਲਾ ਵੋਟਰ ਹਨ ਅਤੇ 134 ਟਰਾਂਸਜੈਂਡਰ ਵੋਟਰ ਹਨ। ਫਤਿਹਗੜ੍ਹ ਸਾਹਿਬ ਵਿਚ 15 ਲੱਖ 52 ਹਜ਼ਾਰ 567 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 23 ਹਜ਼ਾਰ 339 ਮਰਦ ਵੋਟਰ, 7 ਲੱਖ 29 ਹਜ਼ਾਰ 196 ਮਹਿਲਾ ਵੋਟਰ ਅਤੇ 32 ਟਰਾਂਸਜੈਂਡਰ ਵੋਟਰ ਹਨ।

ਉੱਧਰ ਫਰੀਦਕੋਟ ਵਿਚ 15 ਲੱਖ 94 ਹਜ਼ਾਰ 33 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 42 ਹਜ਼ਾਰ 184 ਮਰਦ ਵੋਟਰ, 7 ਲੱਖ 51 ਹਜ਼ਾਰ 768 ਮਹਿਲਾ ਵੋਟਰ ਅਤੇ 81 ਟਰਾਂਸਜੈਂਡਰ ਵੋਟਰ ਹਨ। ਫਿਰੋਜ਼ਪੁਰ ਵਿਚ 16 ਲੱਖ 70 ਹਜ਼ਾਰ 8 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 80 ਹਜ਼ਾਰ 617 ਮਰਦ ਵੋਟਰ, 7 ਲੱਖ 89 ਹਜ਼ਾਰ 343 ਮਹਿਲਾ ਵੋਟਰ ਅਤੇ 48 ਟਰਾਂਸਜੈਂਡਰ ਵੋਟਰ ਹਨ।

ਬਠਿੰਡਾ ਵਿਚ 16 ਲੱਖ 51 ਹਜ਼ਾਰ 188 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 70 ਹਜ਼ਾਰ 14 ਮਰਦ ਵੋਟਰ, 7 ਲੱਖ 81 ਹਜ਼ਾਰ 140 ਮਹਿਲਾ ਵੋਟਰ ਅਤੇ 34 ਟਰਾਂਸਜੈਂਡਰ ਵੋਟਰ ਹਨ। ਸੰਗਰੂਰ ਵਿਚ 15 ਲੱਖ 56 ਹਜ਼ਾਰ 601 ਕੁੱਲ ਵੋਟਰ ਹਨ, ਜਿਨ੍ਹਾਂ ਵਿਚ 8 ਲੱਖ 24 ਹਜ਼ਾਰ 1 ਮਰਦ ਵੋਟਰ, 7 ਲੱਖ 32 ਹਜ਼ਾਰ 554 ਮਹਿਲਾ ਵੋਟਰ ਅਤੇ 46 ਟਰਾਂਸਜੈਂਡਰ ਵੋਟਰ ਹਨ। ਪਟਿਆਲਾ ਵਿਚ ਕੁੱਲ 18 ਲੱਖ 6 ਹਜ਼ਾਰ 424 ਵੋਟਰ ਹਨ, ਜਿਨ੍ਹਾਂ ਵਿਚ 9 ਲੱਖ 44 ਹਜ਼ਾਰ 300 ਮਰਦ ਵੋਟਰ, 8 ਲੱਖ 62 ਹਜ਼ਾਰ 44 ਮਹਿਲਾ ਵੋਟਰ ਅਤੇ 80 ਟਰਾਂਸਜੈਂਡਰ ਵੋਟਰ ਹਨ।

**ਕੁੱਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ** : ਸਿਬਿਨ ਸੀ ਨੇ ਦੱਸਿਆ ਕਿ 13 ਲੋਕ ਸਭਾ ਸੀਟਾਂ ਲਈ ਕੁੱਲ 24,451 ਪੋਲਿੰਗ ਸਟੇਸ਼ਨ ਹੋਣਗੇ। ਗੁਰਦਾਸਪੁਰ ਵਿਚ 1895, ਅੰਮ੍ਰਿਤਸਰ 1684, ਖਡੂਰ ਸਾਹਿਬ 1974, ਜਲੰਧਰ 1951, ਹੁਸ਼ਿਆਰਪੁਰ 1963, ਆਨੰਦਪੁਰ ਸਾਹਿਬ 2068, ਲੁਧਿਆਣਾ 1843, ਫਤਹਿਗੜ੍ਹ ਸਾਹਿਬ 1821, ਫਰੀਦਕੋਟ 1688, ਫਿਰੋਜ਼ਪੁਰ 1903, ਬਠਿੰਡਾ 1814, ਸੰਗਰੂਰ 1765 ਅਤੇ ਪਟਿਆਲਾ ਵਿਚ 2082 ਪੋਲਿੰਗ ਸਟੇਸ਼ਨ ਬਣਾਏ ਜਾਣਗੇ।

ਸਫਾ 1 ਦਾ ਬਾਕੀ

## ਚਾਰ ਲੋਕਾਂ ਦੀ ਮੌਤ ਦੇ ਜ਼ਿੰਮੇਵਾਰ ਪੰਜਾਬੀ ਨੂੰ ਅਮਰੀਕਾ 'ਚ ਮੌਤ ਦੀ ਸਜ਼ਾ...

ਸਬੂਤਾਂ ਕਰਕੇ ਉਸਨੂੰ ਦੋਸ਼ੀ ਸਾਬਤ ਕੀਤਾ ਗਿਆ ਹੈ ਅਤੇ ਇਸਦੀ ਸਜ਼ਾ ਮੌਤ ਹੀ ਬਣਦੀ ਹੈ। ਇਸ ਮੌਕੇ ਓਹਾਇਓ ਸਟੇਟ ਵਿਚ 121 ਦੋਸ਼ੀ ਲੀਥਲ ਇੰਜੈਕਸ਼ਨ ਨਾਲ ਮਰਨ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਹਨ, ਗੁਰਪ੍ਰੀਤ ਸਿੰਘ ਡੈੱਥ ਰੋਅ ਵਿਚ ਸਜ਼ਾ ਪਾਉਣ ਵਾਲਾ ਅਗਲਾ ਵਿਅਕਤੀ ਲਾਇਨ ਵਿਚ ਲੱਗ ਗਿਆ ਹੈ।

ਸਫਾ 1 ਦਾ ਬਾਕੀ

## ਗੈਰ ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ...

ਵੇਗਾ, ਗੈਰ-ਕਾਨੂੰਨੀ ਢੰਗ ਨਾਲ ਮੈਕਸੀਕੋ ਦੀ ਸਰਹੱਦ ਪਾਰ ਕਰਨ ਤੋਂ ਬਾਅਦ ਅਮਰੀਕਾ ਵਿਚ ਸ਼ਰਨ ਲੈਣ ਵਾਲੇ ਪ੍ਰਵਾਸੀਆਂ 'ਤੇ ਲਾਗੂ ਹੋਵੇਗਾ। ਅਮਰੀਕੀ ਨਿਊਜ਼ ਵੈੱਬਸਾਈਟ ਬਲੂਮਬਰਗ ਨੇ ਵੀ ਆਪਣੀ ਇਕ ਰਿਪੋਰਟ 'ਚ ਕਿਹਾ ਹੈ ਕਿ ਗ੍ਰਹਿ ਸੁਰੱਖਿਆ ਵਿਭਾਗ ਇਸ ਪ੍ਰਸਤਾਵ ਦਾ ਜਲਦੀ ਹੀ ਐਲਾਨ ਕਰ ਸਕਦਾ ਹੈ। ਮੌਜੂਦਾ ਕਾਨੂੰਨ ਅਨੁਸਾਰ ਜਦੋਂ ਸਰਹੱਦ ਪਾਰ ਕਰ ਕੇ ਸੰਯੁਕਤ ਰਾਜ ਅਮਰੀਕਾ ਵਿਚ ਪਨਾਹ ਲੈਣ ਵਾਲੇ ਲੋਕ, ਉਨ੍ਹਾਂ ਦੀ ਭਰੋਸੇਯੋਗ ਡਰਾਇਵ ਇੰਟਰਵਿਊ ਕਰਵਾਈ ਜਾਂਦੀ ਹੈ, ਜੋ ਇਸ ਇੰਟਰਵਿਊ ਨੂੰ ਪਾਸ ਕਰਦੇ ਹਨ, ਉਹ ਇਮੀਗ੍ਰੇਸ਼ਨ ਜੱਜ ਦੇ ਸਾਹਮਣੇ ਸ਼ਰਨ ਲਈ ਅਪੀਲ ਦਾਇਰ ਕਰ ਸਕਦੇ ਹਨ, ਜਦੋਂ ਕਿ ਜੋ ਅਸਫਲ ਰਹਿੰਦੇ ਹਨ, ਉਨ੍ਹਾਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਕਾਨੂੰਨ ਅਨੁਸਾਰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਜਾਂ ਜਨਤਾ ਲਈ ਖਤਰਾ ਪੈਦਾ ਕਰਨ ਵਾਲੇ ਪ੍ਰਵਾਸੀਆਂ ਨੂੰ ਸ਼ਰਨ ਲਈ ਦਾਇਰ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਅਜਿਹੇ ਪ੍ਰਵਾਸੀਆਂ ਨੂੰ ਇੱਕ ਸ਼ਰਨ ਅਧਿਕਾਰੀ ਦੁਆਰਾ ਰੱਦ ਕੀਤਾ ਜਾ ਸਕਦਾ ਹੈ। ਅਤੇ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ। ਬਾਇਡਨ ਸਰਕਾਰ ਜਿਸ ਨਵੇਂ ਨਿਯਮ ਨੂੰ ਲਾਗੂ ਕਰਨ ਜਾ ਰਹੀ ਹੈ, ਉਸ ਵਿਚ ਮੌਜੂਦਾ ਕਾਨੂੰਨ ਦੀਆਂ ਕੁਝ ਵਿਵਸਥਾਵਾਂ ਨੂੰ ਸਖ਼ਤੀ ਨਾਲ ਲਾਗੂ ਕਰਕੇ ਗੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਪਾਰ ਕਰਨ ਵਾਲੇ ਲੋਕਾਂ ਨੂੰ ਜਲਦੀ ਡਿਪੋਰਟ ਕਰਨ ਲਈ ਇਕ ਪ੍ਰਣਾਲੀ ਵਿਕਸਿਤ ਕੀਤੀ ਜਾ ਸਕਦੀ ਹੈ। ਬਲੂਮਬਰਗ ਦੀ ਇੱਕ ਰਿਪੋਰਟ ਅਨੁਸਾਰ ਬਾਇਡਨ ਸਰਕਾਰ ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਤੇ ਕਾਰਵਾਈ ਕਰਕੇ ਚੋਣਾਂ ਤੋਂ ਪਹਿਲਾਂ ਪਨਾਹ ਮੰਗਣ ਵਾਲੇ ਕੁਝ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਤੁਰੰਤ ਦੇਸ਼ ਨਿਕਾਲਾ ਦੇ ਸਕਦੀ ਹੈ।

ਮੌਜੂਦਾ ਪ੍ਰਣਾਲੀ ਅਨੁਸਾਰ ਕਿਉਂਕਿ ਅਮਰੀਕਾ ਕੋਲ ਸਰਹੱਦ ਪਾਰੋਂ ਆਉਣ ਵਾਲੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਰੱਖਣ ਲਈ ਜਗ੍ਹਾ ਨਹੀਂ ਬਚੀ ਹੈ, ਇਸ ਲਈ ਉਨ੍ਹਾਂ ਨੂੰ ਜਲਦੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਅਦਾਲਤ ਵਿਚ ਪੇਸ਼ ਹੋਣ ਦੀ ਮਿਤੀ ਦੇ ਨਾਲ ਛੱਡ ਦਿੱਤਾ ਜਾਂਦਾ ਹੈ। ਹਾਲਾਂਕਿ ਨਵੀਂ ਪ੍ਰਣਾਲੀ ਵਿਚ ਪ੍ਰਵਾਸੀ ਜੋ ਭਰੋਸੇਯੋਗ ਡਰ ਕਾਰਨ ਇੰਟਰਵਿਊ ਨੂੰ ਕਲੀਅਰ ਨਹੀਂ ਕਰ ਸਕਦੇ ਹਨ, ਉਨ੍ਹਾਂ ਨੂੰ ਕੋਈ ਹੋਰ ਕਾਨੂੰਨੀ ਵਿਕਲਪ ਦਿੱਤੇ ਜਾਣ ਦੀ ਬਜਾਏ ਸਿੱਧੇ ਤੌਰ 'ਤੇ ਦੇਸ਼ ਨਿਕਾਲਾ ਦਿੱਤੇ ਜਾਣ ਦੀ ਵੀ ਸੰਭਾਵਨਾ ਹੈ। ਹਾਲਾਂਕਿ ਮਾਹਰਾਂ ਦਾ ਮੰਨਣਾ ਹੈ ਕਿ ਇਹ ਸਿਰਫ ਸਰਹੱਦ ਪਾਰ ਕਰਨ ਵਾਲੇ ਕੁਝ ਪ੍ਰਵਾਸੀਆਂ ਨੂੰ ਪ੍ਰਭਾਵਤ ਕਰੇਗਾ ਪਰ ਇਹ ਉਨ੍ਹਾਂ ਕਦਮਾਂ ਦਾ ਇੱਕ ਛੋਟਾ ਜਿਹਾ ਹਿੱਸਾ ਕਿਹਾ ਜਾ ਸਕਦਾ ਹੈ, ਜੋ ਬਾਇਡਨ ਆਪਣੀ ਨੀਤੀ ਨੂੰ ਸਖ਼ਤ ਕਰਨ ਲਈ ਇੱਕ ਤੋਂ ਬਾਅਦ ਇੱਕ ਚੁੱਕ ਰਹੇ ਹਨ। ਇਸ ਗੱਲ ਦੀ ਸੰਭਾਵਨਾ ਹੈ ਕਿ ਰਾਸ਼ਟਰਪਤੀ ਜੋਅ ਬਾਇਡਨ ਖੁਦ ਹੋਮਲੈਂਡ ਸਕਿਓਰਿਟੀ ਵਿਭਾਗ ਦੁਆਰਾ ਬਣਾਏ ਜਾ ਰਹੇ ਇਸ ਨਵੇਂ ਨਿਯਮ ਦਾ ਐਲਾਨ ਕਰੇਗਾ।


ਬਾਇਡਨ ਨੇ ਮੈਕਸੀਕੋ ਸਰਹੱਦ 'ਤੇ ਮੌਜੂਦਾ ਸਥਿਤੀ 'ਤੇ ਕਾਬੂ ਪਾਉਣ ਲਈ ਕਾਂਗਰਸ ਦੀ ਮਦਦ ਨਾਲ ਨਵਾਂ ਕਾਨੂੰਨ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਰਿਪਬਲਿਕਨਾਂ ਨੇ ਇਸ ਦਾ ਵਿਰੋਧ ਕੀਤਾ। ਫਿਰ ਬਾਇਡਨ ਚੋਣਾਂ ਤੋਂ ਪਹਿਲਾਂ ਸਥਿਤੀ ਨੂੰ ਨਿਯੰਤਰਿਤ ਕਰਨ ਲਈ ਆਪਣੀਆਂ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੁਝ ਨਿਯਮਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕੁਝ ਦਿਨ ਪਹਿਲਾਂ ਉਸ ਨੇ ਇਹ ਵੀ ਕਿਹਾ ਸੀ ਕਿ ਉਹ ਇਹ ਦੇਖ ਰਿਹਾ ਹੈ ਕਿ ਕੀ ਉਹ ਕੁਝ ਹਾਲਤਾਂ ਵਿਚ ਸਰਹੱਦ ਬੰਦ ਕਰਨ ਦਾ ਆਦੇਸ਼ ਦੇ ਸਕਦਾ ਹੈ ਪਰ ਜੇ ਇਸ ਪ੍ਰਭਾਵ ਲਈ ਕਾਨੂੰਨ ਕਾਂਗਰਸ ਪਾਸ ਕਰ ਸਕਦੀ ਹੈ, ਤਾਂ ਉਸ ਕੋਲ ਸਥਿਤੀ ਨੂੰ ਨਿਯੰਤਰਿਤ ਕਰਨ ਲਈ ਵਧੇਰੇ ਸ਼ਕਤੀ ਹੋਵੇਗੀ।

# ਪੰਥਕ ਉਮੀਦਵਾਰਾਂ ਦੇ ਅਪੰਥਕ ਹੋਣ 'ਤੇ ਵਧ ਰਿਹਾ ਹੈ ਰੌਲਾ

*– ਲੋਕ ਰਾਜੀ ਪੰਘੂੜੇ ਬਰਤਾਨੀਆਂ ਦੇ ਲੋਕ ਰਾਜ ਵਿਚ ਮਘੋਰਾ*

*– ਰੋ ਪਏ ਪੰਜਾਬੀ ਪਾਤਰ ਦੇ ਜਾਣ 'ਤੇ*

ਕੁਲਵੰਤ ਸਿੰਘ ਢੇਸੀ
ਯੂ.ਕੇ.
kulwantsinghdhesi@hotmail.com



ਪੰਜਾਬ ਮੇਲ USA

ਜਿਵੇਂ-ਜਿਵੇਂ ਪੰਜਾਬ ਵਿਚ ਲੋਕ ਸਭਾ ਚੋਣਾਂ ਦਾ ਮੈਦਾਨ ਭਖਦਾ ਨਜ਼ਰ ਆ ਰਿਹਾ ਹੈ, ਤਿਵੇਂ-ਤਿਵੇਂ ਦੂਸ਼ਣਬਾਜ਼ੀ ਅਤੇ ਗਾਲੀ-ਗਲੋਚ ਵੀ ਵਧਦੀ ਜਾ ਰਹੀ ਹੈ। ਇਸ ਤਲਖ ਮਹੌਲ ਵਿਚ ਦਾਗੀ ਉਮੀਦਵਾਰਾਂ ਨੂੰ ਟਿਕਣਾ ਔਖਾ ਹੁੰਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਬਹਿਸ ਵੀ ਮੱਘਦੀ ਜਾ ਰਹੀ ਹੈ ਕਿ ਪੰਥ ਦੇ ਨਾਮ 'ਤੇ ਵੋਟਾਂ ਮੰਗਣ ਵਾਲੇ ਚਿਹਰੇ ਜਾਅਲੀ ਹਨ ਜਾਂ ਅਸਲੀ। ਇਸ ਦੀ ਅਹਿਮ ਮਿਸਾਲ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦਰਮਿਆਨ ਚੱਲ ਰਿਹਾ ਮੁਕਾਬਲਾ ਹੈ। ਪੰਜਾਬ ਦੇ ਬਹੁਤ ਸਾਰੇ ਸਿੱਖ ਭਾਈ ਅੰਮ੍ਰਿਤਪਾਲ ਸਿੰਘ ਵਿਚੋਂ ਕੌਮ ਦੀ ਅਗਵਾਈ ਕਰਨ ਵਾਲੇ ਯੋਗ ਆਗੂ ਦਾ ਅਕਸ ਦੇਖ ਰਹੇ ਹਨ, ਜਦਕਿ ਕੁਝ ਲੋਕ ਉਸ ਨੂੰ ਗਰਮ ਖਿਆਲੀ ਅਤੇ ਦੂਰ ਅੰਦੇਸ਼ੀ ਦੀ ਘਾਟ ਵਾਲਾ ਆਗੂ ਸਮਝਦੇ ਹਨ। ਦੂਜੇ ਪਾਸੇ ਭਾਈ ਵਿਰਸਾ ਸਿੰਘ ਵਲਟੋਹਾ ਭਾਵੇਂ ਖਾੜਕੂ ਵਿਰਾਸਤ ਦੀ ਦਾਅਵੇਦਾਰੀ ਕਰਦਾ ਹੈ ਪਰ ਬਹੁਤ ਸਾਰੇ ਲੋਕ ਉਸ 'ਤੇ ਬਹੁਤ ਘਟੀਆ ਇਲਜ਼ਾਮ ਬਾਜ਼ੀ ਕਰ ਰਹੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸੀਨੀਅਰ ਅਕਾਲੀ ਲੀਡਰਸ਼ਿਪ ਨੇ ਖਡੂਰ ਸਾਹਿਬ ਹਲਕੇ ਵਿਚ ਆਪਣੀ ਚਮੜੀ ਬਚਾਉਣ ਲਈ ਵਲਟੋਹੇ ਦਾ ਸਿਰ ਉਖਲੀ ਵਿਚ ਦਿੱਤਾ ਹੋਇਆ ਹੈ। ਨਾ ਕੇਵਲ ਅਕਾਲੀ ਦਲ ਵਿਚ ਹੀ, ਸਗੋਂ ਦੂਜੀਆਂ ਪਾਰਟੀਆਂ ਵਿਚ ਕਈ ਆਗੂ ਆਪਣੇ ਆਪ ਨੂੰ ਪੰਥਕ ਆਗੂ ਬਿਆਨਣ ਦਾ ਭਰਮ ਪਾਲ ਰਹੇ ਹਨ।

ਹਾਲਾਤ ਏਨੇ ਹਾਸੋਹੀਣੇ ਹਨ ਕਿ ਕਿਸੇ ਵੀ ਆਗੂ ਬਾਰੇ ਕੁਝ ਪਤਾ ਨਹੀਂ ਕਦੋਂ ਉਸ ਨੇ ਦਲ-ਬਦਲੀ ਕਰ ਲੈਣੀ ਹੈ। ਪਹਿਲਾਂ ਜੋ ਆਗੂ ਇੱਕ ਸਿਆਸੀ ਪਾਰਟੀ ਦੀ ਸਿਫਤ ਕਰਦਾ ਨਹੀਂ ਸੀ ਥੱਕਦਾ, ਪਾਰਟੀ ਬਦਲਦੇ ਸਾਰ ਹੀ ਉਹ ਉਸੇ ਪਾਰਟੀ ਨੂੰ ਭੰਡਣ ਲੱਗ ਪੈਂਦਾ ਹੈ ਅਤੇ ਨਵੇਂ ਦਲ ਦੀ ਸਿਫਤ ਕਰਨੀ ਸ਼ੁਰੂ ਕਰ ਦਿੰਦਾ ਹੈ।

ਬਹੁ-ਚਰਚਿਤ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਬੀਬੀ ਪਰਮਪਾਲ ਕੌਰ, ਮਲੂਕੇ ਦਾ ਬੇਟਾ ਅਤੇ ਉਸ ਦੀ ਪਤਨੀ ਅਕਾਲੀ ਦਲ ਨੂੰ ਛੱਡ ਕੇ ਭਾਜਪਾ ਦੀ ਸ਼ਰਨ ਵਿਚ ਜਾ ਚੁੱਕੇ ਹਨ। ਬੀਬੀ ਪਰਮਪਾਲ ਇੱਕ ਆਈ.ਏ.ਐੱਸ. ਅਫਸਰ ਹੈ, ਜਿਸ ਨੇ ਅਸਤੀਫਾ ਦੇ ਕੇ ਭਾਜਪਾ ਦਾ ਪੱਲਾ ਫੜ ਲਿਆ ਪਰ ਸਰਕਾਰ ਨੇ ਉਸ ਦਾ ਅਸਤੀਫਾ ਇਹ ਕਹਿ ਕੇ ਨਾ ਮਨਜ਼ੂਰ ਕਰ ਦਿੱਤਾ ਸੀ ਕਿ ਉਸ ਦਾ ਤਰੀਕਾ ਗਲਤ ਸੀ। ਸਾਡੇ ਰਾਜਨੀਤਿਕ ਆਗੂ ਅਸੂਲਾਂ ਕਰਕੇ ਨਹੀਂ, ਸਗੋਂ ਆਪਣੇ ਨਿੱਜੀ ਸੁਆਰਥ ਲਈ ਸਿਆਸੀ ਦਲਾਂ ਵਿਚ ਦਾਖਲ ਹੁੰਦੇ ਹਨ ਅਤੇ ਫਿਰ ਆਪਣਾ ਸੁਆਰਥ ਬਦਲਦੇ ਹੀ ਛੜੱਪੇ ਮਾਰ ਕੇ ਏਧਰੋਂ ਓਧਰ ਜਾਂਦੇ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਕਈ ਆਗੂ ਤਾਂ ਆਈ.ਬੀ. ਦੇ ਛਾਪਿਆਂ ਤੋਂ ਡਰਦੇ ਹੀ ਭਾਜਪਾ ਦੀ ਛਤਰੀ ਹੇਠ ਜਾ ਰਹੇ ਹਨ।

ਏਥੇ ਅਸੀਂ ਕੇਵਲ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਜੋ ਕਿਸੇ ਦੇ ਪੰਥਕ ਹੋਣ ਜਾਂ ਨਾ ਹੋਣ ਦੀ ਬਹਿਸ ਚੱਲ ਰਹੀ ਹੈ, ਇਸ ਦਾ ਕੀ ਸਾਰ ਬਣਦਾ ਹੈ। ਪੰਜਾਬ ਦੇ ਲੋਕ ਲੰਬੇ ਸਮੇਂ ਤੋਂ ਅਕਾਲੀ ਦਲ ਨੂੰ ਪੰਥਕ ਸਮਝ ਕੇ ਵੋਟਾਂ ਪਾਉਂਦੇ ਰਹੇ ਹਨ, ਪਰ ਜਦ ਤੋਂ ਅਕਾਲੀ ਦਲ ਨੇ ਪੰਥਕ ਦਲ ਹੋਣ ਦੀ ਬਜਾਏ ਸਿਆਸੀ ਦਲ ਬਣਨ ਦਾ ਅਮਲ ਸ਼ੁਰੂ ਕਰ ਦਿੱਤਾ, ਤਾਂ ਹੌਲੀ-ਹੌਲੀ ਲੋਕਾਂ ਦਾ ਮੋਹ ਅਕਾਲੀ ਦਲ ਤੋਂ ਟੁੱਟਣ ਲੱਗ ਪਿਆ। ਇਸੇ ਤਰ੍ਹਾਂ ਕਾਂਗਰਸ ਨੂੰ ਭਾਰਤ ਦੀ ਆਜ਼ਾਦੀ ਦੀ ਪਿੱਠਭੂਮੀ ਵਿਚ ਇੱਕ ਵਫਾਦਾਰ ਰਾਸ਼ਟਰੀ ਦਲ ਵਜੋਂ ਦੇਖਿਆ ਜਾਂਦਾ ਸੀ ਪਰ ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ ਪੰਜਾਬ ਦੇ ਬਹੁਤ ਸਾਰੇ ਸਿੱਖਾਂ ਦਾ ਮੋਹ ਕਾਂਗਰਸ ਤੋਂ ਉੱਠ ਗਿਆ ਅਤੇ ਉਹ ਬਦਲੇ ਹੋਏ ਹਾਲਾਤਾਂ ਵਿਚ ਅਕਾਲੀ ਦਲ ਵਲ ਉੱਲਰ ਗਏ। ਭਾਰਤ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਸਿਆਸਤ ਕਾਂਗਰਸ ਅਤੇ ਅਕਾਲੀ ਦਲ ਦਰਮਿਆਨ ਹੀ ਅਦਲਾ-ਬਦਲੀ ਹੁੰਦੀ ਰਹੀ ਹੈ, ਜਦ ਕਿ ਭਾਜਪਾ ਨੂੰ ਅਕਾਲੀ ਦਲ ਵਿਚ ਸੀਮਤ ਸੱਤਾ ਪ੍ਰਾਪਤ ਰਹੀ ਹੈ। ਫਿਰ ਅਚਾਨਕ ਹੀ ਪੰਜਾਬ ਦੇ ਲੋਕਾਂ ਦਾ ਮੋਹ ਆਮ ਆਦਮੀ ਪਾਰਟੀ ਵਿਚ ਪੈ ਗਿਆ ਪਰ ਜਾਪਦਾ ਹੈ ਕਿ ਇਹ ਮੋਹ ਹੁਣ ਦਿਨੋਂ-ਦਿਨ ਭੰਗ ਹੁੰਦਾ ਜਾ ਰਿਹਾ ਹੈ ਅਤੇ ਪੰਜਾਬ ਦੀ ਸਿਆਸਤ ਹੁਣ ਕਿਸੇ ਵੀ ਰਾਜਨੀਤਿਕ ਦਲ ਦੇ ਰੁਤਬੇ ਨਾਲੋਂ ਉਮੀਦਵਾਰਾਂ ਦੇ ਨਿੱਜੀ ਕੱਦ ਅਕਾਰ ਵੱਲ ਵਧਦੀ ਜਾ ਰਹੀ ਹੈ। ਇਹ ਰਾਜਨੀਤੀ ਬੜਾ ਖਰਚੀਲਾ



ਧੰਦਾ ਹੈ, ਜਿਸ ਵਿਚ ਨਸ਼ਿਆਂ ਦੀ ਵਰਤੋਂ ਆਮ ਹੁੰਦੀ ਹੈ। ਜਿਸ ਉਮੀਦਵਾਰ ਨੇ ਚੋਣਾਂ ਜਿੱਤਣ ਲਈ ਅੰਨ੍ਹਾ ਪੈਸਾ ਖਰਚਣਾ ਹੈ, ਉਸ ਨੇ ਸੱਤਾ ਹਾਸਲ ਹੁੰਦਿਆਂ ਹੀ ਉਹ ਪੈਸਾ ਨਾਜਾਇਜ਼ ਤਰੀਕੇ ਵਰਤ ਕੇ ਜਮ੍ਹਾਂ ਵੀ ਕਰਨਾ ਹੁੰਦਾ ਹੈ, ਇਸ ਕਰਕੇ ਕਿਸੇ ਉਮੀਦਵਾਰ ਤੋਂ ਇਹ ਉਮੀਦ ਕਰਨੀ ਔਖੀ ਹੈ ਕਿ ਉਹ ਚੋਣਾਂ ਜਿੱਤ ਕੇ ਪੰਥਕ ਜਾਂ ਦੇਸ਼ ਭਗਤ ਰਹੇਗਾ। ਪੰਥ ਤੇ ਦੇਸ਼ ਭਗਤੀ ਦੀ ਦਾਅਵੇਦਾਰੀ ਅਕਸਰ ਜਾਅਲੀ ਹੁੰਦੀ ਹੈ। ਹੁਣ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਸੱਚੇ ਅਰਥਾਂ ਵਿਚ ਪੰਥਕ ਕੌਣ ਹੈ ਜਾਂ ਹੋ ਸਕਦਾ ਹੈ।

ਪੰਥ ਲਫਜ਼ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਸਬੰਧੀ ਵਰਤਿਆ ਹੈ। ਭਾਈ ਸਾਹਿਬ ਜੀ ਨੇ 45ਵੀਂ ਪਉੜੀ ਵਿਚ ਗੁਰੂ ਅੰਗਦ ਸਾਹਿਬ ਜੀ ਦੀ ਗੁਰਿਆਈ ਦੇ ਸਬੰਧ ਵਿਚ ਇਹ ਸਤਰਾਂ ਲਿਖੀਆਂ ਹਨ "ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥੁ ਚਲਾਇਆ॥" ਜਿਸ ਦਾ ਭਾਵ ਹੈ ਗੁਰੂ ਨਾਨਕ ਸਾਹਿਬ ਨੇ ਇਸ ਜਗਤ ਵਿਚ 'ਨਿਰਮਲ ਪੰਥ' ਨਾਮ ਦਾ ਧਰਮ ਜਾਂ ਮਾਰਗ ਚਲਾਇਆ। ਨਿਰਮਲ ਦਾ ਭਾਵ ਸੱਚਾ-ਸੁੱਚਾ ਹੁੰਦਾ ਹੈ ਅਤੇ ਪੰਥ ਤੋਂ ਭਾਵ ਰਾਹ ਜਾ ਮਾਰਗ ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਕੀ ਇਹ ਮਾਰਗ ਕੇਵਲ ਸਿੱਖਾਂ ਨੂੰ ਹੀ ਦਿੱਤਾ ਜਾਂ ਕੁਲ ਮਨੁੱਖਤਾ ਨੂੰ? ਏਥੇ ਅਸੀਂ ਇੱਕ ਸਵਾਲ ਕਰਕੇ ਅਰਥ ਸਪੱਸ਼ਟ ਤੌਰ 'ਤੇ ਸਮਝ ਸਕਦੇ ਹਾਂ ਕਿ ਕੀ ਗੁਰੂ ਨਾਨਕ ਸਾਹਿਬ ਦੇ ਸਾਰੀ ਜ਼ਿੰਦਗੀ ਅੰਗ-ਸੰਗ ਰਹਿਣ ਵਾਲੇ ਭਾਈ ਮਰਦਾਨਾ ਜੀ ਪੰਥਕ ਸਨ ਜਾਂ ਨਹੀਂ? ਜਾਂ ਗੁਰ ਇਤਹਾਸ ਵਿਚ ਅੱਗੇ ਜਾ ਕੇ ਕੀ ਦਸਵੇਂ ਪਾਤਸ਼ਾਹ ਲਈ ਆਪਣਾ ਸਾਰਾ ਪਰਿਵਾਰ ਵਾਰਨ ਵਾਲੇ ਪੀਰ ਬੁੱਧੂ ਸ਼ਾਹ ਪੰਥਕ ਸਨ ਜਾਂ ਨਹੀਂ?

ਇਸ ਦਾ ਮਤਲਬ ਇਹ ਹੈ ਕਿ ਸੱਚ ਦੇ ਰਾਹ 'ਤੇ ਚੱਲਣ ਵਾਲਾ ਵਿਅਕਤੀ ਜਾਂ ਵਿਅਕਤੀ ਸਮੂਹ ਹੀ ਪੰਥਕ ਹੋ ਸਕਦਾ ਹੈ। ਗੁਰਦੁਆਰਾ ਸੁਧਾਰ ਲਹਿਰ ਸਮੇਂ ਅਕਾਲੀ ਦਲ ਦਾ ਰੁਤਬਾ ਏਨਾ ਉੱਚਾ ਉੱਠ ਗਿਆ ਸੀ ਕਿ ਅਕਾਲੀ ਦਲ ਨੂੰ ਪੰਥਕ ਰੁਤਬਾ ਮਿਲਣਾ ਸਹਿ ਸੁਭਾਅ ਸੀ। ਪਰ ਜਦੋਂ ਤੋਂ ਅਕਾਲੀ ਆਗੂ ਸਿੱਖ ਸਿਧਾਤਾਂ ਤੋਂ ਥਿੜਕਦੇ ਗਏ, ਤਾਂ ਅਕਾਲੀ ਦਲ ਦੇ ਪੰਥਕ ਮਰਤਬੇ ਨੂੰ ਢਾਹ ਲੱਗਣੀ ਸ਼ੁਰੂ ਹੋ ਗਈ। ਵਿਰਾਸਤੀ ਅਕਾਲੀ ਦਲ ਜਦੋਂ ਪ੍ਰਕਾਸ਼ ਸਿੰਘ ਬਾਦਲ ਵਰਗੇ ਖੁਦਗਰਜ਼, ਮੌਕਾਪ੍ਰਸਤ ਅਤੇ ਪਰਿਵਾਰ ਪ੍ਰਸਤ ਪੂੰਜੀਪਤੀ ਦੀ ਨਿੱਜੀ ਮਲਕੀਅਤ ਬਣ ਗਿਆ, ਤਾਂ ਉਸ ਦੇ ਬਦਲ ਲਈ ਅਨੇਕਾਂ ਅਕਾਲੀ ਦਲ ਬਣੇ। ਇਨ੍ਹਾਂ ਅਕਾਲੀ ਦਲਾਂ ਨੇ ਆਪਣੀ ਵੱਖਰੀ ਪਛਾਣ ਲਈ ਆਪਣੇ ਦਲਾਂ ਦੇ ਨਾਲ ਜਿਸ ਵੇਲੇ ਵੱਖੋ-ਵੱਖ ਲਕਬ ਲਾਉਣੇ ਸ਼ੁਰੂ ਕਰ ਦਿੱਤੇ, ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਦਲ ਦੇ ਨਾਮ ਨਾਲ ਅਕਾਲੀ ਦਲ ਬਾਦਲ ਲਾ ਲਿਆ, ਜਿਸ ਤੋਂ ਇਹੀ ਭਾਵ ਬਣਦਾ ਸੀ ਕਿ ਇਹ ਦਲ ਪ੍ਰਕਾਸ਼ ਸਿੰਘ ਬਾਦਲ ਦੀ ਜਾਂ ਉਸ ਦੇ ਪਰਿਵਾਰ ਦੀ ਨਿੱਜੀ ਮਲਕੀਅਤ ਹੈ। ਇਸ ਦਲ ਵਿਚ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਫੈਸਲੇ ਪ੍ਰਕਾਸ਼ ਸਿੰਘ ਬਾਦਲ ਦੀ ਮਰਜ਼ੀ ਮੁਤਾਬਕ ਹੁੰਦੇ ਸਨ ਅਤੇ ਦਲ ਦੇ ਜਿਸ ਕਿਸੇ ਆਗੂ ਨੇ ਵੀ ਕਿਸੇ ਗੱਲੋਂ ਅਸਹਿਮਤੀ ਪ੍ਰਗਟ ਕੀਤੀ, ਤਾਂ ਉਸ ਨੂੰ ਲਾਂਭੇ ਕਰ ਦਿੱਤਾ ਗਿਆ। ਇਸ ਦਲ ਲਈ ਵੱਡੀ ਚੁਣੌਤੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਗਠਨ ਵੇਲੇ ਹੋਈ ਸੀ, ਜਿਸ ਦਾ ਕਿ ਸ: ਸਿਮਰਨਜੀਤ ਸਿੰਘ ਸਰਬਸੰਮਤੀ ਨਾਲ ਆਗੂ ਬਣ ਗਿਆ ਸੀ ਅਤੇ ਸੰਨ 1989 ਨੂੰ ਇਹ ਦਲ ਲੋਕ ਸਭਾ ਦੀਆਂ 13 ਸੀਟਾਂ ਵਿਚੋਂ 7 ਸੀਟਾਂ 'ਤੇ ਜਿੱਤ ਹਾਸਲ ਕਰਨ ਵਿਚ ਸਫਲ ਹੋ ਗਿਆ ਪਰ ਸ: ਸਿਮਰਨਜੀਤ ਸਿੰਘ ਦੀ ਅਗਵਾਈ ਵਿਚ ਇਹ ਦਲ ਸੁੰਗੜ ਕੇ ਉਸ ਦੀ ਨਿੱਜੀ ਸੀਟ ਤੱਕ ਸੀਮਤ ਹੋ ਗਿਆ ਅਤੇ ਹੁਣ ਇਹ ਦਲ ਭਾਰਤ ਦੇ ਚੋਣ ਕਮਿਸ਼ਨ ਕੋਲ ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ ਮਾਨ) ਦੇ ਨਾਮ ਨਾਲ ਰਜਿਸਟਰ ਹੈ।

ਇਹ ਸਭ ਵਿਆਖਿਆ ਦੇਣ ਤੋਂ ਭਾਵ ਇਹ ਹੀ ਹੈ ਕਿ ਹੁਣ ਸਿੱਖਾਂ ਦਾ ਕੋਈ ਵੀ ਐਸਾ ਸਿਆਸੀ ਇਕੱਠ ਨਹੀਂ ਹੈ, ਜੋ ਕਿ ਪੰਥਕ ਦਾਅਵੇਦਾਰੀ ਕਰ ਸਕੇ। ਕੁਝ ਲੋਕਾਂ ਦਾ ਖਿਆਲ ਹੈ ਕਿ ਜੇਕਰ ਬਾਦਲ ਅਕਾਲੀ ਦਲ ਨਾਲੋਂ ਬਾਦਲਾਂ ਦਾ ਨਾਮ ਲਾਹ ਦਿੱਤਾ ਜਾਵੇ, ਤਾਂ ਸ਼ਾਇਦ ਇਸ ਦਲ ਨੂੰ ਮੁੜ ਪੰਥਕ ਰੁਤਬਾ ਹਾਸਲ ਹੋ ਜਾਵੇ ਪਰ ਇਹ ਸਪੱਸ਼ਟ ਹੈ ਕਿ ਜਦੋਂ ਤੱਕ ਸੁਖਬੀਰ ਸਿੰਘ ਬਾਦਲ ਕਾਇਮ ਮੁਕਾਮ ਹੈ, ਉਦੋਂ ਤੱਕ ਇਹ ਦਲ ਬਾਦਲ ਪਰਿਵਾਰ ਦੀ ਨਿੱਜੀ ਮਲਕੀਅਤ ਵਜੋਂ ਹੀ ਚੱਲੇਗਾ ਅਤੇ ਦਲ ਦੇ ਸਾਰੇ ਫੈਸਲੇ ਇਸ ਪਰਿਵਾਰ ਦੀ ਮਰਜ਼ੀ ਮੁਤਾਬਕ ਹੀ ਹੋਣਗੇ।

ਜੇਕਰ ਅਸੀਂ ਲੋਕਤੰਤਰ ਦੇ ਸੰਕਲਪ ਦੀ ਗੱਲ ਕਰੀਏ, ਤਾਂ ਅਗਾਂਹ ਵਧੂ ਰਾਜਨੀਤੀ ਵਿਚ ਸਿਆਸੀ ਪਾਰਟੀਆਂ ਦਾ ਰੁਤਬਾ ਉਨ੍ਹਾਂ ਪਾਰਟੀਆਂ ਦੀਆਂ ਲੋਕ ਹਿੱਤੀ ਨੀਤੀਆਂ 'ਤੇ ਆਧਾਰਿਤ ਹੁੰਦਾ ਹੈ, ਨਾ ਕਿ ਕਿਸੇ ਧਰਮ, ਜ਼ਾਤ ਜਾਂ ਰੰਗ ਨਸਲ 'ਤੇ। ਜਦੋਂ ਤੋਂ ਅਕਾਲੀ ਦਲ (ਬਾਦਲ) ਨੇ ਗੈਰ ਸਿੱਖਾਂ ਨੂੰ ਵੀ ਅਕਾਲੀ ਦਲ ਵਿਚ ਲੈਣਾ ਸ਼ੁਰੂ ਕੀਤਾ ਸੀ, ਤਾਂ ਬਹੁਤ ਸਾਰੇ ਸਿੱਖਾਂ ਦੀ ਇਹ ਸ਼ਿਕਾਇਤ ਸੀ ਕਿ ਇਹ ਦਲ ਹੁੰਣ ਪੰਥਕ ਨਹੀਂ ਰਿਹਾ, ਸਗੋਂ ਇਹ ਪੰਜਾਬ ਪਾਰਟੀ ਬਣ ਗਿਆ ਹੈ, ਜਦਕਿ ਇਸ ਤਰ੍ਹਾਂ ਦਾ ਫਤਵਾ ਦੇਣਾ ਲੋਕ ਮੁੱਲਾਂ ਦੇ ਖਿਲਾਫ ਹੈ। ਜੇਕਰ ਅਕਾਲੀ ਦਲ (ਬਾਦਲ) ਲੋਕ ਹਿੱਤਾਂ 'ਤੇ ਪਹਿਰਾ ਦਿੰਦੇ ਹੋਏ ਸੱਚੀ-ਸੁੱਚੀ ਰਾਜਨੀਤੀ ਕਰਦਾ, ਤਾਂ ਗੈਰ ਸਿੱਖ ਉਮੀਦਵਾਰਾਂ ਦੇ ਅਕਾਲੀ ਦਲ ਸ਼ਾਮਲ ਹੋਣ ਦੇ ਬਾਵਜੂਦ ਵੀ ਅਕਾਲੀ ਦਲ ਦੀ ਪੰਥਕ ਛਵੀ ਨੂੰ ਢਾਅ ਨਹੀਂ ਸੀ ਲੱਗਣੀ। ਸੱਚੀ ਗੱਲ ਤਾਂ ਇਹ ਹੈ ਕਿ ਬਹੁ ਧਰਮੀ, ਬਹੁ ਭਾਸ਼ੀ ਅਤੇ ਬਹੁ ਜਾਤੀ ਕਿਸੇ ਖਿੱਤੇ ਵਿਚ ਕਿਸੇ ਇੱਕ ਵਿਸ਼ੇਸ਼ ਧਰਮ 'ਤੇ ਆਧਾਰਿਤ ਕਿਸੇ ਸਿਆਸੀ ਦਲ ਦਾ ਬੋਲਬਾਲਾ ਉਸੇ ਹਾਲਤ ਵਿਚ ਜਾਇਜ਼ ਹੋ ਸਕਦਾ ਹੈ, ਜੇਕਰ ਉਸ ਵਿਚ ਦੂਜੇ ਧਰਮਾਂ ਅਤੇ ਜਾਤੀਆਂ ਦੇ ਹਿੱਤ ਬਰਾਬਰ ਸ਼ਾਮਲ ਹੋਣ। ਸੰਨ ਚੁਰਾਸੀ ਦੇ ਹੱਲੇ ਤੋਂ ਬਾਅਦ ਪੰਜਾਬ ਵਿਚ ਜਿਸ ਤਰ੍ਹਾਂ ਹਿੰਦੂ ਸਿੱਖਾਂ ਵਿਚ ਪਾੜਾ ਪੈ ਗਿਆ ਸੀ, ਉਸ ਨੂੰ ਰੋਕਣ ਵਿਚ ਅਤੇ ਪ੍ਰਦੇਸ਼ ਵਿਚ ਸਾਂਝੀਵਾਲਤਾ ਦਾ ਮਾਹੌਲ ਕਾਇਮ ਕਰਨ ਵਿਚ ਅਕਾਲੀ ਦਲ ਦੇ ਭਾਜਪਾ ਨਾਲ ਗਠਜੋੜ ਨੇ ਬਣਦਾ ਕਿਰਦਾਰ ਨਿਭਾਇਆ ਹੈ ਅਤੇ ਅਕਾਲੀ ਦਲ ਨੇ ਪ੍ਰਦੇਸ਼ ਦੇ ਦਲਿਤ ਵਰਗ ਨੂੰ ਵੀ ਨਿਰਾਸ਼ ਨਹੀਂ ਹੋਣ ਦਿੱਤਾ ਪਰ ਅਫਸੋਸ ਕਿ ਜਦੋਂ ਤੋਂ ਇਹ ਅਕਾਲੀ ਦਲ ਮਹਿਜ਼ ਬਾਦਲ ਦਲ ਬਣ ਗਿਆ ਅਤੇ ਫਿਰ ਸੁਆਰਥ, ਪਰਿਵਾਰ ਪ੍ਰਸਤੀ ਦੇ ਨਾਲ-ਨਾਲ ਇਹ ਦਲ ਦੇਹਧਾਰੀਆਂ ਦੇ ਪੈਰਾਂ 'ਤੇ ਅੰਨੇਵਾਹ ਡਿੱਗ ਪਿਆ, ਤਾਂ ਇਹ ਲੋਕਾਂ ਦੇ ਮਨੋਂ ਲਹਿ ਗਿਆ। ਬੀ.ਜੇ.ਪੀ. ਹੁਣ ਭਾਰਤ ਵਿਚ ਹਾਵੀ ਹੈ ਅਤੇ ਆਮ ਲੋਕ ਰਾਏ ਹੈ ਕਿ ਜੇਕਰ ਇਸ ਵਾਰ ਵੀ ਜੇਕਰ ਬੀ.ਜੇ.ਪੀ. ਜਿੱਤ ਜਾਂਦੀ ਹੈ, ਤਾਂ ਭਾਰਤ ਵਿਚ ਇਹ ਪੱਕੇ ਪੈਰੀਂ ਹੋ ਜਾਵੇਗੀ ਅਤੇ ਫਾਸ਼ੀਵਾਦ ਭਾਰੂ ਹੋ ਜਾਵੇਗਾ। ਭਾਰਤ ਵਿਚ ਬੀ.ਜੇ.ਪੀ. ਦੇ ਫਾਸ਼ੀ ਰੱਥ ਦਾ ਮੁਕਾਬਲਾ ਕਰਨ ਦੀ ਜੇਕਰ ਕਿਸੇ ਵਿਚ ਹਿੰਮਤ ਹੈ, ਤਾਂ ਉਹ ਕੇਵਲ ਅਕਾਲੀ ਦਲ ਹੀ ਹੈ, ਜਿਵੇਂ ਕਿ ਅਕਾਲੀ ਦਲ ਨੇ ਇੰਦਰਾਂ ਗਾਂਧੀ ਦੀ ਐਮਰਜੈਂਸੀ ਸਮੇਂ ਕੀਤਾ ਸੀ। ਜੇਕਰ ਸ: ਸੁਖਬੀਰ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਮੁੜ ਇਹ ਕ੍ਰਿਸ਼ਮਾ ਕਰਨ ਦੇ ਕਾਬਲ ਹੋ ਗਿਆ, ਤਾਂ ਅਕਾਲੀ ਦਲ ਨੂੰ ਸਹਿ ਸੁਭਾ ਹੀ ਪੰਥਕ ਰੁਤਬਾ ਹਾਸਲ ਹੋ ਜਾਵੇਗਾ। ਪੰਜਾਬ ਦੇ ਲੋਕ ਤਾਂ ਹਾਲੇ ਵੀ ਅਕਾਲੀ ਦਲ ਦੇ ਪੰਥਕ ਅਤੇ ਸਰਬਪ੍ਰਵਾਣਤ ਹੋਣ ਦੀ ਰਾਹ ਵੱਲ ਦੇਖ ਰਹੇ ਹਨ।

## ਲੋਕ ਰਾਜੀ ਪੰਘੂੜੇ ਬਰਤਾਨੀਆਂ ਦੇ ਪੰਘੂੜੇ ਵਿਚ ਮਘੋਰੇ ਦਾ ਖਤਰਾ

ਬਰਤਾਨੀਆਂ ਦੀਆਂ ਸਥਾਨਕ ਚੋਣਾਂ ਵਿਚ ਲੇਬਰ ਦੀ ਧੜੱਲੇ ਨਾਲ ਜਿੱਤ ਹੋਈ ਹੈ ਅਤੇ ਲੇਬਰ ਨੇ ਟੋਰੀਆਂ ਦੇ ਅਨੇਕਾਂ ਹਲਕਿਆਂ ਵਿਚ ਮਘੋਰੇ ਕਰ ਦਿੱਤੇ ਹਨ। ਲੇਬਰ ਦੀ ਇਸ ਜਿੱਤ ਨੇ ਰਿਸ਼ੀ ਸੁਨਕ ਸਾਹਮਣੇ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ ਅਤੇ ਉਸ ਨੂੰ ਅਗਲੀਆਂ ਪਾਰਲੀਮੈਂਟਰੀ ਚੋਣਾਂ ਵਿਚ ਲੇਬਰ ਦੀ ਜਿੱਤ ਨੂੰ ਕੰਧ 'ਤੇ ਲਿਖਿਆ ਪੜ੍ਹਨਾ ਪੈ ਰਿਹਾ ਹੈ, ਭਾਵੇਂ ਕਿ ਉਸ ਦੀ ਜਾਚੇ ਭਵਿੱਖ ਵਿਚ ਹੰਗ ਪਾਰਲੀਮੈਂਟ ਵੀ ਹੋ ਸਕਦੀ ਹੈ। ਟੋਰੀ ਵੋਟ ਬੈਂਕ ਵਿਚ ਮਘੋਰਿਆਂ ਦਾ ਵੱਡਾ ਕਾਰਨ ਇਜ਼ਰਾਈਲ ਵਲੋਂ ਗਾਜ਼ਾ 'ਤੇ ਕੀਤੇ ਜਾ ਰਹੇ ਹਮਲੇ ਅਤੇ ਜੰਗੀ ਜ਼ੁਰਮ ਜਾਰੀ ਰੱਖਣਾ ਮੰਨਿਆ ਜਾ ਰਿਹਾ ਹੈ। ਇਨ੍ਹਾਂ ਚੋਣਾਂ ਵਿਚ ਦਰਜਨਾਂ ਮੁਸਲਮਾਨ ਉਮੀਦਵਾਰ ਕਾਮਯਾਬ ਹੋਏ ਹਨ, ਜੋ ਕਿ ਇਜ਼ਰਾਈਲ ਦੇ ਖਿਲਾਫ ਮੁਜ਼ਾਹਰੇ ਕਰਨ ਵਿਚ ਸਰਗਰਮ ਰਹੇ ਸਨ। ਲੇਬਰ ਆਗੂ ਸਰ ਕੀਅਰ ਸਟਾਮਰ ਨੂੰ ਮੁਸਲਮਾਨ ਉਮੀਦਵਾਰਾਂ ਵਲੋਂ 18 ਮੰਗਾਂ ਦੀ ਸੂਚੀ ਵੀ ਜਾਰੀ ਕੀਤੀ ਗਈ ਹੈ ਅਤੇ ਇਹ ਭਵਿੱਖਬਾਣੀਆਂ ਹੋਣ ਲੱਗ ਪਈਆਂ ਹਨ ਕਿ ਇਸ ਵਾਰ ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਮੁਸਲਮਾਨ ਵੋਟ ਆਪਣਾ ਬੋਲਬਾਲਾ ਵਿਖਾਉਣ ਵਾਲੀ ਹੈ। ਲੰਡਨ ਦੇ ਮੇਅਰ ਸਦੀਕ ਖਾਨ ਸਮੇਤ ਅਨੇਕਾਂ ਐਸੇ ਮੁਸਲਮਾਨ ਚਿਹਰੇ ਹਨ, ਜੋ ਕਿ ਆਉਣ ਵਾਲੀ ਰਾਜਨੀਤੀ ਨੂੰ ਪ੍ਰਭਾਵਤ ਕਰਨਗੇ। ਇਨ੍ਹੀਂ ਦਿਨੀਂ ਇੱਕ ਉੱਡਦੀ-ਉੱਡਦੀ ਖਬਰ ਇਹ ਵੀ ਮਿਲੀ ਹੈ ਕਿ ਯੂ.ਕੇ. ਵਿਚ ਮੁਸਲਮਾਨਾਂ ਵਲੋਂ 'ਪਾਰਟੀ ਆਫ ਇਸਲਾਮ' ਨਾਮ ਦੀ ਇੱਕ ਰਾਜਨੀਤਿਕ ਪਾਰਟੀ ਰਜਿਸਟਰ ਕਰਵਾ ਲਈ ਗਈ ਹੈ।

ਹੁਣ ਇਹ ਪੇਸ਼ਨਗੋਈਆਂ ਹੋਣ ਲੱਗੀਆਂ ਹਨ ਕਿ ਜੇਕਰ 'ਪਾਰਟੀ ਆਫ ਇਸਲਾਮ' ਬਰਤਾਨੀਆਂ ਵਿਚ ਹਰਕਤ ਵਿਚ ਆਉਂਦੀ ਹੈ, ਤਾਂ ਦੇਸ਼ ਦੇ ਚਾਲੀ ਲੱਖ ਮੁਸਲਮਾਨਾਂ ਦੀ ਹਿਮਾਇਤ ਨਾਲ ਇਹ ਪਾਰਟੀ ਰਾਤੋ-ਰਾਤ ਬਰਤਾਨੀਆਂ ਦੀ ਤੀਜੀ ਵੱਡੀ ਰਾਜਨੀਤਿਕ ਪਾਰਟੀ ਬਣ ਜਾਵੇਗੀ, ਜੋ ਕਿ ਆਪਣੀਆਂ ਉਲਾਰ ਇਸਲਾਮਕ ਕੱਟੜਪੰਥੀ ਨੀਤੀਆਂ ਨੂੰ ਲਾਗੂ ਕਰਨ ਦੀ ਧੁੰਨ ਵਿਚ ਇੱਕ ਐਂਟੀ ਮੁਸਲਿਮ ਦੇਸ਼ ਵਿਆਪੀ ਲਹਿਰ ਨੂੰ ਜਨਮ ਦੇ ਸਕਦੀ ਹੈ, ਜਿਸ ਦੇ ਦੁਸ਼ਪ੍ਰਭਾਵ ਸਾਰੇ ਈ ਏਸ਼ੀਅਨ ਮੂਲ ਦੇ ਲੋਕਾਂ 'ਤੇ ਪੈਣਗੇ। ਬੀ.ਐੱਨ.ਪੀ. ਅਤੇ ਨੈਸ਼ਨਲ ਫਰੰਟ ਵਰਗੀਆਂ ਗੋਰਿਆਂ ਦੀਆਂ ਪਾਰਟੀਆਂ ਮੁੜ ਹਰਕਤ ਵਿਚ ਆ ਜਾਣਗੀਆਂ ਅਤੇ ਜੇਕਰ ਇਹ ਰੁਝਾਨ ਵੱਧਦੇ ਹਨ, ਤਾਂ ਲੋਕਤੰਤਰ ਮੁੱਲਾਂ ਦਾ ਦੇਸ਼ ਵਿਚ ਘਾਣ ਹੋਣ ਲੱਗ ਪਏਗਾ। ਇਹ ਗੱਲ ਸਮਝਣ ਵਾਲੀ ਹੈ ਕਿ ਇਸ ਦੇਸ਼ ਵਿਚ ਅਕਸਰ ਹੀ ਅਸੀਂ ਕਿਸੇ ਉਮਦੀਵਾਰ ਨੂੰ ਪਾਰਟੀ ਦੀਆਂ ਨੀਤੀਆਂ ਕਰਕੇ ਨਹੀਂ, ਸਗੋਂ ਹਿੰਦੂ, ਸਿੱਖ ਜਾਂ ਮੁਸਲਮਾਨ ਹੋਣ ਕਰਕੇ ਵੀ ਵੋਟ ਪਾਉਂਦੇ ਹਾਂ। ਲੰਡਨ ਦੇ ਮੇਅਰ ਨੂੰ 13 ਲੱਖ ਮੁਸਲਮਾਨਾਂ ਦੀਆਂ ਵੋਟਾਂ ਉਸ ਦੇ ਸੋਸ਼ਲਿਸਟ ਜਾਂ ਲਿਬਰਲ ਖਿਆਲਾਂ ਕਰਕੇ ਨਹੀਂ, ਸਗੋਂ ਉਸ ਦੇ ਮੁਸਲਮਾਨ ਹੋਣ ਕਰਕੇ ਪਈਆਂ ਸੀ।

ਜੇਕਰ ਪਾਰਟੀ ਆਫੀ ਇਸਲਾਮ ਹਰਕਤ ਵਿਚ ਆਉਂਦੀ ਹੈ, ਤਾਂ ਇਸ ਨਾਲ ਸਭ ਤੋਂ ਵੱਡ ਧੱਕਾ ਲੇਬਰ ਪਾਰਟੀ ਨੂੰ ਲੱਗਣ ਵਾਲਾ ਹੈ। ਯੂ.ਕੇ. ਦੇ ਮੁਸਲਮਾਨ ਲੇਬਰ ਆਗੂ ਕੀਅਰ ਸਟਾਰਮਰ ਦੇ ਇਜ਼ਰਾਈਲ ਪੱਖੀ ਪੈਂਤੜੇ ਤੋਂ ਪਹਿਲਾਂ ਹੀ ਔਖੇ ਹਨ ਅਤੇ ਜੇਕਰ ਦੇਸ਼ ਦੀ ਮੁਸਲਮਾਨ ਜਨਤਾ ਅੰਧਾ ਧੁੰਦ 'ਪਾਰਟੀ ਆਫ ਇਸਲਾਮ' ਵੱਲ ਉਲਟ ਗਈ, ਤਾਂ ਲੇਬਰ ਪਾਰਟੀ ਦੀ ਰਾਜਨੀਤਿਕ ਸਥਿਤੀ ਡਾਵਾਂਡੋਲ ਹੋ ਜਾਵੇਗੀ ਅਤੇ ਡੈਮੋਕਰੇਟਿਕ ਸੰਕਲਪ ਨੂੰ ਵੱਡੀ ਢਾਅ ਲੱਗੇਗੀ।

## ਰੋ ਪਏ ਪੰਜਾਬੀ ਪਾਤਰ ਦੇ ਜਾਣ 'ਤੇ

ਸ਼ਨੀਵਾਰ 11 ਮਈ ਤੜਕਸਾਰ ਪੰਜਾਬ ਦੇ ਨਾਮਵਰ ਕਵੀ ਪਦਮ ਸ਼੍ਰੀ ਸੁਰਜੀਤ ਪਾਤਰ ਦਾ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੇ ਘਰ ਲੁਧਿਆਣਾ ਵਿਚ ਦਿਹਾਂਤ ਹੋ ਗਿਆ। ਉਹ 79 ਸਾਲ ਦੇ ਸਨ। ਜਿਓਂ ਹੀ ਇਹ ਖਬਰ ਦੁਨੀਆਂ ਭਰ ਵਿਚ ਫੈਲੀ, ਤਾਂ ਪੰਜਾਬੀ ਭਾਈਚਾਰਾ ਗ਼ਮ ਵਿਚ ਡੁੱਬ ਗਿਆ। ਸੁਰਜੀਤ ਪਾਤਰ ਦੀ ਯਾਦ ਵਿਚ ਪਤਾ ਨਹੀਂ ਕਿੰਨੀਆਂ ਅੱਖਾਂ ਨਮ ਹੋਈਆਂ ਅਤੇ ਪਤਾ ਨਹੀਂ ਕਿੰਨੇ ਲੋਕਾਂ ਨੇ ਉਸ ਦੀਆਂ ਸਤਰਾਂ ਨੂੰ ਗੁਣਗੁਣਾ ਕੇ ਆਪਣੀ ਸ਼ਰਧਾਂਜਲੀ ਭੇਂਟ ਕੀਤੀ। ਇਨ੍ਹੀਂ ਦਿਨੀਂ ਸੋਸ਼ਲ ਮੀਡੀਏ 'ਤੇ ਹਰ ਪਾਸੇ ਪਾਤਰ ਦੀਆਂ ਕਵਿਤਾਵਾਂ ਦੀ ਭਰਮਾਰ ਰਹੀ ਹੈ।

ਸੰਨ 1947 ਦੇ ਬਟਵਾਰੇ ਸਮੇਂ ਅੰਮ੍ਰਿਤਾ ਪ੍ਰੀਤਮ ਨੇ 'ਅੱਜ ਆਖਾਂ ਵਾਰਸ ਸ਼ਾਹ ਨੂੰ' ਨਾਮ ਦੀ ਕਵਿਤਾ ਲਿਖੀ ਸੀ, ਜੋ ਕਿ ਪੰਜਾਬ ਦੇ ਬੱਚੇ-ਬੁੱਢੇ ਸਾਰਿਆਂ ਦੀ ਜ਼ੁਬਾਨ 'ਤੇ ਚੜ੍ਹ ਗਈ। ਮੇਰੀ ਜਾਚੇ ਅੰਮ੍ਰਿਤਾ ਪ੍ਰੀਤਮ ਦੀ ਹੋਰ ਕੋਈ ਵੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ' ਦਾ ਰੁਤਬਾ ਨਾ ਹਾਸਲ ਕਰ ਸਕੀ ਪਰ ਸੁਰਜੀਤ ਪਾਤਰ ਦੀਆਂ ਇੱਕ ਨਹੀਂ, ਅਨੇਕ ਕਵਿਤਾਵਾਂ, ਗੀਤ ਅਤੇ ਗਜ਼ਲਾਂ ਪੰਜਾਬੀਆਂ ਦੇ ਦਿਲਾਂ ਨੂੰ ਟੁੰਬਦੀਆਂ ਅਤੇ ਲੋਕਾਂ ਦੇ ਬੋਲਾਂ 'ਤੇ ਥਿਰਕਦੀਆਂ ਰਹੀਆਂ ਹਨ। ਸੁਰਜੀਤ ਪਾਤਰ ਵਿਚ ਇੱਕ ਖਾਸ ਗੁਣ ਇਹ ਵੀ ਸੀ ਕਿ ਉਹ ਆਪਣੀਆਂ-ਆਪਣੀਆਂ ਕਵਿਤਾਵਾਂ ਨੂੰ ਬਾ-ਕਮਾਲ ਲਹਿਜ਼ੇ ਵਿਚ ਗਾਇਆ ਵੀ ਕਰਦੇ ਸਨ। ਜਿਸ ਦਿਨ ਉਨ੍ਹਾਂ ਦੀ ਮੌਤ ਹੁੰਦੀ ਹੈ, ਉਸ ਤੋਂ ਇੱਕ ਦਿਨ ਪਹਿਲਾਂ ਵੀ ਉਹ ਕਿਸੇ ਕਵੀ ਦਰਬਾਰ ਵਿਚ ਆਪਣੀ ਕਵਿਤਾ ਗਾ ਕੇ ਆਏ ਸਨ।

ਸੁਰਜੀਤ ਪਾਤਰ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਚ ਹੋਇਆ। ਉਸ ਨੇ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਅਤੇ ਖਹਿਰਾ ਮੱਝਾ ਦੇ ਸਕੂਲ ਤੋਂ ਦਸਵੀਂ ਕਰਨ ਤੋਂ ਬਾਅਦ ਰਣਧੀਰ ਗੌਰਮਿੰਟ ਕਾਲਜ ਤੋਂ ਬੀ.ਏ. ਪਾਸ ਕੀਤੀ। ਪੰਜਾਬੀ ਯੂਨੀਵਰਸਟੀ ਤੋਂ ਐੱਮ.ਏ. ਅਤੇ ਪੀ.ਐੱਚ.ਡੀ. ਕੀਤੀ। ਪਾਤਰ ਨੇ ਪੀ.ਐੱਚ.ਡੀ. ਪੰਜਾਬੀ ਯੂਨੀਵਰਸਟੀ ਤੋਂ ਹੀ ਕੀਤੀ, ਜਿਸ ਦਾ ਵਿਸ਼ਾ ਸੀ 'ਟਰਾਂਸਫੋਰਮੇਸ਼ਨ ਆਫ ਫੋਕਲੋਰ ਇਨ ਗੁਰੂ ਨਾਨਕ ਬਾਣੀ'। ਉਹ ਪੰਜਾਬੀ ਕਲਾ ਪ੍ਰੀਸ਼ਦ ਦੇ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਸਨ। 2012 ਵਿਚ ਉਸ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। ਬਾਬਾ ਬੁੱਢਾ ਕਾਲਜ ਬੀੜ ਸਾਹਿਬ ਅੰਮ੍ਰਿਤਸਰ ਅਤੇ ਪੰਜਾਬ ਖੇਤੀਬਾੜੀ ਲੁਧੀਆਣਾ ਵਿਚ ਪਾਤਰ ਲੈਕਚਰਾਰ ਰਹੇ। ਗੁਰੂ ਗ੍ਰੰਥ ਸਾਹਿਬ ਵਰਲਡ ਸਿੱਖ ਯੂਨੀਵਰਸਟੀ ਫਤਹਿਗੜ੍ਹ ਵਿਚ ਵਿਜ਼ਟਿੰਗ ਪ੍ਰੋਫੈਸਰ ਦੇ ਅਹੁਦੇ 'ਤੇ ਰਹੇ।

ਪਾਤਰ ਦੀ ਪ੍ਰਮੁੱਖ ਪਛਾਣ ਇੱਕ ਆਹਲਾ ਗਜ਼ਲਗੋ ਵਜੋਂ ਹੈ ਅਤੇ ਕੌਮਾਂਤਰੀ ਪੱਧਰ 'ਤੇ ਮਾਂ ਬੋਲੀ ਦੇ ਪਿਆਰਿਆਂ ਨੇ ਪਾਤਰ ਨੂੰ ਸੱਦਾ ਪੱਤਰ ਭੇਜ-ਭੇਜ ਕੇ ਉਸ ਦੀਆਂ ਗਜ਼ਲਾਂ ਸੁਣੀਆਂ ਅਤੇ ਰੱਜ ਕੇ ਸਤਿਕਾਰਿਆ। ਪਾਤਰ ਦੀਆਂ ਇਨ੍ਹਾ ਕਿਰਤਾਂ ਦੀ ਸੂਚੀ ਲੰਬੀ ਹੈ ਪਰ ਜਿਨ੍ਹਾਂ ਗਜਲਾਂ ਤੋਂ ਹਰ ਪੰਜਾਬੀ ਹੀ ਵਾਕਿਫ ਹੈ, ਉਨ੍ਹਾਂ ਵਿਚ ਕ੍ਰਮਵਾਰ ਇਹ ਪ੍ਰਮੁੱਖ ਹਸਤਾਖਰ ਹਨ:

- ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ
- ਬਲਦਾ ਬਿਰਖ ਹਾਂ, ਖਤਮ ਹਾਂ, ਸ਼ਾਮ ਤੀਕ ਹਾਂ
- ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾ ਬਣ ਕੇ


ਪਾਤਰ ਦੇ ਕਾਵਿ ਸੰਗ੍ਰਿਹ ਹਵਾ ਵਿਚ ਲਿਖੇ ਹਰਫ, ਬਿਰਖ ਅਰਜ਼ ਕਰੇ, ਹਨੇਰੇ ਵਿਚ ਸੁਲਗਦੀ ਵਰਨਮਾਲਾ, ਲਫਜ਼ਾਂ ਦੀ ਦਰਗਾਹ, ਪਤਝੜ ਦੀ ਪਾਜ਼ੇਬ, ਸੁਰ ਜ਼ਮੀਨ ਅਤੇ ਚੰਨ ਸੂਰਜ ਦੀ ਵਹਿੰਗੀ ਮਸ਼ਹੂਰ ਰਚਨਾਵਾਂ ਹਨ। ਪਾਤਰ ਨੇ ਦੋ ਵਾਰਤਕ ਅਤੇ ਅਨੇਕਾਂ ਅਨੁਵਾਦ ਵੀ ਲਿਖੇ। ਪਾਤਰ ਨੂੰ ਪਦਮ ਸ਼੍ਰੀ ਤੋਂ ਇਲਾਵਾ ਸਾਹਿਤ ਅਕਾਦਮੀ ਸਨਮਾਨ, ਸ਼੍ਰੋਮਣੀ ਪੰਜਾਬੀ ਕਵੀ ਸਨਮਾਨ, ਪੰਚਨਾਦ ਪੁਰਸਕਾਰ, ਸਰਸਵਤੀ ਸਨਮਾਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਵਲੋਂ ਡਾਕਟਰ ਆਫ ਫਿਲਾਸਫੀ ਆਨਰਜ਼ ਅਨੇਕਾਂ ਸਨਮਾਨ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ।

ਪਾਤਰ ਨੇ ਰਾਜਨੀਤਿਕ, ਸਮਾਜਿਕ ਅਤੇ ਹਰ ਤਰ੍ਹਾਂ ਦੀਆਂ ਬੁਰਾਈਆਂ ਖਿਲਾਫ ਕਲਮ ਭਗੌਤੀ ਨੂੰ ਸੂਤੀ ਰੱਖਿਆ, ਉਸ ਨੂੰ ਬੜਾ ਆਸ਼ਾਵਾਦੀ ਅਤੇ ਸੰਵੇਦਨਸ਼ੀਲ ਲੇਖਕ ਹੋਣ ਦਾ ਮਾਣ ਹਾਸਲ ਰਿਹਾ ਹੈ। ਅਸੀਂ ਮਹਾਨ ਕਵੀ ਸੁਰਜੀਤ ਪਾਤਰ ਨੂੰ ਆਪਣੇ ਵਲੋਂ ਸ਼ਰਧਾਂਜਲੀ ਪੇਸ਼ ਕਰਦੇ ਹਾਂ।

# ਬਿਨਾਕਾ ਗੀਤ ਮਾਲਾ ਦਾ ਸ਼ਹਿਨਸ਼ਾਹ ਸੀ ਅਮੀਨ ਸਯਾਨੀ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA






ਕੋਈ ਜ਼ਮਾਨਾ ਸੀ ਜਦੋਂ ਲੋਕ ਬਿਨਾਕਾ ਗੀਤਮਾਲਾ ਸੁਣਨ ਲਈ ਹਰ ਬੁੱਧਵਾਰ ਰਾਤ ਨੂੰ ਰੇਡੀਉ ਨਾਲ ਚਿਪਕ ਜਾਂਦੇ ਸਨ। ਭਾਰਤ ਦੇ ਸੁਪਰ ਸਟਾਰ ਅਨਾਊਂਸਰ ਅਮੀਨ ਸਯਾਨੀ ਦੀ ਆਵਾਜ਼ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲਦਾ ਸੀ। ਅੱਜਕੱਲ੍ਹ ਲੋਕ ਹਰ ਸਮੇਂ ਸੋਸ਼ਲ ਮੀਡੀਆ ਨੂੰ ਚਿਪਕੇ ਰਹਿੰਦੇ ਹਨ ਤੇ ਸਭ ਦੀ ਇੱਛਾ ਫੇਸਬੁੱਕ, ਟਵਿੱਟਰ ਅਤੇ ਇੰਸਟਾਗ੍ਰਾਮ ਆਦਿ 'ਤੇ ਵੱਧ ਤੋਂ ਵੱਧ ਲਾਈਕ ਬਟੋਰਨ ਦੀ ਹੈ। ਭਾਰਤ ਵਿਚ 13 ਜੂਨ, 1923 ਤੋਂ ਰੇਡੀਉ ਪ੍ਰਸਾਰਣ ਦੇ ਸ਼ੁਰੂ ਹੋਣ ਤੋਂ ਲੈ ਕੇ ਕੇਬਲ, ਡਿੱਸ਼ ਅਤੇ ਇੰਟਰਨੈੱਟ ਟੀ.ਵੀ. ਤੇ ਮੋਬਾਇਲ ਆਦਿ ਦੇ ਸ਼ੁਰੂ ਹੋਣ ਤੋਂ ਪਹਿਲਾਂ ਲੋਕਾਂ ਦੇ ਮਨੋਰੰਜਨ ਦਾ ਸਾਧਨ ਸਿਰਫ ਰੇਡੀਉ ਤੇ ਟਰਾਂਜਿਸਟਰ ਹੀ ਹੁੰਦੇ ਸਨ। ਪ੍ਰੰਤੂ ਭਾਰਤੀ ਰੇਡੀਉ ਦੇ ਇਤਿਹਾਸ ਵਿਚ ਅਮੀਨ ਸਯਾਨੀ ਦੁਆਰਾ ਪੇਸ਼ ਕੀਤਾ ਜਾਣ ਵਾਲਾ ਸੁਪਰ ਹਿੱਟ ਪ੍ਰੋਗਰਾਮ ਬਿਨਾਕਾ ਗੀਤ ਮਾਲਾ ਪੁਰਾਣੇ ਲੋਕਾਂ ਦੇ ਚੇਤਿਆਂ ਵਿਚ ਅੱਜ ਵੀ ਤਾਜ਼ਾ ਹੈ, ਜੋ ਪਹਿਲੇ ਦਿਨ ਤੋਂ ਹੀ ਲਗਾਤਾਰ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਗਿਆ। ਇੱਕ ਵੇਲੇ ਇਸ ਦੇ ਸਰੋਤਿਆਂ ਦੀ ਗਿਣਤੀ ਦੋ ਕਰੋੜ ਤੋਂ ਵੀ ਵਧ ਗਈ ਸੀ।

ਬਿਨਾਕਾ ਗੀਤ ਮਾਲਾ ਭਾਰਤ ਵਿਚ ਹਿੰਦੀ ਫਿਲਮੀ ਗਾਣਿਆਂ ਦਾ ਪਹਿਲਾ ਕਾਊਂਟ ਡਾਊਨ ਪ੍ਰੋਗਰਾਮ ਸੀ। ਹਰ ਬੁੱਧਵਾਰ ਜਦੋਂ ਅਮੀਨ ਸਯਾਨੀ ਆਪਣੀ ਦਿਲਕਸ਼ ਆਵਾਜ਼ ਵਿਚ ਬੋਲਦਾ, "ਬਹਨੋਂ ਔਰ ਭਾਈਉ, ਯਹ ਰੇਡੀਉ ਸੀਲੋਨ ਹੈ। ਮੈਂ ਅਮੀਨ ਸਯਾਨੀ ਹਾਜ਼ਰ ਹੂੰ ਆਪਕਾ ਮਨਪਸੰਦ ਪ੍ਰੋਗਰਾਮ ਬਿਨਾਕਾ ਗੀਤ ਮਾਲਾ ਲੇਕਰ" ਤਾਂ ਲੋਕ ਖੁਸ਼ੀ ਨਾਲ ਝੂਮ ਉੱਠਦੇ ਸਨ। ਅਮੀਨ ਸਯਾਨੀ ਉਹ ਪਹਿਲਾ ਅਨਾਊਂਸਰ ਸੀ, ਜਿਸ ਨੇ ਬਾਕੀ ਅਨਾਊਸਰਾਂ ਵੱਲੋਂ ਬੋਲਿਆ ਜਾਣਾ ਵਾਲਾ ਵਾਕ ਭਾਈਉ ਔਰ ਬਹਿਨੋਂ ਦੀ ਜਗ੍ਹਾ ਬਹਿਨੋਂ ਔਰ ਭਾਈਉ ਕਹਿਣਾ ਸ਼ੁਰੂ ਕੀਤਾ ਸੀ। ਬਿਨਾਕਾ ਗੀਤ ਮਾਲਾ ਵਿਚ ਪੇਸ਼ ਕੀਤੀਆਂ ਜਾਂਦੀਆਂ ਮਿੱਠੀਆਂ ਧੁੰਨਾ ਵਾਲੇ ਗੀਤ ਸਰੋਤਿਆਂ ਨੂੰ ਪੂਰੇ ਇੱਕ ਘੰਟੇ ਲਈ ਕਿਸੇ ਹੋਰ ਹੀ ਦੂਨੀਆਂ ਵਿਚ ਲੈ ਜਾਂਦੇ ਸਨ। ਬਿਨਾਕਾ ਗੀਤ ਮਾਲਾ ਦਾ ਪਹਿਲਾ ਪ੍ਰੋਗਰਾਮ 12 ਦਸੰਬਰ ਸੰਨ 1952 ਨੂੰ ਪ੍ਰਸਾਰਿਤ ਹੋਇਆ ਸੀ। ਪਹਿਲੇ ਹੀ ਦਿਨ ਪ੍ਰਸਾਰਿਤ ਕੀਤੇ ਗਏ ਮਹਿਲ, ਨਾਗਿਨ ਅਤੇ ਉੜਨ ਖਟੋਲਾ ਵਰਗੀਆਂ ਫਿਲਮਾਂ ਦੇ ਸੁਪਰ ਹਿੱਟ ਗੀਤਾਂ ਅਤੇ ਅਮੀਨ ਸਯਾਨੀ ਦੇ ਦਿਲਕਸ਼ ਅਤੇ ਅਨੂਠੇ ਅੰਦਾਜ਼ ਨੇ ਲੋਕਾਂ ਨੂੰ ਸਦਾ ਲਈ ਇਸ ਪ੍ਰੋਗਰਾਮ ਦਾ ਦੀਵਾਨਾ ਬਣਾ ਦਿੱਤਾ ਤੇ ਦਿਨਾਂ ਵਿਚ ਹੀ ਇਹ ਰੇਡੀਉ ਦਾ ਸਭ ਤੋਂ ਵੱਧ ਪਸੰਦੀਦਾ ਪ੍ਰੋਗਰਾਮ ਬਣ ਗਿਆ।

ਸ਼ੁਰੂ-ਸ਼ੁਰੂ ਵਿਚ ਇਸ ਪ੍ਰੋਗਰਾਮ ਦੌਰਾਨ ਸਿਰਫ 7 ਗਾਣੇ ਸੁਣਾਏ ਜਾਂਦੇ ਸਨ ਤੇ ਗੀਤਾਂ ਦੀ ਦਰਜ਼ਾਬੰਦੀ ਨਹੀਂ ਸੀ ਕੀਤੀ ਜਾਂਦੀ। ਸੰਨ 1954 ਤੋਂ ਬਿਨਾਕਾ ਗੀਤ ਮਾਲਾ ਕਾਊਂਟ ਡਾਊਨ ਪ੍ਰੋਗਰਾਮ ਬਣ ਗਿਆ ਤੇ ਗਾਣਿਆਂ ਨੂੰ ਹਫਤਾਵਰੀ ਰੇਟਿੰਗ ਦਿੱਤੀ ਜਾਣ ਲੱਗੀ। ਪਹਿਲੇ ਸਾਲਾਨਾ ਕਾਊਂਟ ਡਾਊਨ (1953) ਵਿਚ ਫਿਲਮ ਅਨਾਰਕਲੀ ਦਾ ਲਤਾ ਮੰਗੇਸ਼ਕਰ ਦੁਆਰਾ ਗਾਇਆ ਗਿਆ ਗੀਤ, ਜੋ ਜ਼ਿੰਦਗੀ ਉਸੀ ਕੀ ਹੈ, ਜੋ ਕਿਸੀ ਕਾ ਹੋ ਗਯਾ, ਤੇ ਆਖਰੀ ਸਾਲਾਨਾ ਕਾਊਂਟ ਡਾਊਨ (1994) ਵਿਚ ਵੀ ਲਤਾ ਮੰਗੇਸ਼ਕਰ ਦਾ ਹੀ ਫਿਲਮ ਹਮ ਆਪਕੇ ਹੈਂ ਕੌਨ ਵਿਚ ਗਾਇਆ ਗਾਣਾ, ਦੀਦੀ ਤੇਰਾ ਦੇਵਰ ਦੀਵਾਨਾ, ਪਹਿਲੇ ਨੰਬਰ 'ਤੇ ਆਏ ਸਨ। ਹੌਲੀ-ਹੌਲੀ ਗਾਣਿਆਂ ਦੀ ਰੇਟਿੰਗ ਹੀ ਇਸ ਪ੍ਰੋਗਰਾਮ ਦੀ ਲੋਕਪ੍ਰਿਯਤਾ ਦਾ ਮੁੱਖ ਕਾਰਨ ਬਣ ਗਈ। ਗੀਤਾਂ ਦੀ ਰੇਟਿੰਗ ਕਰਨ ਲਈ ਕਈ ਨੁਕਤਿਆਂ 'ਤੇ ਧਿਆਨ ਦਿੱਤਾ ਜਾਂਦਾ ਸੀ, ਜਿਵੇਂ ਰਿਕਾਰਡਾਂ ਦੀ ਵਿਕਰੀ, ਬਾਕੀ ਰੇਡੀਉ ਸਟੇਸ਼ਨਾਂ 'ਤੇ ਗਾਣੇ ਦੀ ਕਿੰਨੀ ਫਰਮਾਇਸ਼ ਆ ਰਹੀ ਹੈ ਤੇ ਸਰੋਤਿਆਂ ਵੱਲੋਂ ਬਿਨਾਕਾ ਗੀਤ ਮਾਲਾ ਨੂੰ ਕਿਸੇ ਗਾਣੇ ਦੇ ਹੱਕ ਲਿਖੀਆਂ ਗਈਆਂ ਚਿੱਠੀਆਂ ਦੀ ਗਿਣਤੀ। ਪ੍ਰੰਤੂ ਬਾਅਦ ਵਿਚ ਸਰੋਤਿਆਂ ਤੋਂ ਵੋਟਾਂ ਲੈਣੀਆਂ ਬੰਦ ਕਰ ਦਿੱਤੀਆਂ ਗਈਆਂ ਕਿਉਂਕਿ ਪਤਾ ਲੱਗਾ ਕਿ ਕਈ ਸਰੋਤੇ ਆਪਣੇ ਮਨਪਸੰਦ ਗਾਣੇ ਨੂੰ ਰੇਟਿੰਗ ਵਿਚ ਉੱਪਰ ਲਿਆਉਣ ਲਈ ਵਿਚ ਵੱਖ-ਵੱਖ ਨਾਵਾਂ 'ਤੇ ਦਰਜ਼ਨਾਂ ਚਿੱਠੀਆਂ ਲਿਖਣ ਲੱਗ ਪਏ ਸਨ।


ਬਿਨਾਕਾ ਗੀਤ ਮਾਲਾ ਦਾ ਨਾਮ ਦੋ ਵਾਰ ਬਦਲਿਆ ਗਿਆ ਸੀ। ਸ਼ੁਰੂ ਵਿਚ ਇਸ ਪ੍ਰੋਗਰਾਮ ਦੀ ਸਪਾਂਸਰ ਕੋਲਗੇਟ ਟੂੱਥ ਪੇਸਟ ਬਣਾਉਣ ਵਾਲੀ ਕੰਪਨੀ ਸੀਬਾ ਗਾਈਗੀ ਸੀ। 1980 ਵਿਚ ਸੀਬਾ ਗਾਈਗੀ ਨੇ ਕੋਲਗੇਟ ਬਰਾਂਡ ਰੈਕਿਟ ਐਂਡ ਕੋਲਮੈਨ ਕੰਪਨੀ ਨੂੰ ਵੇਚ ਦਿੱਤਾ, ਤਾਂ ਉਸ ਨੇ ਬਿਨਾਕਾ ਦਾ ਨਾਮ ਬਦਲ ਕੇ ਸਿਬਾਕਾ ਰੱਖ ਲਿਆ, ਤਾਂ ਪ੍ਰੋਗਰਾਮ ਦਾ ਨਾਮ ਸਿਬਾਕਾ ਗੀਤ ਮਾਲਾ ਹੋ ਗਿਆ। 1994 ਵਿਚ ਕੋਲਗੇਟ ਪਾਮੋਲਿਵ ਕੰਪਨੀ ਨੇ ਸਿਬਾਕਾ ਬਰਾਂਡ ਖਰੀਦ ਲਿਆ, ਤਾਂ ਇਸ ਦਾ ਨਾਮ ਕੋਲਗੇਟ ਸਿਬਾਕਾ ਗੀਤ ਮਾਲਾ ਰੱਖ ਦਿੱਤਾ ਗਿਆ। ਪਹਿਲਾਂ ਇਹ ਰੇਡੀਉ ਸੀਲੋਨ (ਸ੍ਰੀ ਲੰਕਾ) ਤੋਂ ਪ੍ਰਸਾਰਿਤ ਕੀਤਾ ਜਾਂਦਾ ਸੀ ਪਰ ਸੰਨ 1988 ਤੋਂ ਬਾਅਦ ਇਹ ਵਿਵਿਧ ਭਾਰਤੀ (ਆਲ ਇੰਡੀਆ ਰੇਡੀਉ, ਨਵੀਂ ਦਿੱਲੀ) ਤੋਂ ਪ੍ਰਸਾਰਿਤ ਕੀਤਾ ਜਾਣ ਲੱਗ ਪਿਆ। ਬਿਨਾਕਾ ਗੀਤ ਮਾਲਾ ਵਿਚ 25 ਵਾਰ ਵੱਜਣ ਤੋਂ ਬਾਅਦ ਗਾਣੇ ਨੂੰ ਰਿਟਾਇਰ ਕਰ ਦਿੱਤਾ ਜਾਂਦਾ ਸੀ। ਹਫਤਾਵਰੀ ਕਾਊਂਟ ਡਾਊਨਾਂ ਦੇ ਆਧਾਰ 'ਤੇ ਇੱਕ ਨੰਬਰ 'ਤੇ ਆਇਆ ਗੀਤ, ਹਰ ਸਾਲ ਦਸੰਬਰ ਦੇ ਆਖਰੀ ਬੁੱਧਵਾਰ ਨੂੰ ਬਿਨਾਕਾ ਗੀਤ ਮਾਲਾ ਸਰਤਾਜ ਗੀਤ ਘੋਸ਼ਿਤ ਕਰ ਕੇ ਪ੍ਰਸਾਰਿਤ ਕੀਤਾ ਜਾਂਦਾ ਸੀ। ਪਰ ਹੌਲੀ-ਹੌਲੀ ਲੋਕਾਂ ਦਾ ਧਿਆਨ ਪ੍ਰਾਈਵੇਟ ਟੀ.ਵੀ. ਚੈਨਲਾਂ 'ਤੇ ਪ੍ਰਸਾਰਿਤ ਹੋਣ ਵਾਲੇ ਸੰਗੀਤਕ ਸੁਪਰ ਹਿੱਟ ਮੁਕਾਬਲਿਆਂ ਵੱਲ ਹੋ ਗਿਆ, ਜਿਸ ਕਾਰਨ ਸੰਨ 1994 ਵਿਚ ਇਸ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਗਿਆ। 1998 ਵਿਚ ਆਲ ਇੰਡੀਆ ਰੇਡੀਉ ਨੇ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਟਾਈਮ ਘਟਾ ਕੇ ਅੱਧਾ ਘੰਟਾ ਤੇ ਦਿਨ ਬੁੱਧਵਾਰ ਦੀ ਜਗ੍ਹਾ ਸੋਮਵਾਰ ਕਰ ਦਿੱਤਾ ਗਿਆ। ਪਰ ਸਰੋਤਿਆਂ ਵੱਲੋਂ ਕੋਈ ਖਾਸ ਹੁੰਗਾਰਾ ਨਾ ਮਿਲਣ ਕਾਰਨ ਸੰਨ 2000 ਵਿਚ ਬਿਨਾਕਾ ਗੀਤ ਮਾਲਾ ਨੂੰ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਗਿਆ। ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਹੈ ਕਿ 1954 ਤੋਂ ਲੈ ਕੇ 2000 ਤੱਕ ਇਸ ਦਾ ਪੇਸ਼ਕਰਤਾ ਅਮੀਨ ਸਯਾਨੀ ਹੀ ਰਿਹਾ ਹੈ।

ਇਸ ਪ੍ਰੋਗਰਾਮ ਵਿਚ ਹਫਤਾਵਰੀ ਅਤੇ ਸਾਲਾਨਾ ਰੇਟਿੰਗ ਵਿਚ ਇੱਕ ਨੰਬਰ 'ਤੇ ਸਭ ਤੋਂ ਵੱਧ ਗਾਣੇ ਲਤਾ ਮੰਗੇਸ਼ਕਰ ਦੇ ਆਏ ਸਨ। ਉਸ ਤੋਂ ਬਾਅਦ ਮੁਹੰਮਦ ਰਫੀ ਅਤੇ ਕਿਸ਼ੋਰ ਕੁਮਾਰ ਦਾ ਨੰਬਰ ਆਉਂਦਾ ਹੈ। 12 ਦਸੰਬਰ 1977 ਨੂੰ ਇਸ ਪ੍ਰੋਗਰਾਮ ਦੇ 25 ਸਾਲ ਪੂਰੇ ਹੋਣ 'ਤੇ ਮੁੰਬਈ ਵਿਖੇ ਇਸ ਦੀ ਸਿਲਵਰ ਜੁਬਲੀ ਮਨਾਈ ਗਈ, ਜਿਸ ਵਿਚ ਭਾਰਤ ਦੇ ਚੋਟੀ ਦੇ ਸੰਗੀਤਕਾਰਾਂ, ਕਵੀਆਂ, ਗਾਇਕਾਂ ਅਤੇ ਫਿਲਮ ਸਟਾਰਾਂ ਨੇ ਹਿੱਸਾ ਲਿਆ ਸੀ। ਇਸ ਮੌਕੇ 'ਤੇ ਅਮੀਨ ਸਯਾਨੀ ਦੀ ਕਮੈਂਟਰੀ ਵਾਲੇ ਦੋ ਗੋਲਡਨ ਰਿਕਾਰਡ ਜਾਰੀ ਕੀਤੇ ਗਏ, ਜਿਨ੍ਹਾਂ ਨੇ ਵਿਕਰੀ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਪਹਿਲੇ ਰਿਕਾਰਡ ਵਿਚ 1953 ਤੋਂ 1964 ਤੱਕ ਦੇ ਤੇ ਦੂਸਰੇ ਰਿਕਾਰਡ ਵਿਚ 1965 ਤੋਂ 1977 ਤੱਕ ਦੇ ਸਾਲਾਨਾ ਰੇਟਿੰਗ ਵਿਚ ਪਹਿਲੇ ਨੰਬਰ 'ਤੇ ਆਉਣ ਵਾਲੇ ਗਾਣੇ ਸ਼ਾਮਲ ਕੀਤੇ ਗਏ ਸਨ।

ਬਿਨਾਕਾ ਗੀਤ ਮਾਲਾ ਦਾ ਵੇਰਵਾ ਇਸ ਦੇ ਪੇਸ਼ਕਰਤਾ ਅਮੀਨ ਸਯਾਨੀ ਦੇ ਵਰਨਣ ਤੋਂ ਬਗੈਰ ਅਧੂਰਾ ਹੈ। ਉਸ ਦਾ ਜਨਮ 21 ਦਸੰਬਰ, 1932 ਨੂੰ ਮੁੰਬਈ ਵਿਖੇ ਹੋਇਆ ਸੀ ਤੇ ਉਸ ਦੇ ਪਿਤਾ ਦਾ ਨਾਮ ਜਾਨ ਮੁਹੰਮਦ ਸਯਾਨੀ, ਮਾਤਾ ਦਾ ਨਾਮ ਕੁਲਸਮ ਸਯਾਨੀ ਤੇ ਪਤਨੀ ਦਾ ਨਾਮ ਰਾਮਾ ਮੱਟੂ ਹੈ ਤੇ ਇੱਕ ਪੁੱਤਰ ਰਾਜਿਲ ਸਯਾਨੀ ਹੈ। ਉਸ ਨੇ ਸਿੰਧੀਆ ਸਕੂਲ ਗਵਾਲੀਅਰ ਅਤੇ ਸੈਂਟ ਜ਼ੇਵੀਅਰ ਕਾਲਜ ਮੁੰਬਈ ਤੋਂ ਵਿਦਿਆ ਹਾਸਲ ਕੀਤੀ ਹੈ। ਅਮੀਨ ਸਯਾਨੀ ਨੇ 1951 ਵਿਚ ਆਲ ਇੰਡੀਆ ਰੇਡੀਉ ਮੁੰਬਈ ਵਿਖੇ ਨੌਕਰੀ ਸ਼ੁਰੂ ਕੀਤੀ ਤੇ ਸ਼ੁਰੂਆਤੀ ਦੋ ਸਾਲ ਉਸ ਨੇ ਇੰਗਲਿਸ਼ ਪ੍ਰੋਗਰਾਮ ਪੇਸ਼ ਕੀਤੇ। ਪਰ ਉਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਬਿਨਾਕਾ ਗੀਤ ਮਾਲਾ ਤੋਂ ਮਿਲੀ। ਇਸ ਪ੍ਰੋਗਰਾਮ ਤੋਂ ਇਲਾਵਾ ਉਸ ਨੇ ਆਲ ਇੰਡੀਆ ਰੇਡੀਉ 'ਤੇ ਐੱਸ. ਕੁਮਾਰ ਕਾ ਫਿਲਮੀ ਮੁਕਾਬਲਾ, ਸੈਰੀਡਾਨ ਕੇ ਸਾਥੀ, ਬੋਰਨਵੀਟਾ ਕੁਵਿਜ਼ ਮੁਕਾਬਲਾ, ਸਿਤਾਰੋਂ ਕੀ ਪਸੰਦ, ਮਹਿਕਤੀ ਬਾਤੇਂ ਅਤੇ ਸੰਗੀਤ ਕੇ ਸਿਤਾਰੋਂ ਕੀ ਮਹਿਫਲ ਆਦਿ ਅਨੇਕਾਂ ਸਫਲ ਪ੍ਰੋਗਰਾਮ ਪੇਸ਼ ਕੀਤੇ। ਭਾਰਤ ਤੋਂ ਇਲਾਵਾ ਉਸ ਨੇ ਅਮਰੀਕਾ, ਕੈਨੇਡਾ, ਮਾਰੀਸ਼ੀਅਸ, ਦੱਖਣੀ ਅਫਰੀਕਾ, ਡੁਬਈ, ਫਿਜ਼ੀ ਅਤੇ ਨਿਊਜ਼ੀਲੈਂਡ ਆਦਿ ਕਈ ਦੇਸ਼ਾਂ ਦੇ ਰੇਡੀਉ ਸਟੇਸ਼ਨਾਂ 'ਤੇ ਵੀ ਪ੍ਰੋਗਰਾਮ ਪੇਸ਼ ਕੀਤੇ ਹਨ। ਰੇਡੀਉ ਤੋਂ ਇਲਾਵਾ ਉਹ ਸਟੇਜ਼ ਪ੍ਰੋਗਰਾਮ ਪੇਸ਼ ਕਰਨ ਦਾ ਵੀ ਮਾਹਰ ਸੀ ਤੇ ਉਸ ਨੇ 2100 ਦੇ ਕਰੀਬ ਸੁੰਦਰਤਾ ਮੁਕਾਬਲੇ, ਫੈਸ਼ਨ ਸ਼ੋਅ, ਇਨਾਮ ਵੰਡ ਸਮਾਰੋਹ, ਫਿਲਮ ਸਿਲਵਰ - ਗੋਲਡਨ ਜੁਬਲੀ ਸ਼ੋਅ ਤੇ ਸੈਮੀਨਾਰ ਆਦਿ ਪੇਸ਼ ਕੀਤੇ। ਉਹ ਹੁਣ ਤੱਕ ਰੇਡੀਉ 'ਤੇ ਕਰੀਬ 54000 ਵਾਰ ਪ੍ਰੋਗਰਾਮ ਪੇਸ਼ ਕਰ ਚੁੱਕਾ ਹੈ, ਜਿਸ ਕਾਰਨ ਉਸ ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡਜ਼ ਵਿਚ ਦਰਜ਼ ਹੈ। ਉਹ ਭਾਰਤ ਦਾ ਵਾਹਿਦ ਰੇਡੀਉ ਪੇਸ਼ਕਰਤਾ ਹੈ, ਜਿਸ ਦੇ ਬੋਲਣ ਦੇ ਅੰਦਾਜ਼ ਦੀ ਸਭ ਤੋਂ ਵੱਧ ਨਕਲ ਕੀਤੀ ਜਾਂਦੀ ਹੈ। ਉਸ ਨੂੰ 2007 ਵਿਚ ਹਿੰਦੀ ਰਤਨ ਪੁਰਸਕਾਰ ਅਤੇ 2009 ਵਿਚ ਪਦਮ ਸ਼੍ਰੀ ਅਵਾਰਡ ਸਮੇਤ ਸੈਂਕੜੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਵਾਰਡ ਤੇ ਇਨਾਮ ਇਕਰਾਮ ਹਾਸਲ ਹੋ ਚੁੱਕੇ ਹਨ। ਅਖੀਰ ਉਹ ਕੁਦਰਤ ਦੇ ਅਟੱਲ ਨਿਯਮ ਮੁਤਾਬਕ 20 ਫਰਵਰੀ, 2024 ਵਾਲੇ ਦਿਨ 92 ਸਾਲ ਦੀ ਉਮਰ ਭੋਗ ਕੇ ਪ੍ਰਲੋਕ ਸਿਧਾਰ ਗਿਆ।

# ਚੜ੍ਹਦੀ ਜਵਾਨੀ ਵਿਚ ਪੰਜਾਬੀ ਫ਼ਿਲਮ ਗਾਇਕ ਬਣਿਆ ਯਮਲੇ ਜੱਟ ਦਾ ਸ਼ਾਗਿਰਦ ਰਮੇਸ਼ ਲੁਧਿਆਣਵੀ

ਤਰਤੀਬ ਤੇ ਪੇਸ਼ਕਸ਼ :
ਅੰਮ੍ਰਿਤ ਪਵਾਰ
ਪੰਜਾਬ ਮੇਲ USA




ਰਮੇਸ਼ ਲੁਧਿਆਣਵੀ।



ਸਵਰਗੀ ਮੋਹੰਮਦ ਰਫੀ ਨਾਲ ਰਮੇਸ਼।



ਮੁੰਬਈ ਫਿਲਮ ਰਿਕਾਰਡਿੰਗ ਸਮੇਂ ਰਮੇਸ਼ ਲੁਧਿਆਣਵੀ।



ਰਿਕਾਰਡਿੰਗ ਸਮੇਂ ਰਮੇਸ਼ ਲੁਧਿਆਣਵੀ।

ਜਦ ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਤੇ ਮੋਹੰਮਦ ਸਦੀਕ ਲੁਧਿਆਣਾ ਮੰਡੀ ਗਾਇਕੀ ਦੀ ਦੇ ਰਾਜੇ ਤੇ ਪੰਜਾਬੀ ਗਾਇਕੀ ਦੇ ਸੁਪਰ ਸਟਾਰ ਗਾਇਕ ਸਨ, ਤਦ ਲੁਧਿਆਣਾ ਦੇ ਹੀ ਜਵਾਹਰ ਨਗਰ ਕੈਂਪ ਆਮ ਜਿਹੇ ਇਲਾਕੇ ਵਿਚੋ ਮੁੱਛ ਫੁੱਟਦੀ ਵਿਚ ਗੱਭਰੂ ਗਾਇਕ ਨਿਕਲਿਆ ਸੀ ਪਰ ਉਸ ਦਾ ਗਾਇਕੀ ਟਰੈਕ ਅਲੱਗ ਸੀ। ਨਾਮ ਉਸ ਦਾ ਰਮੇਸ਼ ਲੁਧਿਆਣਵੀ ਤੇ ਤਦ ਬੰਬੇ ਜਾ ਕਿ ਉਹ ਫ਼ਿਲਮਾਂ ਲਈ ਗਾ ਰਿਹਾ ਸੀ। ਸ਼ਿੰਦਾ, ਸਦੀਕ, ਮਾਣਕ ਬਾਅਦ ਵਿਚ ਫਿਲਮੀ ਗਾਇਕੀ ਵਿਚ ਆਏ, ਤਦ ਤੱਕ ਰਮੇਸ਼ ਨੇ ਕਈ ਫ਼ਿਲਮਾਂ ਲਈ ਪਲੇਅ ਬੈਕ ਦੇ ਦਿੱਤਾ ਸੀ। ਲਾਲ ਚੰਦ ਯਮਲਾ ਜੱਟ ਦੇ ਭਤੀਜੇ ਲੱਗਦੇ ਰਮੇਸ਼ ਲੁਧਿਆਣਵੀ ਨੇ ਸੰਗੀਤ ਉਨ੍ਹਾਂ ਤੋਂ ਹੀ ਸਿੱਖਿਆ ਤੇ ਫਿਰ "ਸੋਹਣੀ ਮਹੀਂਵਾਲ" ਫਿਲਮ ਵਿਚ ਸਦਾਬਹਾਰ ਗਾਇਕ ਮੋਹਮੰਦ ਰਫ਼ੀ ਨਾਲ ਗਾਉਣ ਦਾ ਰਿਕਾਰਡ ਬਣਾ ਲਿਆ। ਇੱਧਰ ਪੰਜਾਬ ਆ ਕੇ ਕੈਸਟਾਂ ਤੇ ਸੀ.ਡੀ. ਵੀ ਉਸ ਦੀ ਆਵਾਜ਼ ਵਿਚ ਆਈਆਂ ਤੇ ਨਾਲ ਹੀ ਉਸ ਦੀ ਗਾਇਕੀ ਸੁਣ ਉਸ ਨੂੰ ਭਾਰਤੀ ਫ਼ੌਜ ਵਿਚ ਨੌਕਰੀ ਵੀ ਮਿਲੀ। ਇਹ ਅਹਿਮ ਪ੍ਰਾਪਤੀ ਸੀ ਤੇ ਫਿਰ "ਸ਼ਾਮੋ ਨਾਰ" ਦੇ ਕਿੱਸੇ ਤੋਂ "ਕਰਫਿਊ" ਤੱਕ ਰਮੇਸ਼ ਦੇ ਗਾਏ ਕਈ ਗੀਤ ਹਿੱਟ ਹੋਏ। ਫਿਰ ਉਸ ਨੇ "ਸੰਜੋਗੀ ਮੇਲੇ" ਤੋਂ "ਰੁੱਤ ਪਿਆਰ ਦੀ", "ਵਿਸਫੋਟ", "ਜੋਰਾ ਜੱਟ" ਫ਼ਿਲਮਾਂ ਲਈ ਗੀਤ ਗਾਏ। ਫਿਲਮੀ ਗਾਇਕਾ ਦਿਲਰਾਜ ਕੌਰ ਤੇ ਜਸਪਾਲ ਸਿੰਘ ਨਾਲ ਗਾਇਆ ਤੇ ਅਹਿਮ ਕਿ ਆਕਾਸ਼ਵਾਣੀ ਜਲੰਧਰ ਤੋਂ ਪ੍ਰਵਾਣਿਤ ਕਲਾਕਾਰ ਬਣ ਕੇ ਦੂਰਦਰਸ਼ਨ ਜਲੰਧਰ ਲਈ ਵੀ ਗਾਇਨ ਸ਼ੁਰੂ ਕੀਤਾ। ਦਿੱਲੀ ਦੂਰਦਰਸ਼ਨ, ਹਿਸਾਰ ਤੇ ਸ਼ਿਮਲਾ ਦੂਰਦਰਸ਼ਨ ਨੇ ਰਮੇਸ਼ ਦੇ ਗੀਤ ਪ੍ਰਸਾਰਿਤ ਕੀਤੇ। ਪਿਛਲੇ 36 ਸਾਲ ਤੋ ਉਹ ਰੇਡੀਓ, ਟੀ.ਵੀ. 'ਤੇ ਗਾ ਰਿਹਾ ਹੈ। ਇਸ ਦੌਰਾਨ ਉਸ ਨੇ ਗੀਤ, ਲੋਕ ਗੀਤ ਤੇ ਦੋਗਾਣੇ ਵੀ ਗਾਏ ਤੇ ਵੱਡੀ ਗੱਲ ਕਿ ਰਾਜਕਪੂਰ ਦੀ ਹਾਜ਼ਰੀ ਵਿਚ ਮੁੰਬਈ ਵਿਖੇ ਆਪਣੀ ਗਾਇਕੀ ਦਾ ਜਾਦੂ ਬਿਖੇਰ ਕੇ ਮੌਜੂਦ ਰਿਸ਼ੀ ਕਪੂਰ, ਸ਼ਤਰੂਘਨ ਸਿਨ੍ਹਾ ਤੇ ਟੀਨਾ ਅੰਬਾਨੀ ਨੂੰ ਪ੍ਰਭਾਵਿਤ ਕੀਤਾ, ਤਦ ਉਹ ਟੀਨਾ ਮੁਨੀਮ ਸੀ। ਰਮੇਸ਼ ਨੇ ਪੰਜਾਬੀ ਫਿਲਮ "ਜੱਟੀ ਜੰਮੇ ਸੂਰਮੇ" ਲਈ ਗੀਤ ਗਾਏ। ਡੋਗਰੀ ਤੇ "ਚੇਤਨਾ" ਨਾਮ ਦੀ ਫਿਲਮ ਲਈ ਵੀ ਗਾਇਆ। ਬਹੁਤ ਸਾਰੇ ਸਨਮਾਨ ਮਿਲੇ ਤੇ "ਰਾਜਕਪੂਰ ਐਵਾਰਡ", "ਕਿਸ਼ੋਰ ਕੁਮਾਰ ਐਵਾਰਡ" ਇਨ੍ਹਾਂ ਵਿਚ ਪ੍ਰਮੁੱਖ ਹਨ। ਰਮੇਸ਼ ਲੁਧਿਆਣਵੀ ਨੇ ਦੇਸ਼ ਹੀ ਨਹੀਂ, ਵਿਦੇਸ਼ ਇੰਗਲੈਂਡ, ਸਿੰਗਾਪੁਰ ਵਿਖੇ ਵੀ ਸ਼ੋਅ ਕੀਤੇ ਹਨ। ਕੁੱਝ ਫ਼ਿਲਮਜ਼ ਵਿਚ ਐਕਟਿੰਗ ਵੀ ਕੀਤੀ ਤੇ ਆ ਰਹੀ ਫਿਲਮ "ਇਸ਼ਕ ਮੁਹੱਬਤ", "ਮੈਂ ਤੇਰੀ ਤੂੰ ਮੇਰਾ" ਤੇ "ਜ਼ਮੀਰ" ਵਿਚ ਉਸ ਦੇ ਗਾਏ ਗੀਤ ਆਉਣ ਵਾਲੇ ਹਨ। ਰਮੇਸ਼ ਲੁਧਿਆਣਵੀ ਪਰਿਵਾਰ ਸਮੇਤ ਲੁਧਿਆਣਾ ਮਾਡਲ ਟਾਊਨ ਰਹਿ ਰਹੇ ਹਨ ਤੇ ਉਨ੍ਹਾਂ ਦਾ ਬੇਟਾ ਡੀ.ਜੇ. ਰੀਂਕਸ ਸੰਗੀਤਕਾਰ ਹੈ। ਰਮੇਸ਼ ਲੁਧਿਆਣਵੀ ਨੇ ਕਿਹਾ ਕਿ ਫਿਲਮੀ ਗਾਇਕ ਬਣ ਕੇ ਵਿਚਰਨਾ ਮਾਣ ਵਾਲੀ ਗੱਲ ਹੈ। "ਕਿਸੇ ਦੀ ਨਾ ਟੁੱਟੇ ਰੱਬਾ, ਜਿਵੇਂ ਸਾਡੀ ਟੁੱਟ ਗਈ" ਉਸ ਦਾ ਗਾਇਆ ਗੀਤ ਜਲਦੀ ਐਲਬਮ ਬਣ ਆ ਰਿਹਾ ਹੈ। ਤਮੰਨਾ ਇਹੀ ਕਿ ਜ਼ਿੰਦਗੀ ਦੇ ਅੰਤਿਮ ਸਾਹ ਤੱਕ ਸੁਰ ਸਾਥ ਦਿੰਦੀ ਰਹੇ ਤੇ ਜ਼ਿੰਦਗੀ ਫਿਲਮੀ ਗਾਇਕੀ ਲੇਖੇ ਹੀ ਲੱਗੇ। ਆਮੀਨ।

# ਬੁਢਾਪੇ ਨੂੰ ਆਨੰਦਮਈ ਬਣਾਉਣਾ ਬਜ਼ੁਰਗਾਂ ਦੇ ਆਪਣੇ ਹੱਥ ਵਿਚ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA





ਇੱਕ 93 ਸਾਲਾ ਆਪਣੇ ਦੋਸਤ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ।

ਬੁਢਾਪੇ ਨੂੰ ਆਨੰਦਮਈ ਬਣਾਉਣਾ ਬਜ਼ੁਰਗਾਂ ਦੇ ਆਪਣੇ ਹੱਥ ਵਿਚ ਹੈ। ਜਵਾਨੀ ਵਿਚ ਮਾਣੇ ਸੁੱਖਾਂ-ਦੁੱਖਾਂ ਨੂੰ ਭੁੱਲਣਾ ਹੋਵੇਗਾ। ਬੀਤੇ ਦੀਆਂ ਗੱਲਾਂ ਨੂੰ ਵਰਤਮਾਨ ਵਿਚ ਪ੍ਰਾਪਤ ਕਰਨਾ ਭੁੱਲ ਹੋਵੇਗੀ, ਜੋ ਲੰਘ ਗਿਆ ਉਸ ਨੂੰ ਮੁੜ ਕੇ ਚਿਤਵਣ ਦੀ ਲੋੜ ਨਹੀਂ। ਵਰਤਮਾਨ ਵਿਚ ਜੀਵੋ। ਜੇਕਰ ਬੁਢਾਪਾ ਸੁਖੀ ਬਣਾਉਣਾ ਹੈ, ਤਾਂ ਵਰਤਮਾਨ ਦਾ ਆਨੰਦ ਮਾਣਨ ਦੀ ਕੋਸ਼ਿਸ਼ ਕਰੋ। ਭਵਿੱਖ ਬਾਰੇ ਵੀ ਸੋਚਣਾ ਛੱਡ ਦਿਓ। ਖ਼ੁਸ਼ੀ-ਗ਼ਮੀ, ਦੁੱਖ-ਸੁੱਖ ਅਤੇ ਪਿਆਰ-ਘਿਰਣਾ ਇਨ੍ਹਾਂ ਤਿੰਨਾਂ ਨੂੰ ਮਹਿਸੂਸ ਕਰਨਾ ਇਨਸਾਨ ਦੇ ਅਹਿਸਾਸਾਂ 'ਤੇ ਨਿਰਭਰ ਕਰਦਾ ਹੈ। ਇਨਸਾਨ ਜਿਸ ਤਰ੍ਹਾਂ ਮਹਿਸੂਸ ਕਰੇਗਾ, ਉਸੇ ਤਰ੍ਹਾਂ ਦਾ ਹੀ ਪ੍ਰਭਾਵ ਉਸ ਦੇ ਵਿਵਹਾਰ 'ਤੇ ਪਵੇਗਾ। ਉਸ ਦੇ ਵਿਵਹਾਰ ਤੋਂ ਹੀ ਸਮਾਜ ਇਨਸਾਨ ਦੀ ਪ੍ਰਤਿਭਾ ਅਤੇ ਵਿਅਕਤੀਤਵ ਬਾਰੇ ਦ੍ਰਿਸ਼ਟੀਕੋਣ ਬਣਾਏਗਾ। ਇਸ ਲਈ ਬੁਢਾਪੇ ਬਾਰੇ ਜਿਸ ਪ੍ਰਕਾਰ ਇਨਸਾਨ ਮਹਿਸੂਸ ਕਰੇਗਾ, ਉਸੇ ਪ੍ਰਕਾਰ ਉਸਦਾ ਪ੍ਰਭਾਵ ਬਣੇਗਾ। ਬੁਢਾਪਾ ਇੱਕ ਅਟੱਲ ਸੱਚਾਈ ਹੈ, ਹਰ ਇਕ ਇਨਸਾਨ 'ਤੇ ਆਉਣਾ ਹੈ, ਜਿਵੇਂ ਜਵਾਨੀ ਆਉਂਦੀ ਹੈ। ਬੁਢਾਪੇ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰਨਾ ਚਾਹੀਦਾ ਹੈ। ਬੁਢਾਪੇ ਦਾ ਆਨੰਦ ਜਵਾਨੀ ਨਾਲੋਂ ਵਧੇਰੇ ਹੁੰਦਾ ਹੈ। ਜਵਾਨੀ ਵਿਚ ਜ਼ਿੰਮੇਵਾਰੀਆਂ ਦੇ ਅਨੇਕਾਂ ਖਲਜਗਣ ਹੁੰਦੇ ਹਨ। ਬਚਪਨ ਵਿਚ ਬਾਪੂ ਦੇ ਮੋਢਿਆਂ 'ਤੇ ਬੈਠ ਕੇ ਮਾਣੇ ਆਨੰਦ ਨੂੰ ਯਾਦ ਕਰਕੇ ਆਪਣੇ ਪੋਤੇ-ਪੋਤਰੀਆਂ ਤੇ ਦੋਹਤੇ-ਦੋਹਤੀਆਂ ਨੂੰ ਆਪਣੇ ਮੋਢਿਆਂ ਦਾ ਆਨੰਦ ਮਾਨਣ ਦਾ ਮੌਕਾ ਦਿਓ। ਇਹੋ ਬੁਢਾਪੇ ਦੀ ਜ਼ਿੰਦਗੀ ਦਾ ਖ਼ੁਸ਼ਗਵਾਰ ਸਮਾਂ ਹੁੰਦਾ ਹੈ, ਜਦੋਂ ਬੱਚਿਆਂ ਵਿਚ ਬੱਚਾ ਬਣਕੇ ਵਿਚਰਿਆ ਜਾ ਸਕਦਾ ਹੈ। ਇਹ ਇਨਸਾਨੀ ਜ਼ਿੰਦਗੀ ਦੀ ਲਗਾਤਰਤਾ ਦੀ ਪ੍ਰਕਿਰਿਆ ਹੈ। ਇਸ ਲਈ ਬੁਢਾਪੇ ਦਾ ਖਿੜ੍ਹੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ। ਬੁਢਾਪੇ ਵਿਚ ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖਣਾ ਚਾਹੀਦਾ ਹੈ। ਜੇ ਹੋਰ ਕੁਝ ਨਹੀਂ ਕਰ ਸਕਦੇ, ਤਾਂ ਘੱਟੋ-ਘੱਟ ਸਵੇਰੇ ਸ਼ਾਮ ਸੈਰ ਕਰਨੀ ਚਾਹੀਦੀ ਹੈ। ਦੋਸਤਾਂ, ਮਿੱਤਰਾਂ ਨਾਲ ਮਹਿਫ਼ਲਾਂ ਕਰਨੀਆਂ ਚਾਹੀਦੀਆਂ ਹਨ। ਜੇ ਹੋ ਸਕੇ, ਬਚਪਨ ਅਤੇ ਜਵਾਨੀ ਪਹਿਰੇ ਦੇ ਦੋਸਤਾਂ ਨਾਲ ਸੰਪਰਕ ਰੱਖੋ। ਅੱਜਕਲ੍ਹ ਤਾਂ ਸੋਸ਼ਲ ਮੀਡੀਏ ਦਾ ਯੁੱਗ ਹੈ। ਸੋਸ਼ਲ ਮੀਡੀਆ ਸੀਨੀਅਰ ਸਿਟੀਜ਼ਨਜ਼ ਲਈ ਸਹਾਇਕ ਹੋ ਸਕਦਾ ਹੈ। ਟੈਲੀਫ਼ੋਨ 'ਤੇ ਤਾਲਮੇਲ ਰੱਖੋ, ਵੀਡੀਓ ਕਾਲ ਕਰੋ। ਵਿਹਲਾ ਇਨਸਾਨ ਮਾਯੂਸ ਹੁੰਦਾ ਹੈ। ਆਪਣੀ ਔਲਾਦ ਤੋਂ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ ਕਿਉਂਕਿ ਸਮਾਂ ਅਣਕਿਆਸਾ ਬਦਲ ਗਿਆ ਹੈ। ਔਲਾਦ ਆਪੋ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਰੁੱਝੀ ਹੋਈ ਹੈ। ਔਲਾਦ ਦੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਾ ਕਰੋ। ਆਪਣੇ ਸਮੇਂ ਦੀਆਂ ਪ੍ਰੰਪਰਾਵਾਂ ਅਤੇ ਨਿਯਮਾਂ ਨੂੰ ਬਦਲੇ ਹੋਏ ਸਮੇਂ ਵਿਚ ਲਾਗੂ ਕਰਨ ਦੀ ਕੋਸ਼ਿਸ਼ ਨਾ ਕਰੋ। ਆਪਣੀ ਸਿਹਤ ਅਨੁਸਾਰ ਸਮਾਜ ਸੇਵਾ ਕਰਨੀ ਚਾਹੀਦੀ ਹੈ। ਜ਼ਿੰਦਗੀ ਵੈਸੇ ਵੀ ਜੱਦੋ-ਜਹਿਦ ਦਾ ਦੂਜਾ ਨਾਮ ਹੈ। ਸੁੱਖ ਦਾ ਅਹਿਸਾਸ ਦੁੱਖ ਤੋਂ ਬਾਅਦ ਅਤੇ ਦੁੱਖ ਦਾ ਅਹਿਸਾਸ ਸੁੱਖ ਤੋਂ ਬਾਅਦ ਹੁੰਦਾ ਹੈ। ਇਸ ਲਈ ਦੁੱਖ ਅਤੇ ਸੁੱਖ ਇਕ ਸਿੱਕੇ ਦੇ ਦੋ ਪਾਸੇ ਹਨ। ਇਨ੍ਹਾਂ ਦੋਹਾਂ ਪਾਸਿਆਂ ਨੂੰ ਟਣਕਾਓ, ਫਿਰ ਵੇਖੋ ਕਿਸ ਤਰ੍ਹਾਂ ਦਾ ਸੰਗੀਤ ਨਿਕਲੇਗਾ। ਇਨ੍ਹਾਂ ਦੋਹਾਂ ਨੇ ਜ਼ਿੰਦਗੀ ਵਿਚ ਆਉਣਾ ਹੀ ਹੈ। ਇਸ ਲਈ ਉਨ੍ਹਾਂ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ।


ਸੁੱਖ ਅਤੇ ਦੁੱਖ ਵੀ ਇਕ ਸਿੱਕੇ ਦੇ ਦੋਵੇਂ ਪਾਸੇ ਹਨ। ਇਨਸਾਨ ਨੇ ਖ਼ੁਦ ਫ਼ੈਸਲਾ ਕਰਨਾ ਹੈ ਕਿ ਉਸ ਦਾ ਜੀਵਨ ਵਰਦਾਨ ਹੈ ਜਾਂ ਸਰਾਪ। ਬਜ਼ੁਰਗਾਂ ਅਤੇ ਉਨ੍ਹਾਂ ਦੇ ਬੱਚਿਆਂ ਵਿਚ ਜਨਰੇਸ਼ਨ ਗੈਪ ਹੁੰਦਾ ਹੈ। ਬਜ਼ੁਰਗਾਂ ਦੇ ਸਮੇਂ, ਸਥਾਨ, ਹਾਲਾਤ, ਸਾਧਨ, ਲੋੜਾਂ ਅਤੇ ਪ੍ਰਾਪਤੀਆਂ ਪੁਰਾਣੇ ਜ਼ਮਾਨੇ ਅਨੁਸਾਰ ਹੁੰਦੀਆਂ ਹਨ। ਵਰਤਮਾਨ ਸਮੇਂ ਇਹ ਸਾਰਾ ਕੁਝ ਹੀ ਬਦਲ ਗਿਆ ਹੈ। ਇਸ ਲਈ ਕੁਦਰਤੀ ਹੈ ਕਿ ਨਵੀਂ ਪੀੜ੍ਹੀ ਦੀ ਸੋਚ ਅੱਜ ਦੇ ਆਧੁਨਿਕ ਤਕਨਾਲੋਜੀ ਦੇ ਜ਼ਮਾਨੇ ਅਨੁਸਾਰ ਹੋਵੇਗੀ। ਜਿਵੇਂ ਸਮੇਂ ਦੇ ਬਦਲਣ ਅਤੇ ਆਧੁਨਿਕਤਾ ਵਿਚ ਤੇਜੀ ਨਾਲ ਵਾਧਾ ਹੋਣ ਕਰਕੇ ਨਵੀਂਆਂ ਖੋਜਾਂ ਦਾ ਅਸਰ ਹੋ ਰਿਹਾ ਹੈ। ਉਸੇ ਤਰ੍ਹਾਂ ਨੌਜਵਾਨ ਪੀੜ੍ਹੀ ਦੇ ਵਿਚਾਰਾਂ ਅਤੇ ਵਿਵਹਾਰ ਵਿਚ ਤਬਦੀਲੀ ਆ ਰਹੀ ਹੈ। ਬਜ਼ੁਰਗਾਂ ਨੂੰ ਇਸ ਤਬਦੀਲੀ ਨਾਲ ਅਡਜਸਟ ਕਰਨਾ ਪਵੇਗਾ। ਬਹੁਤੀਆਂ ਉਮੀਦਾਂ ਨਾ ਪਾਲੋ। ਬਜ਼ੁਰਗ ਆਪਣੀ ਔਲਾਦ ਨੂੰ ਆਪਣੀ ਸੋਚ ਮੁਤਾਬਕ ਚਲਾਉਣਾ ਅਤੇ ਵਿਵਹਾਰ ਕਰਨ 'ਤੇ ਜ਼ੋਰ ਪਾਉਂਦੇ ਹਨ, ਜੋ ਵਰਤਮਾਨ ਸਮੇਂ ਸੰਭਵ ਹੀ ਨਹੀਂ ਕਿਉਂਕਿ ਇੰਟਰਨੈੱਟ ਨੇ ਹਾਲਾਤ ਹੀ ਬਦਲ ਕੇ ਰੱਖ ਦਿੱਤੇ। ਬਜ਼ੁਰਗ ਆਪਣੇ ਮਾਪਿਆਂ ਦੇ ਸਮੇਂ ਨੂੰ ਭੁੱਲ ਜਾਣ, ਜਦੋਂ ਸਾਰਾ ਪਰਿਵਾਰ ਇਕ ਚੁੱਲ੍ਹੇ ਦੇ ਮੂਹਰੇ ਪੀੜ੍ਹੀਆਂ 'ਤੇ ਬੈਠਕੇ ਰੋਟੀ ਖਾਂਦਾ ਸੀ। ਇਕੋ ਵੱਡੇ ਹਾਲ ਕਮਰੇ ਜਿਸ ਨੂੰ ਦਲਾਨ ਕਹਿੰਦੇ ਸਨ, ਵਿਚ ਸੌਂ ਜਾਂਦਾ ਸੀ। ਅੱਜਕੱਲ੍ਹ ਇੰਟਰਨੈੱਟ ਦੇ ਜ਼ਮਾਨੇ ਵਿਚ ਬੱਚੇ ਆਪੋ ਆਪਣੇ ਕਮਰਿਆਂ ਵਿਚ ਮੋਬਾਈਲ ਲਈ ਬੈਠੇ ਹੁੰਦੇ ਹਨ। ਆਪਣੇ ਦੋਸਤਾਂ ਨਾਲ ਚੋਹਲ-ਮੋਹਲ ਕਰ ਰਹੇ ਹੁੰਦੇ ਹਨ। ਉਹ ਪਰਿਵਾਰ ਵਿਚ ਬੈਠਕੇ ਰੋਟੀ ਨਹੀਂ ਖਾਂਦੇ ਅਤੇ ਆਪੋ ਆਪਣੇ ਕਮਰੇ ਵਿਚ ਸੌਂਦੇ ਹਨ। ਬਜ਼ੁਰਗ ਇਹ ਆਸ ਲਾਈ ਬੈਠੇ ਰਹਿੰਦੇ ਹਨ ਕਿ ਬੱਚੇ ਉਨ੍ਹਾਂ ਦੇ ਕੋਲ ਆ ਕੇ ਬੈਠਣਗੇ, ਦੁੱਖ-ਸੁੱਖ ਸਾਂਝਾ ਕਰਨਗੇ ਪ੍ਰੰਤੂ ਇਹ ਸਾਰਾ ਕੁਝ ਅਸੰਭਵ ਹੋ ਗਿਆ ਹੈ। ਇਸ ਲਈ ਬਜ਼ੁਰਗਾਂ ਨੂੰ ਸਮੇਂ ਮੁਤਾਬਕ ਬਦਲਣਾ ਪਵੇਗਾ। ਇਸ ਦੇ ਨਾਲ ਹੀ ਔਲਾਦ ਨੂੰ ਵੀ ਥੋੜ੍ਹਾ ਬਜ਼ੁਰਗਾਂ ਅਨੁਸਾਰ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਦੋਵੇਂ ਹਾਲਾਤ ਨਾਲ ਅਡਜਸਟ ਕਰਨ ਦੀ ਕੋਸ਼ਿਸ਼ ਕਰਨਗੇ, ਤਾਂ ਬਜ਼ੁਰਗਾਂ ਦਾ ਬੁਢਾਪਾ ਵਰਦਾਨ ਬਣ ਸਕਦਾ ਹੈ। ਜੇਕਰ ਦੋਹਾਂ ਵਿਚੋਂ ਇਕ ਵੀ ਅਡਜਸਟ ਨਹੀਂ ਕਰੇਗਾ, ਤਾਂ ਬੁਢਾਪਾ ਸਰਾਪ ਹੀ ਹੋਵੇਗਾ। ਫ਼ੈਸਲਾ ਦੋਹਾਂ ਦੇ ਹੱਥ ਵਿਚ ਹੈ। ਰਹਿੰਦੀ-ਖ਼ੂੰਹਦੀ ਕਸਰ ਬਜ਼ੁਰਗਾਂ ਲਈ ਬਣੇ ਬਿਰਧ ਆਸ਼ਰਮਾ ਅਤੇ ਪਰਵਾਸ ਵਿਚ ਪੜ੍ਹਨ ਜਾਣ ਦੇ ਬਹਾਨੇ ਵਿਦੇਸ਼ਾਂ ਵਿਚ ਸੈਟਲ ਹੋਣ ਨੇ ਕੱਢ ਦਿੱਤੀ ਹੈ। ਮਾਪੇ ਇਕੱਲਤਾ ਮਹਿਸੂਸ ਕਰਦੇ ਹੋਏ ਜੀਵਨ ਬਸਰ ਕਰ ਰਹੇ ਹਨ। ਇਕ ਹੋਰ ਕਾਰਨ ਨਸ਼ਿਆਂ ਦੀ ਵਰਤੋਂ ਹੈ। ਨਸ਼ਿਆਂ ਨੇ ਬਜ਼ੁਰਗਾਂ ਅਤੇ ਨੌਜਵਾਨਾ ਵਿਚ ਖਿੱਚੋਤਾਣ ਪੈਦਾ ਕਰ ਦਿੱਤੀ ਹੈ ਕਿਉਂਕਿ ਸਖ਼ਤ ਮਿਹਨਤਾਂ ਨਾਲ ਬਣਾਈ ਜਾਇਦਾਦ ਨੂੰ ਨਸ਼ੱਈ ਬੱਚੇ ਵੇਚਣ ਲਈ ਮਜਬੂਰ ਕਰਦੇ ਹਨ। ਔਲਾਦ ਨੂੰ ਇਕ ਗੱਲ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਨਿੱਜੀ ਹਿੱਤਾਂ ਨੂੰ ਅੱਖੋਂ-ਪਰੋਖੇ ਕਰਕੇ ਜ਼ਮੀਨੀ ਪੱਧਰ 'ਤੇ ਜੱਦੋ-ਜਹਿਦ ਕਰਕੇ ਪਰਿਵਾਰਾਂ ਦੀ ਪਾਲਣ-ਪੋਸ਼ਣ ਕੀਤੀ ਹੈ। ਆਪਣੀ ਔਲਾਦ ਲਈ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਹੁੰਦੀ ਹੈ। ਜਿਸ ਕਰਕੇ ਔਲਾਦ ਦਾ ਭਵਿੱਖ ਸੁਨਹਿਰਾ ਬਣਿਆਂ ਹੁੰਦਾ ਹੈ। ਵਰਤਮਾਨ ਸਮੇਂ ਵਿਚ ਰਸਾਇਣਕ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਖਾਦ ਪਦਾਰਥਾਂ ਵਿਚ ਮਿਲਾਵਟ ਨੇ ਇਨਸਾਨ ਦੀ ਮਾਨਸਿਕਤਾ 'ਤੇ ਗਹਿਰਾ ਪ੍ਰਭਾਵ ਪਾਇਆ ਹੈ। ਇਹ ਚੀਜ਼ਾਂ ਸਿਹਤ ਲਈ ਹਾਨੀਕਾਰਕ ਤਾਂ ਹਨ ਹੀ, ਪ੍ਰੰਤੂ ਇਸਨਾਨ ਦੇ ਸੁਭਾਅ ਵਿਚ ਗਰਮੀਜੋਸ਼ੀ ਪੈਦਾ ਕਰਦੀਆਂ ਹਨ। ਜਿਸ ਕਰਕੇ ਬੱਚਿਆਂ ਅਤੇ ਮਾਪਿਆਂ ਵਿਚ ਤਲਖ਼ ਕਲਾਮੀ ਹੋ ਰਹੀ ਹੈ। ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿਚ ਬੱਚੇ ਮਾਪਿਆਂ ਨੂੰ ਗੁੱਸੇ ਵਿਚ ਆ ਕੇ ਮੌਤ ਦੇ ਘਾਟ ਉਤਾਰ ਦਿੰਦੇ ਹਨ। ਬਹੁਤੇ ਝਗੜੇ ਜ਼ਮੀਨ-ਜਾਇਦਾਦ ਦੇ ਹੁੰਦੇ ਹਨ। ਨਸ਼ਿਆਂ ਨੇ ਤਾਂ ਸਾਡੀ ਨੌਜਵਾਨੀ ਤਬਾਹ ਹੀ ਕਰ ਦਿੱਤੀ ਹੈ। ਕਈ ਲੜਕੇ ਆਪਣੇ ਮਾਪਿਆਂ ਨੂੰ ਨਸ਼ੇ ਲਈ ਪੈਸੇ ਮੰਗਣ ਕਰਕੇ ਹੀ ਮਾਰ ਦਿੰਦੇ ਹਨ। ਕਈ ਕੇਸ ਅਜਿਹੇ ਵੀ ਸਾਹਮਣੇ ਆਏ ਹਨ ਕਿ ਮਾਪਿਆਂ ਨੇ ਪੁੱਤਰਾਂ ਦੇ ਕਤਲ ਕਰ ਦਿੱਤੇ ਹਨ। ਮਾਪਿਆਂ ਨੂੰ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਉਹ ਬੁਰੀ ਸੰਗਤ ਵਿਚ ਪੈ ਕੇ ਗ਼ਲਤ ਰਸਤਾ ਨਾ ਅਖਤਿਆਰ ਕਰਨ। ਮਾਪੇ ਆਪ ਬੱਚਿਆਂ ਦੀ ਅਜਿਹੀ ਹਾਲਤ ਦੇ ਖ਼ੁਦ ਜ਼ਿੰਮੇਵਾਰ ਹਨ ਕਿਉਂਕਿ ਉਹ ਇੰਟਰਨੈੱਟ ਦੀ ਖ਼ੁਦ ਵਰਤੋਂ ਕਰਦਿਆਂ ਬੱਚਿਆਂ ਵੱਲੋਂ ਬੇਪ੍ਰਵਾਹ ਹੋ ਜਾਂਦੇ ਹਨ। ਅਜਿਹੇ ਮੌਕਿਆਂ 'ਤੇ ਬਜ਼ੁਰਗ ਆਪਣੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਵੱਲ ਧਿਆਨ ਦੇ ਕੇ ਉਨ੍ਹਾਂ ਦੀ ਜਵਾਨੀ ਨੂੰ ਸਿੱਧੇ ਰਸਤੇ ਪਾ ਸਕਦੇ ਹਨ, ਇਸ ਦੇ ਨਾਲ ਹੀ ਉਹ ਵੀ ਰੁੱਝੇ ਰਹਿਣਗੇ। ਬਜ਼ੁਰਗ ਬੱਚਿਆਂ ਨਾਲ ਉਨ੍ਹਾਂ ਦੀਆਂ ਖ਼ੁਸ਼ੀਆਂ ਜਨਮ ਦਿਨ ਮਨਾਉਣ ਵਿਚ ਹਿੱਸੇਦਾਰ ਬਣਨ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਦੀ ਜਾਣਕਾਰੀ ਦੇ ਕੇ ਰਾਹ ਦਸੇਰਾ ਬਣਨ। ਹਮ ਉਮਰ ਦੋਸਤਾਂ ਮਿੱਤਰਾਂ ਨਾਲ ਜਨਮ ਦਿਨ ਮਨਾ ਕੇ ਖ਼ੁਸ਼ੀਆਂ ਸਾਂਝੀਆਂ ਕਰੋ। ਜੀਵਨ ਖ਼ੁਦ ਹੀ ਆਨੰਦਮਈ ਹੋ ਜਾਵੇਗਾ।

ਆਪਣੀ ਸਿਹਤ ਅਨੁਸਾਰ ਸਮਾਜ ਸੇਵਾ ਕਰਨੀ ਚਾਹੀਦੀ ਹੈ। ਜ਼ਿੰਦਗੀ ਵੈਸੇ ਵੀ ਜੱਦੋ-ਜਹਿਦ ਦਾ ਦੂਜਾ ਨਾਮ ਹੈ। ਸੁੱਖ ਦਾ ਅਹਿਸਾਸ ਦੁੱਖ ਤੋਂ ਬਾਅਦ ਅਤੇ ਦੁੱਖ ਦਾ ਅਹਿਸਾਸ ਸੁੱਖ ਤੋਂ ਬਾਅਦ ਹੁੰਦਾ ਹੈ। ਇਸ ਲਈ ਦੁੱਖ ਅਤੇ ਸੁੱਖ ਇਕ ਸਿੱਕੇ ਦੇ ਦੋ ਪਾਸੇ ਹਨ। ਇਨ੍ਹਾਂ ਦੋਹਾਂ ਪਾਸਿਆਂ ਨੂੰ ਟਣਕਾਓ, ਫਿਰ ਵੇਖੋ ਕਿਸ ਤਰ੍ਹਾਂ ਦਾ ਸੰਗੀਤ ਨਿਕਲੇਗਾ। ਇਨ੍ਹਾਂ ਦੋਹਾਂ ਨੇ ਜ਼ਿੰਦਗੀ ਵਿਚ ਆਉਣਾ ਹੀ ਹੈ। ਇਸ ਲਈ ਉਨ੍ਹਾਂ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ।

ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਖ਼ਾਨਦਾਨੀ ਇਤਿਹਾਸਕਾਰ ਦਾ ਕੈਲੰਡਰ ਗਿਆਨ

ਸਰਵਜੀਤ ਸਿੰਘ
- ਸੈਕਰਾਮੈਂਟੋ
sarbjits@gmail.com
ਪੰਜਾਬ ਮੇਲ USA



ਖ਼ਾਨਦਾਨੀ ਇਤਿਹਾਸਕਾਰ (ਤਜਰਬਾ 101 ਸਾਲ), "ਗੁਰੂ ਸਾਹਿਬ ਵੱਲੋਂ ਸਥਾਪਿਤ ਕੀਤਾ ਮੂਲ ਸਿੱਖ ਕੈਲੰਡਰ" ਦੀ ਪ੍ਰਸਤਾਵਨਾ ਵਿਚ ਲਿਖਦਾ ਹੈ, "ਇਤਿਹਾਸ ਨੂੰ ਕਿਵੇਂ ਕਰੂਪ ਕਰਕੇ ਸਿੱਖ ਸਿਧਾਂਤ-ਗੁਰੂ ਸਾਹਿਬ ਵੱਲੋਂ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਉੱਤਰਾਧਿਕਾਰੀ ਥਾਪਣ ਤੋਂ ਬੇਮੁਖ ਹੋ ਕੇ ਨਵੀਨ ਇਤਿਹਾਸ ਦੇ ਨਾਮ 'ਤੇ ਨਵੀਨ ਕੁਚੇਸ਼ਟਾ ਕੀਤੀ ਹੈ, ਉਹ ਹੇਠਾਂ ਵਿਸਥਾਰ ਸਾਹਿਤ ਦਿੱਤਾ ਜਾ ਰਿਹਾ ਹੈ": (ਪੰਨਾ : 13)



ਪ੍ਰਸਤਾਵਨਾ / 13

ਇਤਿਹਾਸ ਨੂੰ ਕਿਵੇਂ ਕਰੂਪ ਕਰਕੇ ਸਿੱਖ ਸਿਧਾਂਤ-ਗੁਰੂ ਸਾਹਿਬ ਵੱਲੋਂ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਉਤਰਾਧਿਕਾਰੀ ਥਾਪਣ :- ਤੋਂ ਬੇਮੁਖ ਹੋ ਕੇ ਨਵੀਨ ਇਤਿਹਾਸ ਦੇ ਨਾਮ 'ਤੇ ਨਵੀਨ ਕੁਚੇਸ਼ਟਾ ਕੀਤੀ ਹੈ ਉਹ ਹੇਠਾਂ ਵਿਸਥਾਰ ਸਾਹਿਤ ਦਿੱਤਾ ਜਾ ਰਿਹਾ ਹੈ :

(i) ਗੁਰੂ ਨਾਨਕ ਦੇਵ ਜੀ ੭ ਸਤੰਬਰ ਨੂੰ ਜੋਤੀ-ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ-ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ ਤੇ ਬਿਠਾਂਦੇ ਹਨ।

(ii) ਗੁਰੂ ਅੰਗਦ ਦੇਵ ਜੀ ੨੯ ਮਾਰਚ ਨੂੰ ਜੋਤੀ ਜੋਤਿ ਸਮਾਉਂਦੇ ਹਨ, ਪਰ ਗੁਰੂ ਅਮਰਦਾਸ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 18 ਦਿਨ ਬਾਅਦ 16 ਅਪ੍ਰੈਲ ਨੂੰ ਭਾਦੋਂ ਦੀ ਬਜਾਏ ਵੈਸਾਖ ਮਹੀਨੇ ਵਿਚ ਗੱਦੀ 'ਤੇ ਬਿਰਾਜਮਾਨ ਕਰਦੇ ਹਨ।

(iii) ਗੁਰੂ ਅਮਰਦਾਸ ਜੀ 01 ਸਤੰਬਰ ਨੂੰ ਜੋਤੀ ਜੋਤਿ ਸਮਾਵਦੇ ਹਨ, ਪਰ ਗੁਰੂ ਰਾਮਦਾਸ ਜੀ ਨੂੰ ਆਪਣੇ ਜੋਤੀ ਜੋਤਿ ਸਮਾਉਣ ਤੋਂ 15 ਦਿਨ ਬਾਅਦ 16 ਸਤੰਬਰ ਨੂੰ ਭਾਦੋਂ ਦੀ ਬਜਾਏ ਅਸੂ ਦੇ ਮਹੀਨੇ ਵਿਚ ਗੱਦੀ ਸੌਂਪਦੇ ਹਨ।

ਇਥੇ ਅਨੁਰਾਗ ਸਿੰਘ ਨੇ, ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਤਾਰੀਖਾਂ ਅਤੇ ਗੁਰੂ ਸਾਹਿਬ ਜੀ ਵੱਲੋਂ, ਆਪਣੇ ਉੱਤਰਾਧਿਕਾਰੀ ਨੂੰ ਗੁਰਗੱਦੀ ਸੌਂਪਣ ਦੀਆਂ ਤਾਰੀਖਾਂ ਦਾ ਜ਼ਿਕਰ ਕੀਤਾ ਹੈ। ਸਿੱਟਾ ਇਹ ਕੱਢਿਆ ਹੈ ਕਿ ਸ. ਪਾਲ ਸਿੰਘ ਪੁਰੇਵਾਲ ਨੇ ਭਾਈ ਗੁਰਦਾਸ ਜੀ ਵੱਲੋਂ ਲਿਖੇ, "ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ" ਦੀ ਅਵੱਗਿਆ ਕੀਤੀ ਹੈ।

ਖ਼ਾਨਦਾਨੀ ਇਤਿਹਾਸਕਾਰ ਲਿਖਦਾ ਹੈ, "ਗੁਰੂ ਨਾਨਕ ਦੇਵ ਜੀ 7 ਸਤੰਬਰ ਨੂੰ ਜੋਤੀ ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ ਤੇ ਬਿਠਾਂਦੇ ਹਨ"। (ਪੰਨਾ : 13)

ਕੈਲੰਡਰ ਸਬੰਧੀ ਜਾਣਕਾਰੀ ਤੋਂ ਅਣਜਾਣ ਕੋਈ ਵੀ ਵਿਅਕਤੀ, ਸਹਿਜੇ ਹੀ ਇਸ ਖ਼ਾਨਦਾਨੀ ਇਤਿਹਾਸਕਾਰ ਦੀ ਲਿਖਤ ਨਾਲ ਸਹਿਮਤ ਹੋ ਜਾਵੇਗਾ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ 7 ਸਤੰਬਰ ਨੂੰ ਜੋਤੀ ਜੋਤ ਸਮਾਏ ਸਨ, ਤਾਂ ਇਸ ਤੋਂ 11 ਦਿਨ ਪਿਛੋਂ ਭਾਵ 18 ਸਤੰਬਰ ਨੂੰ, ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਕਿਵੇਂ ਦੇ ਸਕਦੇ ਸਨ? ਜਦੋਂਕਿ ਇਹ ਕੋਰਾ ਝੂਠ ਹੈ। ਖ਼ਾਨਦਾਨੀ ਇਤਿਹਾਸਕਾਰ ਜਾਂ ਤਾਂ ਸਿਰੇ ਦਾ ਮੂਰਖ ਹੈ, ਜਾਂ ਸਿਰੇ ਦਾ ਕਪਟੀ।

ਆਓ ਇਨ੍ਹਾਂ ਤਾਰੀਖਾਂ ਦੀ ਅਸਲੀਅਤ ਨੂੰ ਸਮਝੀਏ;

ਗੁਰੂ ਸਾਹਿਬਾਨ ਦੇ ਜਨਮ ਦੀਆਂ ਤਾਰੀਖਾਂ ਬਾਰੇ ਭਾਵੇਂ ਵਿਦਵਾਨਾਂ ਵਿਚ ਮੱਤਭੇਦ ਹਨ, ਪਰ ਜੋਤੀ ਜੋਤ ਸਮਾਉਣ ਅਤੇ ਸ਼ਹੀਦੀ ਦਿਹਾੜੇ ਦੀਆਂ ਤਰੀਖਾਂ ਬਾਰੇ ਕੋਈ ਮੱਤਭੇਦ ਨਹੀਂ ਹੈ। ਇਸ ਗੱਲ 'ਤੇ ਵੀ ਸਹਿਮਤੀ ਹੈ ਕਿ ਗੁਰੂ ਜੀ ਨੇ ਆਪਣੇ ਉੱਤਰਾਧਿਕਾਰੀ ਦੀ ਨਿਯੁਕਤੀ ਆਪ ਹੀ ਕਰ ਦਿੱਤੀ ਸੀ। ਆਪਣੇ ਖਿੱਤੇ ਵਿਚ ਪ੍ਰਚੱਲਤ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ, 365.2587 ਦਿਨ) ਦੇ ਮੁਤਾਬਕ ਗੁਰੂ ਨਾਨਕ ਜੀ 8 ਅੱਸੂ, ਅੱਸੂ ਵਦੀ 10 ਸੰਮਤ 1596 ਬਿਕ੍ਰਮੀ ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਸਨ। ਚੰਦ ਦੇ ਕੈਲੰਡਰ ਮੁਤਾਬਕ ਲਿਖੀਆਂ ਤਾਰੀਖਾਂ ਵਿਚ ਵਦੀ-ਸੁਦੀ ਦਾ ਭੁਲੇਖਾ ਅਕਸਰ ਹੀ ਮਿਲਦਾ ਹੈ। ਇਸੇ ਭੁਲੇਖੇ ਕਾਰਨ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਸੁਦੀ 10 ਵੀ ਮਿਲਦੀ ਹੈ ਪਰ ਇਹ ਪ੍ਰਵਾਣਿਤ ਨਹੀਂ ਹੈ।

ਅੰਗਰੇਜ਼ੀ ਰਾਜ ਵੇਲੇ, ਜਦੋਂ ਅੰਗਰੇਜ਼ੀ ਤਾਰੀਖਾਂ ਲਿਖਣ ਦਾ ਰਿਵਾਜ਼ ਪ੍ਰਚੱਲਤ ਹੋਇਆ, ਤਾਂ ਗੁਰੂ ਨਾਨਕ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਯਾਦ ਰਹੇ, ਜੂਲੀਅਨ ਕੈਲੰਡਰ ਕਦੇ ਵੀ ਆਪਣੇ ਦੇਸ਼ ਵਿਚ ਲਾਗੂ ਨਹੀਂ ਹੋਇਆ। ਆਪਣੇ ਦੇਸ਼ ਵਿਚ ਅੰਗਰੇਜ਼ਾਂ ਦੇ ਆਉਣ ਪਿੱਛੋਂ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਜੂਲੀਅਨ ਕੈਲੰਡਰ ਦੀ ਸੋਧ (ਅਕਤੂਬਰ, 1582 ਈ:) ਨੂੰ ਇੰਗਲੈਂਡ ਨੇ ਸਤੰਬਰ 1752 ਈ: ਵਿਚ ਪ੍ਰਵਾਨ ਕੀਤਾ ਸੀ। ਅੰਗਰੇਜ਼ਾਂ ਨੇ ਆਪਣੇ ਦੇਸ਼ ਦੇ ਇਤਿਹਾਸ ਨੂੰ ਸਮਝਣ ਲਈ, 2 ਸਤੰਬਰ 1752 ਈ: ਤੋਂ ਪਹਿਲੀਆਂ ਤਾਰੀਖਾਂ ਨੂੰ ਜੂਲੀਅਨ ਵਿਚ ਅਤੇ 14 ਸਤੰਬਰ 1752 ਈ: ਤੋਂ ਪਿਛਲੀਆਂ ਤਾਰੀਖਾਂ ਨੂੰ ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰ/ਕਰਵਾ ਲਿਆ ਸੀ।

ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ 4 ਅੱਸੂ, ਅੱਸੀ ਵਦੀ 5, ਸੰਮਤ 1596 ਬਿਕ੍ਰਮੀ, ਦਿਨ ਬੁੱਧਵਾਰ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਗੁਰੂ ਨਾਨਕ ਸਾਹਿਬ ਜੀ 8 ਅੱਸੂ, ਅੱਸੂ ਵਦੀ 10 ਸੰਮਤ 1596 ਬਿਕ੍ਰਮੀ ਦਿਨ ਐਤਵਾਰ ਨੂੰ ਜੋਤੀ ਜੋਤ ਸਮਾਏ ਸਨ। ਜਦੋਂ ਇਨ੍ਹਾਂ ਤਾਰੀਖਾਂ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕਰਕੇ ਲਿਖਿਆ ਗਿਆ, ਤਾਂ ਇਹ 3 ਸਤੰਬਰ ਅਤੇ 7 ਸਤੰਬਰ ਲਿਖੀਆਂ ਗਈਆਂ। ਇਥੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖ਼ਸ਼ ਦਿੱਤੀ ਸੀ। ਇਥੇ ਇਕ ਹੋਰ ਸਮੱਸਿਆ ਆ ਗਈ ਹੈ। ਉਹ ਇਹ ਕਿ ਪ੍ਰਵਿਸ਼ਟਿਆਂ ਅਤੇ ਤਾਰੀਖਾਂ ਮੁਤਾਬਕ ਤਾਂ 4 ਦਿਨ ਦਾ ਅੰਤਰ ਹੈ ਪਰ ਵਦੀ-ਸੁਦੀ ਮੁਤਾਬਕ 5 ਦਿਨਾਂ ਦਾ ਅੰਤਰ ਹੈ। ਇਸ ਦਾ ਕਾਰਨ ਇਹ ਹੈ ਕਿ ਅੱਸੂ ਵਦੀ 5 ਤੋਂ ਪਿਛੋਂ ਅੱਸੂ ਵਦੀ 6 ਨਹੀਂ, ਸਗੋਂ ਅੱਸੂ ਵਦੀ 7 ਆਈ ਸੀ। ਅੱਸੂ ਵਦੀ 5 ਅਤੇ 6 ਦੋਵੇਂ, ਇਕ ਦਿਨ ਹੀ ਸਨ। ਅੱਸੂ ਵਦੀ 6 ਗਿਣੀ ਨਹੀਂ ਸੀ ਗਈ।

ਨਾਨਕਸ਼ਾਹੀ ਕੈਲੰਡਰ ਬਣਾਉਣ ਵਾਲੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਮੁਤਾਬਕ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿਚ ਬਦਲਣ ਲਈ ਅੰਗਰੇਜ਼ੀ ਤਾਰੀਖਾਂ ਨੂੰ ਨਹੀਂ, ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ", ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦਾ ਪ੍ਰਵਿਸ਼ਟਾ 8 ਅੱਸੂ ਅਤੇ ਗੁਰੂ ਗੱਦੀ ਗੁਰੂ ਅੰਗਦ ਦੇਵ ਜੀ, 4 ਅੱਸੂ ਮੁੱਖ ਰੱਖਿਆ ਗਿਆ ਹੈ। ਜੇ ਇਨ੍ਹਾਂ ਨੂੰ ਅੰਗਰੇਜ਼ੀ ਤਾਰੀਖਾਂ (ਜੂਲੀਅਨ) ਵਿਚ ਵੇਖੀਏ, ਤਾਂ ਇਹ 7 ਸਤੰਬਰ ਅਤੇ 3 ਸਤੰਬਰ ਬਣਦੀਆਂ ਹਨ। ਨਾਨਕਸ਼ਾਹੀ ਕੈਲੰਡਰ ਵਿਚ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਦਿਵਸ 4 ਅੱਸੂ ਅਤੇ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ 8 ਅੱਸੂ ਦਾ ਦਰਜ ਹੈ। ਇਸ ਦੇ ਨਾਲ ਅੰਗਰੇਜ਼ੀ ਤਾਰੀਖਾਂ ਵੀ ਦਰਜ ਹਨ, ਜੋ 18 ਸਤੰਬਰ ਅਤੇ 22 ਸਤੰਬਰ (ਗਰੈਗੋਰੀਅਨ) ਬਣਦੀਆਂ ਹਨ। ਕਿਸੇ ਵੀ ਕੈਲੰਡਰ ਵਿਚ ਵੇਖੋ, ਗੁਰਤਾਗੱਦੀ ਦਿਹਾੜਾ, ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾਂ ਬਣਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਹ ਹਿਸਾਬ ਖ਼ਾਨਦਾਨੀ ਇਤਿਹਾਸਕਾਰ ਨੂੰ ਕਿਉਂ ਨਹੀਂ ਸਮਝ ਆਇਆ, ਉਹ 4 ਅੱਸੂ ਨੂੰ 8 ਅੱਸੂ ਤੋਂ 11 ਦਿਨ ਪਿੱਛੋਂ ਕਿਵੇਂ ਮੰਨ ਰਿਹਾ ਹੈ? ਇਹ ਤਾਂ ਹੋ ਨਹੀਂ ਸਕਦਾ ਕਿ ਅਨੁਰਾਗ ਸਿੰਘ ਨੂੰ ਘਟਾਓ ਕਰਨੀ (8-4=4) ਨਹੀਂ ਆਉਂਦੀ ਹੋਵੇਗੀ? ਜੇ ਘਟਾਓ ਆਉਂਦੀ ਹੈ, ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਖ਼ਾਨਦਾਨੀ ਇਤਿਹਾਸਕਾਰ ਸਿਰੇ ਦਾ ਕਪਟੀ ਹੈ। ਜਿਹੜਾ ਇਹ ਲਿਖ ਰਿਹਾ ਹੈ, "ਗੁਰੂ ਨਾਨਕ ਦੇਵ ਜੀ 7 ਸਤੰਬਰ ਨੂੰ ਜੋਤੀ-ਜੋਤਿ ਸਮਾਉਂਦੇ ਹਨ, ਪਰ ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ-ਜੋਤਿ ਸਮਾਵਣ ਤੋਂ 11 ਦਿਨ ਬਾਅਦ 18 ਸਤੰਬਰ ਨੂੰ ਗੱਦੀ 'ਤੇ ਬਿਠਾਂਦੇ ਹਨ" (ਪੰਨਾ : 13)

ਅਨੁਰਾਗ ਸਿੰਘ ਨੇ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ 7 ਸਤੰਬਰ ਤਾਂ ਜੂਲੀਅਨ ਕੈਲੰਡਰ ਮੁਤਾਬਕ ਲੈ ਲਈ ਅਤੇ ਗੁਰੂ ਅੰਗਦ ਸਾਹਿਬ ਦੇ ਗੁਰਗੱਦੀ ਦਿਹਾੜੇ ਦੀ ਤਾਰੀਖ 18 ਸਤੰਬਰ, ਗਰੈਗੋਰੀਅਨ ਕੈਲੰਡਰ ਦੀ ਲੈ ਕੇ ਇਸ ਨਤੀਜੇ 'ਤੇ ਪੁੱਜ ਗਿਆ (18-7=11) ਕਿ, ਸ. ਪਾਲ ਸਿੰਘ ਪੁਰੇਵਾਲ ਨੇ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ 11 ਦਿਨ ਪਿੱਛੋਂ, ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਦੇ ਕੇ ਸਿੱਖ ਇਤਿਹਾਸ ਨੂੰ ਵਿਗਾੜ ਦਿੱਤਾ ਹੈ। ਵਾਹ, ਅੰਧੇ ਕੋ ਅੰਧੇਰੇ ਮੇਂ ਬੜੀ ਦੂਰ ਕੀ ਸੂਝੀ।

ਨਾਨਕਸ਼ਾਹੀ ਕੈਲੰਡਰ ਵਿਚ ਗੁਰੂ ਅੰਗਦ ਸਾਹਿਬ ਜੀ ਦਾ ਗੁਰਗੱਦੀ ਦਿਵਸ 4 ਅੱਸੂ (18 ਸਤੰਬਰ) ਅਤੇ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਹਾੜਾ 8 ਅੱਸੂ (22 ਸਤੰਬਰ) ਦਰਜ ਹੈ। ਦੋਵਾਂ ਦਿਹਾੜਿਆਂ ਵਿਚ 4 ਦਿਨਾਂ ਦਾ ਅੰਤਰ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 4 ਦਿਨ ਪਹਿਲਾਂ, ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਇਸ ਲਈ ਖ਼ਾਨਦਾਨੀ ਇਤਿਹਾਸਕਾਰ (ਅਨੁਰਾਗ ਸਿੰਘ) ਦਾ ਲਿਖਤੀ ਦਾਅਵਾ, "ਗੁਰੂ ਅੰਗਦ ਦੇਵ ਜੀ ਨੂੰ ਆਪਣੇ ਜੋਤੀ ਜੋਤਿ ਸਮਾਵਣ ਤੋਂ 11 ਦਿਨ ਬਾਅਦ, ਗੱਦੀ 'ਤੇ ਬਿਠਾਂਦੇ ਹਨ" ਕੋਰਾ ਝੂਠ ਹੈ।

# ਹਾਏ ... ਓਏ ... ਗਰਮੀ

**"ਹੀਟਵੇਵ ਦੌਰਾਨ ਘਰ ਤੋਂ ਬਾਹਰ ਜ਼ਿਆਦਾ ਦੇਰ ਰਹਿਣ ਨਾਲ ਥਕਾਵਟ, ਕਮਜ਼ੋਰੀ, ਚੱਕਰ ਆਉਣੇ, ਸਿਰਦਰਦ, ਬੇਹੋਸ਼ੀ, ਖੁਸ਼ਕੀ ਤੇ ਚਮੜੀ ਦਾ ਰੰਗ ਬਦਲਣਾ, ਬੁਖਾਰ ਵਗੈਰਾ ਲੱਛਣ ਦੇਖਣ ਨੂੰ ਮਿਲ ਰਹੇ ਹਨ। ਲਾਪ੍ਰਵਾਹੀ ਜਾਂ ਗੰਭੀਰ ਹਾਲਤ ਵਿਚ ਡਾਕਟਰੀ ਮਦਦ ਲੈਣੀ ਪੈ ਸਕਦੀ ਹੈ" - ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲ USA



ਗਰਮੀ ਦੀ ਲਹਿਰ ਯਾਨੀ ਹੀਟਵੇਵ ਨੇ ਧਰਤੀ 'ਤੇ ਰਹਿਣ ਵਾਲੇ ਹਰ ਜੀਵ ਦੇ ਵੱਟ-ਕੱਢ ਦਿੱਤੇ ਹਨ। ਜਦੋਂ ਵਾਯੂਮੰਡਲ ਦਾ ਜ਼ਿਆਦਾ ਦਬਾਅ ਲਗਾਤਾਰ ਕੁੱਝ ਦਿਨ ਬਣਿਆ ਰਹਿੰਦਾ ਹੈ। ਵਾਯੂਮੰਡਲ ਦੇ ਉਪਰਲੇ ਲੈਵਲ ਤੋਂ ਹਵਾ ਧਰਤੀ ਤੱਕ ਪਹੁੰਚਦੇ ਸੰਕੁਚਿਤ ਹੋ ਜਾਣ 'ਤੇ ਤਾਪਮਾਨ ਵਿਚ ਵਾਧਾ ਹੋ ਜਾਂਦਾ ਹੈ।

ਮੌਸਮ ਵਿਚ ਤਬਦੀਲੀ ਕਰਕੇ ਮਈ-ਜੂਨ ਦੇ ਮਹੀਨੇ ਵਿਚ ਗਰਮੀ ਦੀਆਂ ਤੇਜ਼ ਲਹਿਰਾਂ ਸ਼ਰੀਰ ਤੇ ਮਨ ਨੂੰ ਬਿਮਾਰ ਵੀ ਕਰਦੀਆਂ ਹਨ। ਮਨੁਖੀ ਸਰੀਰ ਦਾ ਸਿਸਟਮ ਅਜਿਹਾ ਹੈ ਕਿ ਜਦੋਂ ਹਵਾ ਦੁਆਰਾ ਪਸੀਨਾ ਸੁੱਕ ਜਾਂਦਾ ਹੈ, ਤਾਂ ਸਰੀਰ ਤੇ ਠੰਢਾ ਅਸਰ ਹੁੰਦਾ ਹੈ। ਜਦੋਂ ਆਦਮੀ ਨੂੰ ਪਸੀਨਾ ਆਉਣਾ ਬੰਦ ਜਾਂ ਘੱਟ ਆਉਣ 'ਤੇ ਥਕਾਵਟ ਤੋਂ ਹੀਟ ਸਟਰੋਕ ਦੀ ਹਾਲਤ ਵੀ ਆ ਸਕਦੀ ਹੈ। ਦਿਮਾਗ ਦੇ ਖਾਸ ਰਿਫਲੈਕਸ ਕੇਂਦਰ ਸਰੀਰ ਅੰਦਰ ਗਰਮੀ ਦੀ ਪ੍ਰਤਿਕ੍ਰਿਆ ਨੂੰ ਕੰਟਰੋਲ ਕਰਕੇ ਬਚਾਅ ਕਰਦੇ ਹਨ।

ਮੌਸਮ ਨੂੰ ਹਮੇਸ਼ਾ ਵਾਚ ਕਰੋ, ਵਾਤਾਵਰਣ ਅਤੇ ਹੈਲਥ ਅਥਾਰਿਟੀ ਦੀਆਂ ਸਿਫਾਰਸ਼ਾਂ ਦੀ ਪਾਲਣਾ ਕਰਕੇ ਪਰਿਵਾਰ ਸਮੇਤ ਮੌਸਮ ਦਾ ਸਹੀ ਆਨੰਦ ਮਾਣੋ। ਚੱਲ ਰਹੀ ਗਰਮੀ ਦੀ ਲਹਿਰ ਦੌਰਾਨ ਸਰੀਰ ਤੇ ਮਨ ਨੂੰ ਤੰਦਰੁਸਤ ਰੱਖਣ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:





- ਘਰ ਤੋਂ ਬਾਹਰ ਜਾਣ ਵੇਲੇ ਅੰਬਰੇਲਾ, ਹੈਟ, ਕੈਪ, ਸਨਸਕ੍ਰੀਨ ਲੋਸ਼ਨ, ਸਨਗਲਾਸ ਵਗੈਰਾ ਵਰਤ ਕੇ ਸੂਰਜ ਦੀਆਂ ਤੇਜ਼ ਕਿਰਨਾਂ ਤੋਂ ਆਪਣੀ ਚਮੜੀ ਅਤੇ ਅੱਖਾਂ ਨੂੰ ਬਚਾਓ। ਸਵੇਰੇ-ਸ਼ਾਮ ਹਰ 2-3 ਘੰਟੇ ਬਾਅਦ ਅੱਖਾਂ 'ਤੇ ਠੰਢੇ ਪਾਣੀ ਦੇ ਛਿੱਟੇ ਮਾਰ ਕੇ ਆਰਾਮ ਮਹਿਸੂਸ ਕਰੋ।
- ਮਾਸਪੇਸ਼ੀਆਂ ਦੀ ਸਹੀ ਕ੍ਰਿਆ ਲਈ ਸਰੀਰ ਅੰਦਰ ਇਲੈਕਟ੍ਰੋਲਾਈਟ ਜ਼ਰੂਰੀ ਤੱਤ ਦੀ ਲੋੜ ਹੁੰਦੀ ਹੈ।
- ਹਾਈਡ੍ਰੇਸ਼ਨ ਦੇ ਉੱਚ ਪੱਧਰ ਨੂੰ ਬਣਾਈ ਰੱਖਣ ਅਤੇ ਡੀਹਾਈਡ੍ਰੇਸ਼ਨ ਤੋਂ ਬਚਣ ਲਈ ਮਿੱਠਾ ਨਿੰਬੂ-ਪਾਣੀ ਵਿਚ ਪਿੰਕ ਸਾਲਟ ਮਿਕਸ ਕਰਕੇ ਪਿਆਸ ਨਾ ਲੱਗਣ ਦੀ ਹਾਲਤ ਵਿਚ ਬਾਰ-ਬਾਰ ਪੀਂਦੇ ਰਹੋ।
- ਅਲਕੋਹਲਿਕ ਡ੍ਰਿੰਕਸ ਤੋਂ ਪ੍ਰਹੇਜ਼ ਕਰੋ ਕਿਉਂਕਿ ਸ਼ਰਾਬ ਡੀਹਾਈਡ੍ਰੇਸ਼ਨ ਨੂੰ ਹੋਰ ਬਦਤਰ ਬਣਾ ਸਕਦੀ ਹੈ।
- ਸਰੀਰ ਅੰਦਰ ਪਾਚਕ ਗਰਮੀ ਬਰਾਬਰ ਰੱਖਣ ਲਈ ਪ੍ਰੋਟੀਨਯੁਕਤ ਪਦਾਰਥ ਦਹੀਂ, ਦੁੱਧ, ਕੱਚਾ ਪਨੀਰ, ਟੋਫੂ, ਅੰਡੇ, ਦਾਲਾਂ, ਸੀਡਜ, ਫੱਲ-ਸਬਜ਼ੀਆਂ ਦੇ ਸ਼ੇਕ ਠੰਢਾ, ਆਮਪਨਾ ਅਤੇ ਨਿੰਬੂ-ਪਾਣੀ ਦਾ ਜ਼ਿਆਦਾ ਅਤੇ ਭਾਰੀ ਮਸਾਲੇਦਾਰ ਚਿਕਨ, ਬੀਫ, ਮੱਛੀ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।
- ਗਰਮ ਮੌਸਮ ਠੰਡਕ ਬਰਕਰਾਰ ਰੱਖਣ ਲਈ ਹਲਕੇ ਕੋਟਨ ਦੇ ਲਾਈਟ ਰੰਗ ਦੇ ਕੱਪੜੇ ਪਹਿਨ ਕੇ ਸਰੀਰ ਦੇ ਤਾਪਮਾਨ, ਪਸੀਨੇ ਤੇ ਹਵਾ ਦੇ ਆਵਾਗਮਨ ਬਰਾਬਰ ਰੱਖੋ।
- ਹੀਟਵੇਵ ਦੌਰਾਨ ਸਰੀਰ ਦੀ ਸਹਿਣਸ਼ਕਤੀ ਮੁਤਾਬਕ ਹਲਕੀ ਕਸਰਤ ਕਰੋ। ਘਰ ਤੋਂ ਬਾਹਰ ਸਿੱਧੀ ਧੁੱਪ ਵਿਚ ਗਤੀਵਿਧੀਆਂ ਬਿਮਾਰੀ ਦੇ ਨਾਲ ਸਟਰੈੱਸ ਵੀ ਵੱਧ ਜਾਂਦਾ ਹੈ।
- ਸਮੇਂ ਮੁਤਾਬਿਕ ਠੰਢਾ ਸ਼ਾਵਰ ਲਵੋ। ਕੋਵਿਡ ਦੇ ਵੱਧ ਰਹੇ ਅੰਕੜੇ ਕਰਕੇ ਪਬਲਿਕ ਪੂਲ, ਸਪਲੈਸ਼ ਪੈਡ ਅਤੇ ਬੀਚ 'ਤੇ ਆਨੰਦ ਲੈਣ ਤੋਂ ਪਹਿਲਾਂ ਸੇਫਟੀ ਦਾ ਧਿਆਣ ਰੱਖੋ।
- ਆਪਣੇ ਪਾਲਤੂ ਜਾਨਵਰ ਨੂੰ ਖਾਣ ਲਈ ਕੁੱਝ ਬਰਫ ਦੇ ਟੁਕੜੇ ਦਿੰਦੇ ਰਹੋ। ਕੁੱਤੇ ਅਕਸਰ ਕਰੰਚੀ ਚੀਜ਼ਾਂ ਦਾ ਆਨੰਦ ਲੈਂਦੇ ਹਨ। ਇਹ ਤਰੀਕਾ ਉਨ੍ਹਾਂ ਨੂੰ ਠੰਢਾ ਰੱਖਣ ਵਿਚ ਹੈਲਪ ਕਰਦਾ ਹੈ।

ਨੋਟ: ਹੀਟ ਵੇਵ ਦੌਰਾਨ ਗਰਭਵਤੀ ਔਰਤਾਂ, ਛੋਟੇ ਬੱਚੇ, ਬਜ਼ੁਰਗਾਂ ਦਾ ਅਤੇ ਰੋਗੀਆਂ ਦਾ ਆਪਣੇ ਪਾਲਤੂ ਜਾਨਵਰਾਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਕੋਈ ਵੀ ਹੈਲਥ ਇਸ਼ੂ ਦੀ ਹਾਲਤ ਵਿਚ ਬਿਨਾ ਦੇਰੀ ਆਪਣੇ ਡਾਕਟਰ ਨਾਲ ਸੰਪਰਕ ਕਰੋ।

# 'ਅਸਾਂ ਵੀ ਅੰਤ ਕਿਰ ਕੇ ਖਾਦ ਹੋਣਾ' ਵਾਲਾ ਕਵੀ ਸੱਚਮੁਚ ਖਾਦ ਹੋ ਗਿਆ


'ਏਨਾ ਸੱਚ ਨਾ ਬੋਲ ਕਿ 'ਕੱਲ੍ਹਾ ਰਹਿ ਜਾਵੇਂ! ਚਾਰ ਕੁ ਬੰਦੇ ਛੱਡ ਲੈ ਮੋਢਾ' ਸੱਤਰਾਂ ਲਿਖਣ ਵਾਲਾ ਅਮੀਰ ਸਾਹਿਤਕ ਸਮਕਾਲੀ ਪੰਜਾਬੀ ਕਵੀ ਜਿਨ੍ਹਾਂ ਦੀਆਂ ਕਵਿਤਾਵਾਂ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਯਥਾਰਥ ਨੂੰ ਦਰਸਾਉਂਦੀਆਂ ਹਨ, ਜੋ ਅਕਸਰ ਆਮ ਲੋਕਾਂ ਦੇ ਸੰਘਰਸ਼ਾਂ 'ਤੇ ਕੇਂਦਰਿਤ ਰਹੀਆਂ, ਸੁਰਜੀਤ ਪਾਤਰ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਦੀਆਂ ਇਹ ਸਤਰਾਂ ਉਨ੍ਹਾਂ ਦੇ ਸੱਚ ਬੋਲਣ ਤੋਂ ਬਾਅਦ ਵੀ ਲੱਖਾਂ ਸਾਹਿਤਕ ਪ੍ਰੇਮੀ ਹਨ, ਜੋ ਉਨ੍ਹਾਂ ਦੀ ਸੱਚੀ ਤੇ ਸੁੱਚੀ ਦੇਹ ਨੂੰ ਮੋਢਾ ਦੇਣ ਲਈ ਤਿਆਰ ਹੋਣਗੇ।

ਕਿਸੇ ਵੀ ਭਾਸ਼ਾ ਨਾਲ ਸੰਬੰਧਤ ਕੋਈ ਵੀ ਕਵੀ ਤੇ ਸਾਹਿਤਕਾਰ ਉਸ ਭਾਸ਼ਾ ਨੂੰ ਪੜ੍ਹਨ ਵਾਲਿਆਂ ਤੇ ਉਸ ਖੇਤਰ ਦਾ ਇੱਕ ਵੱਡਮੁੱਲਾ ਸਰਮਾਇਆ ਹੋਇਆ ਕਰਦਾ ਹੈ। ਇਸ ਤਰ੍ਹਾਂ ਕਿਸੇ ਵੀ ਸਾਹਿਤਕ ਸ਼ਖਸੀਅਤ ਦਾ ਅਚਾਨਕ ਵਿਛੋੜਾ ਦੇ ਜਾਣਾ ਯਕੀਨਨ ਸਾਹਿਤ ਪ੍ਰੇਮੀਆਂ ਲਈ ਇੱਕ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਸਾਬਿਤ ਹੁੰਦਾ ਹੈ।

ਮੇਰੇ 1970 ਦੇ ਜਨਮ ਤੋਂ 10 ਸਾਲ ਪਹਿਲਾਂ ਉਹ ਇਕ ਮਕਬੂਲ ਕਵੀ ਸਨ, ਪਰ ਉਨ੍ਹਾਂ ਦੀਆਂ ਕਵਿਤਾਵਾਂ ਨੂੰ ਮੈਂ ਬਹੁਤ ਨੇੜੇ ਤੋਂ ਪੜ੍ਹਿਆ ਹੈ। ਉਨ੍ਹਾਂ ਤੋਂ ਪਹਿਲਾਂ ਪੰਜਾਬ ਦੇ ਇੱਕ ਅਮੀਰ ਸਾਹਿਤਕ ਅਮੀਰ ਵਿਰਸੇ ਸੱਭਿਆਚਾਰ ਵਿਚ ਬਹੁਤ ਸਾਰੇ ਨਾਮਵਰ ਕਵੀ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇੱਥੇ ਕੁਝ ਪ੍ਰਸਿੱਧ ਪੰਜਾਬੀ ਕਵੀ ਹਨ: 19ਵੀਂ ਸਦੀ ਤੋਂ ਪਹਿਲਾਂ (ਬਾਬਾ ਫਰੀਦ, ਬਾਬਾ ਬੁੱਲ੍ਹੇ ਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਾਹ ਹੁਸੈਨ, ਵਾਰਿਸ਼ ਸ਼ਾਹ, ਕਾਦਰਯਾਰ, ਪੀਲੂ, ਹਾਸ਼ਮ ਸ਼ਾਹ ਹੋਏ ਹਨ।

19ਵੀਂ ਤੋਂ 20ਵੀਂ ਸਦੀ ਬਾਬੂ ਰਜਬ ਅਲੀ, ਪੂਰਨ ਸਿੰਘ, ਸ਼ਾਹ ਮੁਹੰਮਦ, ਡਾ: ਦੀਵਾਨ ਸਿੰਘ ਕਾਲੇਪਾਣੀ, ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਫ਼ਿਰੋਜ਼ਦੀਨ ਸ਼ਰਫ਼, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਚਰਨ ਸਿੰਘ ਸ਼ਹੀਦ ਤੇ ਫਿਰ 20ਵੀਂ ਤੋਂ 21ਵੀਂ ਸਦੀ ਦੇ ਮੱਧ ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ, ਚਮਨ ਲਾਲ, ਜਸਵੰਤ ਜਾਫ਼ਰ, ਐੱਸ.ਐੱਸ. ਮੀਸ਼ਾ, ਗੁਰਮੁਖ ਸਿੰਘ ਮੁਸਾਫਿਰ, ਵਿਦਾਤਾ ਸਿੰਘ ਤੀਰ ਆਦਿ ਹੋਏ ਹਨ। ਮੇਰੇ ਨਿੱਜੀ ਮਨਪਸੰਦ: ਸ਼ਿਵ ਕੁਮਾਰ ਬਟਾਲਵੀ, ਅਵਤਾਰ ਸੰਧੂ ਉਰਫ਼ ਪਾਸ਼, ਅੰਮ੍ਰਿਤਾ ਪ੍ਰੀਤਮ, ਸੁਰਜੀਤ ਪਾਤਰ ਅਤੇ ਬਾਬਾ ਬੁੱਲ੍ਹੇ ਸ਼ਾਹ ਹੋਏ ਹਨ।

ਅੱਜ ਪੰਜਾਬੀ ਕਾਵਿ ਦੀ ਪ੍ਰਮੁੱਖ ਵਿਧਾ ਬਣ ਚੁੱਕੀ ਹੈ ਅਤੇ ਬਹੁਤ ਸਾਰੇ ਕਵੀ ਆਪਣਿਆਂ ਕਵਿਤਾਵਾਂ ਰਾਹੀਂ ਦਿਲਕਸ਼, ਖ਼ੂਬਸੂਰਤ ਅਤੇ ਬਾ-ਕਮਾਲ ਸ਼ਾਇਰੀ ਦੀ ਰਚਨਾ ਕਰ ਰਹੇ ਹਨ। ਪਰ ਕੋਈ ਸਮਾਂ ਸੀ, ਜਦੋਂ ਉਰਦੂ ਦੇ ਵਿਦਵਾਨ ਪੰਜਾਬੀ ਨੂੰ ਗੰਵਾਰਾਂ ਦੀ ਭਾਸ਼ਾ ਆਖਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬੀ ਵਿਚ ਕਵਿਤਾ- ਗ਼ਜ਼ਲ ਲਿਖੀ ਹੀ ਨਹੀਂ ਜਾ ਸਕਦੀ। ਉਰਦੂ ਵਿਦਵਾਨਾਂ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ ਵਿਦਵਾਨਾਂ ਦਾ ਵੀ ਵਿਚਾਰ ਸੀ ਕਿ ਗ਼ਜ਼ਲ ਉਰਦੂ ਭਾਸ਼ਾ ਦੀ ਸਿਨਫ਼ ਹੈ, ਅਰਬੀ 'ਚੋਂ ਆਈ ਹੈ ਅਤੇ ਇਹ ਪੰਜਾਬੀ ਭਾਸ਼ਾ ਨਾਲ ਮੇਲ ਨਹੀਂ ਖਾ ਸਕਦੀ। ਇਸ ਮੁਕਾਬਲੇ ਨੂੰ ਕਬੂਲ ਕਰਨ ਅਤੇ ਪੰਜਾਬੀ ਵਿਚ ਕਵਿਤਾ- ਗ਼ਜ਼ਲ ਦੀ ਰਚਨਾ ਕਰਨ ਲਈ ਫਿਰ ਕਈ ਪੰਜਾਬੀ ਸ਼ਾਇਰ ਮੈਦਾਨ ਵਿਚ ਆਏ। ਉਨ੍ਹਾਂ ਵਿਚੋਂ ਉਸਤਾਦ ਦੀਪਕ ਜੈਤੋਈ, ਸਾਧੂ ਸਿੰਘ ਹਮਦਰਦ, ਉਲਫਤ ਬਾਜਵਾ ਤੇ ਸੁਰਜੀਤ ਪਾਤਰ ਇਕ ਸਨ, ਜਿਨ੍ਹਾਂ ਨੇ ਆਪਣੇ ਜੀਵਨ ਦੇ ਹਰ ਪਲ ਮਾਂ ਬੋਲੀ ਪੰਜਾਬੀ ਦਾ ਕਾਵਿਕ-ਚਿਹਰਾ ਮੋਹਰਾ ਸੰਵਾਰਨ ਅਤੇ ਪੰਜਾਬੀ ਭਾਸ਼ਾ ਨੂੰ ਦੂਜੀਆਂ ਭਾਸ਼ਾਵਾਂ ਦੇ ਹਾਣ ਦੀ ਬਣਾਉਣ ਹਿੱਤ ਸਮਰਪਿਤ ਕੀਤੇ।



ਪੰਜਾਬੀ ਗ਼ਜ਼ਲ ਜੋ ਪਿਛਲੇ ਲੰਮੇ ਅਰਸੇ ਤੋਂ ਉਰਦੂ ਪ੍ਰਭਾਵ ਹੇਠ ਦੱਬੀ ਹੋਈ ਅਨੁਭਵ ਹੁੰਦੀ ਸੀ, ਸੁਰਜੀਤ ਪਾਤਰ ਜੀ ਨੇ ਉਸ ਨੂੰ ਉਰਦੂ ਦੇ ਪ੍ਰਭਾਵ ਤੋਂ ਮੁਕਤ ਕਰਵਾ ਕੇ ਇਕ ਆਧੁਨਿਕ ਤੇ ਪੰਜਾਬੀ ਰੰਗ ਵਾਲੀ ਪਛਾਣ ਦੁਆਉਣ ਦੀ ਜੋ ਭਰਪੂਰ ਕੋਸ਼ਿਸ਼ ਕੀਤੀ ਹੈ, ਯਕੀਨਨ ਮੈਂ ਸਮਝਦਾ ਹਾਂ ਕਿ ਇਸ ਦਾ ਸਿਹਰਾ ਸਿਰਫ਼ ਪਾਤਰ ਸਹਿਬ ਦੀ ਕਲਮ, ਸੋਚ ਤੇ ਆਸ਼ਾਬੰਦੀ ਨੂੰ ਹੀ ਜਾਂਦਾ ਹੈ।

ਪੰਜਾਬੀ ਬੋਲੀ ਬਾਰੇ ਉਹ ਖਾਸ ਚਿੰਤਤ ਸਨ, ਉਨ੍ਹਾਂ ਨੇ ਆਪਣੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ: "ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ-ਸ਼ਬਦ ਵਾਕ-ਵਾਕ!"

ਇਥੋ ਤੱਕ ਕਿ ਉਨ੍ਹਾਂ ਨੇ ਬੀ.ਬੀ.ਸੀ. ਨਾਲ ਗੱਲਬਾਤ ਦੌਰਾਨ ਇਸ ਬਾਰੇ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
ਪੰਜਾਬ ਮੇਲ USA



ਕਿਹਾ- "ਮੇਰਾ ਬੱਚਾ ਅੰਗਰੇਜ਼ੀ ਬੋਲੇਗਾ, ਤਾਂ ਇਹ ਉਸ ਦੀ ਇੱਕ ਪਛਾਣ ਹੋ ਜਾਵੇਗੀ। ਆਪਣੀ ਰੂਹ ਦੇ ਨੰਗੇਜ਼ ਹੋਣ ਦੀ ਥਾਂ ਭਾਸ਼ਾ ਸਾਡੇ ਜਿਸਮਾਂ ਦਾ ਪਹਿਰਾਵਾ ਬਣ ਗਈ ਹੈ। ਦੂਸਰੀ ਗੱਲ ਇਹ ਕਿ ਭਾਸ਼ਾ ਦਾ ਅਸੀਂ ਰਿਜ਼ਕ ਨਾਲ ਅਤੇ ਆਰਥਿਕਤਾ ਨਾਲ ਬਹੁਤ ਗਹਿਰਾ ਰਿਸ਼ਤਾ ਸਮਝਦੇ ਹਾਂ, ਤੇ ਇਸ ਤਰ੍ਹਾਂ ਹੁੰਦਾ ਵੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਸਾਡਾ ਆਪਣੀ ਧਰਤੀ ਤੇ ਮਾਂ ਬੋਲੀ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ। ਮਾਵਾਂ ਸਾਰਿਆਂ ਦੀਆਂ ਸੋਹਣੀਆਂ ਹੁੰਦੀਆਂ ਹਨ ਪਰ ਅਸੀਂ ਕਿਸੇ ਨਾਲ ਆਪਣੀ ਮਾਂ ਤਾਂ ਨਹੀਂ ਵਟਾ ਸਕਦੇ। ਇਹ ਸਿਰਫ਼ ਬੋਲੀ ਦੇ ਮਰਨ ਦੀ ਗੱਲ ਨਹੀਂ, ਇਹ ਬੰਦੇ ਦੇ ਅੰਦਰਲੇ ਜ਼ਮੀਰ ਦੇ ਮਰਨ ਦੀ ਨਿਸ਼ਾਨੀ ਹੈ।"

ਸੁਰਜੀਤ ਪਾਤਰ ਜੀ ਦਾ ਜਨਮ ਜਨਵਰੀ 1, 1945 ਨੂੰ ਪਿੰਡ ਪੱਤੜ ਕਲਾਂਠ ਜ਼ਿਲ੍ਹਾ ਜਲੰਧਰ ਵਿਚ ਗੁਰਬਖਸ਼ ਕੌਰ ਅਤੇ ਹਰਭਜਨ ਸਿੰਘ ਦੇ ਘਰ ਹੋਇਆ। ਉਸ ਦਾ ਵਿਆਹ ਭੁਪਿੰਦਰ ਕੌਰ ਨਾਲ ਹੋਇਆ ਹੈ।

ਉਨ੍ਹਾਂ ਨੇ ਰਣਧੀਰ ਕਾਲਜ, ਕਪੂਰਥਲਾ ਤੋਂ ਗ੍ਰੈਜੂਏਸ਼ਨ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਮਾਸਟਰਜ਼ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ 'ਗੁਰੂ ਨਾਨਕ ਵਾਣੀ ਵਿਚ ਲੋਕਧਾਰਾ ਦੇ ਪਰਿਵਰਤਨ' ਉੱਤੇ ਖੋਜ ਲਈ ਪੀ.ਐੱਚ.ਡੀ.।

ਉਨ੍ਹਾਂ ਨੇ ਆਪਣਾ ਕੈਰੀਅਰ ਇੱਕ ਐਸੋਸੀਏਟ ਪ੍ਰੋਫੈਸਰ ਵਜੋਂ ਸ਼ੁਰੂ ਕੀਤਾ। ਉਹ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਚ ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਰਹਿ ਚੁੱਕੇ ਸਨ। ਹੁਣ ਉਹ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਚੇਅਰਪਰਸਨ ਰਹੇ।

ਉਨ੍ਹਾਂ ਨੂੰ 1980 ਵਿਚ ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੁਆਰਾ ਸਨਮਾਨਿਤ ਕੀਤਾ ਗਿਆ ਸੀ। ਫਿਰ 1980 ਵਿਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ 'ਹਵਾ ਵਿਚਾਰੇ ਹਰਫ਼' ਲਈ 'ਗਿਆਨੀ ਗੁਰਮੁਖ ਸਿੰਘ ਮੁਸਾਫਿਰ ਕਾਵਿ ਪੁਰਸਕਾਰ' ਮਿਲਿਆ, 1985 ਵਿਚ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੁਆਰਾ 'ਕਰਤਾਰ ਸਿੰਘ ਧਾਲੀਵਾਲ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸਨੂੰ ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦੁਆਰਾ 1993 ਵਿਚ 'ਹਨੇਰੇ ਵਿਚ ਸੁਲਗਦੀ ਵਰਨਮਾਲਾ' ਲਈ ਵੀ ਸਨਮਾਨਿਤ ਕੀਤਾ ਗਿਆ, ਫਿਰ 1995 ਵਿਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ 'ਪਿਛਲੇ ਢਾਕੇ ਦਾ ਪੰਜਾਬੀ ਸ਼ਾਇਰ' ਵੀ ਪ੍ਰਦਾਨ ਕੀਤਾ ਗਿਆ। 1997 ਵਿਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ 'ਸ਼੍ਰੋਮਣੀ ਪੰਜਾਬੀ ਕਵੀ' ਪੁਰਸਕਾਰ ਤੋਂ ਇਲਾਵਾ ਵੱਖ-ਵੱਖ ਸੱਭਿਆਚਾਰਕ ਅਤੇ ਸਾਹਿਤਕ ਮੰਚਾਂ ਵੱਲੋਂ ਹੋਰ ਵੀ ਕਈ ਪੁਰਸਕਾਰ ਮਿਲੇ।

ਸੁਰਜੀਤ ਪਾਤਰ ਦਾ ਜੀਵਨ ਕਾਲ ਲਗਭਗ ਅੱਠ ਦਹਾਕਿਆਂ ਵਿਚ ਫੈਲਿਆ ਹੋਇਆ ਸੀ। ਆਪਣੇ ਜੀਵਨ ਦੌਰਾਨ ਉਨ੍ਹਾਂ ਨੇ ਪੰਜਾਬ ਨੂੰ ਵੱਖ-ਵੱਖ ਮਰਹਲਿਆਂ ਵਿਚੋਂ ਗੁਜ਼ਰਦੇ ਦੇਖਿਆ ਅਤੇ ਆਪਣੇ ਅਨੁਭਵ ਦੀ ਕਾਵਿਕ ਪੇਸ਼ਕਾਰੀ ਕੀਤੀ।

ਉਨ੍ਹਾਂ ਦੀਆਂ ਪ੍ਰਸਿੱਧ ਪ੍ਰਕਾਸ਼ਨਾਵਾਂ ਵਿਚ:- ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨ੍ਹੇਰੇ ਵਿਚ ਸੁਲਗਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪੱਤਝੜ ਦੀ ਪਾਂਜੇਬ, ਸੁਰਜ਼ਮੀਨ, ਚੰਨ ਸੂਰਜ ਦੀ ਵਹਿੰਗੀ, ਹਾਏ ਮੇਰੀ ਕੁਰਸੀ ਹਾਏ ਮੇਰਾ ਮੇਜ਼, ਸੂਰਜ ਮੰਦਰ ਦੀਆਂ ਪੌੜੀਆਂ, ਅੱਗ ਦੇ ਕਲੀਰੇ, ਸਈਓ ਨੀ ਮੈਂ ਅੰਤ ਹੀਣ ਤਰਕਾਲਾਂ, ਸ਼ਹਿਰ ਮੇਰੇ ਦੀ ਪਾਗਲ ਔਰਤ, ਇੱਛਾਧਾਰੀ ਅਤੇ ਯੂਨਾਨ ਦੀ ਲੂਣਾ ਸ਼ਾਮਲ ਹਨ।

ਉਨ੍ਹਾਂ ਦੀਆਂ ਕਵਿਤਾਵਾਂ ਵਿਚ ਮਾਂ ਬੋਲੀ ਦੇ ਨਿਘਾਰ ਦਾ ਫਿਕਰ, ਪੰਜਾਬ ਵਿਚ ਹਥਿਆਰਬੰਦ ਸੰਘਰਸ਼ ਦੇ ਦੁਖਾਂਤ, ਨਾਗਰਿਕਤਾ ਸੋਧ ਕਾਨੂੰਨ ਅਤੇ ਕਿਸਾਨੀ ਸੰਘਰਸ਼ ਵਰਗੇ ਵਿਸ਼ੇ ਮਿਲ ਜਾਂਦੇ ਹਨ।

ਕਿਸਾਨ ਅੰਦੋਲਨ ਦੌਰਾਨ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਉਨ੍ਹਾਂ ਨੇ ਆਪਣਾ ਪਦਮਸ਼੍ਰੀ ਦਾ ਸਨਮਾਨ ਵੀ ਵਾਪਸ ਕਰ ਦਿੱਤਾ ਸੀ।

ਉਨ੍ਹਾਂ ਦੀ ਇੱਕ ਗਜ਼ਲ ਅੱਜ ਉਨ੍ਹਾਂ ਦੇ ਵਿਛੋੜੇ ਉੱਤੇ ਪੂਰੀ ਤਰ੍ਹਾਂ ਢੁਕਦੀ ਹੈ:-

"ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।"

ਉਹ ਹਮੇਸ਼ਾ ਆਪਣਿਆਂ ਰਚਨਾਵਾਂ ਰਾਹੀਂ ਸਦਾ ਯਾਦ ਰਹਿਣਗੇ।

# "ਕਿਤਾਬੀ ਕੀੜਾ"

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਸਕੂਲ ਦੇ ਇਮਤਿਹਾਨਾਂ ਵਿਚ ਪੰਦਰਾਂ ਸਵਾਲ ਆਉਣੇ ਤੇ ਉੱਪਰ ਲਿਖਿਆ ਹੋਣਾ, ਕੋਈ ਦਸ ਸਵਾਲ ਹੱਲ ਕਰੋ। ਹਿਸਾਬ ਦਾ ਪੇਪਰ ਸੀ, ਸਾਡੀ ਜਮਾਤ ਦਾ ਰਾਮਕਿਸ਼ਨ ਹਿਸਾਬ ਵਿਚ ਹੁਸ਼ਿਆਰ ਸੀ। ਸਵਾਲ ਜ਼ਿਆਦਾ ਔਖੇ ਨਹੀਂ ਸਨ, ਜਣੇ ਦਾ ਪੁੱਤ ਪੰਦਰਾਂ ਦੇ ਪੰਦਰਾਂ ਸਵਾਲ ਹੱਲ ਕਰ ਆਇਆ। ਸਕੂਲ ਵਿਚ ਨਵੇਂ ਆਏ ਮਾਸਟਰ ਜੀ ਨੇ ਉਸ ਦੇ ਦਸ ਸਵਾਲ ਸਹੀ ਵੇਖ ਕੇ 100/100 ਨੰਬਰ ਦੇ ਦਿੱਤੇ। ਸਵੇਰੇ ਅਸੈਂਬਲੀ ਤੋਂ ਬਾਅਦ ਰਾਮਕਿਸ਼ਨ ਨੂੰ ਸ਼ਾਬਾਸ਼ ਦਿੱਤੀ ਗਈ ਪਰ ਉਹ ਹੋਰ ਹੀ ਮਹਾਂਭਾਰਤ ਛੇੜ ਬੈਠਾ। ਕਹਿੰਦਾ, ਮਾਸਟਰ ਜੀ ਸਵਾਲ ਤਾਂ ਮੇਰੇ ਪੰਦਰਾਂ ਹੀ ਸਹੀ ਸਨ, ਤੁਸੀਂ ਮੈਨੂੰ ਪੰਜਾਹ ਨੰਬਰ ਘੱਟ ਕਿਉਂ ਦਿੱਤੇ ਹਨ ਜਾਂ ਮੇਰੇ ਸਵਾਲਾਂ ਨੂੰ ਗਲਤ ਕਰੋ ਜਾਂ ਮੈਨੂੰ 150 ਨੰਬਰ ਦਿਉ। ਮਾਸਟਰ ਜੀ ਨੇ ਬਹੁਤ ਸਮਝਾਇਆ, ਕਾਕਾ ਸੌ ਵਿਚੋਂ ਡੇਢ ਸੌ ਨੰਬਰ ਨਹੀਂ ਆ ਸਕਦੇ ਪਰ ਉਹ ਪਤੰਦਰ ਕਿੱਥੇ ਸੁਣੇ ਕਿਸੇ ਦੀ, ਹਾਰ ਕੇ ਮਾਸਟਰ ਜੀ ਨੇ ਉਸ ਦਾ ਪੇਪਰ ਫੜਿਆ, ਦੋ-ਤਿੰਨ ਸਵਾਲਾਂ ਦੇ ਨੰਬਰ ਘਟਾ ਕੇ ਉਸ ਨੂੰ 90 ਨੰਬਰ ਦੇ ਦਿੱਤੇ ਤੇ ਕਿਹਾ ਜਾ, ਹੁਣ ਹੈੱਡਮਾਸਟਰ ਸਾਹਿਬ ਨਾਲ ਗੱਲ ਕਰ, ਮੈਂ ਤਾਂ ਤੈਨੂੰ ਹੁਸ਼ਿਆਰ ਸਮਝਦਾ ਸੀ ਪਰ ਤੂੰ ਤਾਂ "ਕਿਤਾਬੀ ਕੀੜਾ" ਹੈਂ, ਸਿਆਣਪ ਤੇਰੇ ਲਾਗਿਓਂ ਵੀ ਨਹੀਂ ਲੰਘੀ। ਸਾਰੀ ਜ਼ਿੰਦਗੀ ਕੋਈ ਪੜ੍ਹਿਆਂ-ਲਿਖਿਆਂ ਵਾਲਾ ਕੰਮ ਨਹੀਂ ਕਰੇਂਗਾ।



# ਦਿੱਲੀ ਦੀ ਜ਼ਮੀਨ ਸਿੱਖ ਪੰਥ ਦੀ ਮਲਕੀਅਤ

-ਦਿਲਜੀਤ ਸਿੰਘ ਬੇਦੀ

ਪੰਜਾਬ ਮੇਲ USA





ਭਾਰਤ ਦਾ ਰਾਸ਼ਟਰਪਤੀ ਭਵਨ, ਇੰਡਿਆ ਗੇਟ, ਭਾਰਤ ਦੀ ਪਾਰਲੀਮੈਂਟ, ਦਿੱਲੀ ਦਾ ਇਹ ਸਾਰਾ ਇਲਾਕਾ ਸਿੱਖ ਕੌਮ ਦੀ ਮਾਲਕੀ ਹੈ। ਨਵੀਂ ਦਿੱਲੀ ਮਾਲ ਵਿਭਾਗ ਅਤੇ ਇਤਿਹਾਸ ਵਿਚ 1793 ਏਕੜ ਦਾ ਇਲਾਕਾ ਸਿੱਖ ਪੰਥ ਦੀ ਇੱਕ ਅਜ਼ੀਮ ਸ਼ਖ਼ਸੀਅਤ ਦੇ ਨਾਮ ਬੋਲਦਾ ਜੋ ਨਵੀਂ ਦਿੱਲੀ ਦੇ ਰਾਏਸੀਨਾ ਇਲਾਕੇ ਦਾ ਅੱਜ ਵੀ ਮਾਲਕ ਹੈ। ਉਹੀ ਇਲਾਕਾ ਜਿੱਥੇ ਰਾਸ਼ਟਰਪਤੀ ਭਵਨ ਬਣਿਆ, ਇੰਡੀਆ ਗੇਟ ਬਣਿਆ, ਪਾਰਲੀਮੈਂਟ ਬਣੀ ਹੈ, ਨੌਰਥ ਬਲਾਕ, ਸਾਊਥ ਬਲਾਕ, ਰਾਜਪਥ ਬਣੇ ਹੋਏ ਹਨ। ਦਿੱਲੀ ਦੀ ਸਰਕਾਰ ਇਸ ਇਲਾਕੇ ਦੇ 400 ਕਿੱਲਿਆਂ ਦਾ ਠੇਕਾ ਅੱਜ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੰਦੀ ਹੈ। ਦਿੱਲੀ ਦੀ 1793 ਏਕੜ ਜ਼ਮੀਨ ਅੱਜ ਵੀ ਕਾਗਜ਼ਾਂ ਵਿਚ ਸਿੱਖਾਂ ਦੇ ਉਸ ਬਾਬੇ ਦਾ ਨਾਮ ਬੋਲਦਾ, ਜੋ ਸਾਊਥ ਏਸ਼ੀਆ ਦਾ ਸਭ ਤੋਂ ਅਮੀਰ ਬੰਦਾ ਸੀ। ਉਸਦੇ ਕੋਲ ਉਸ ਸਮੇਂ ਆਪਣੀ ਪ੍ਰਾਈਵੇਟ ਫੌਜ ਸੀ। ਅੰਗਰੇਜ਼ੀ ਸ਼ਾਸਨ ਸਮੇਂ ਕਲਕੱਤਾ ਅੰਗਰੇਜ਼ ਹਕੂਮਤ ਦੀ ਰਾਜਧਾਨੀ ਰਿਹਾ, ਪਰ ਅੰਗਰੇਜ਼ਾਂ ਨੇ ਆਪਣੀ ਰਾਜਧਾਨੀ ਬਦਲਣ ਦਾ ਫੈਸਲਾ ਲੈ ਲਿਆ। ਦਿੱਲੀ ਦੇ ਇਲਾਕੇ ਵਿਚ ਨਵੀਂ ਰਾਜਧਾਨੀ ਬਣਾਈ ਗਈ ਕਿਉਂਕਿ ਮੁਗਲ ਹਕੂਮਤ ਸਮੇਂ ਵੀ ਦਿੱਲੀ ਰਾਜਧਾਨੀ ਰਹੀ ਸੀ। ਅੰਗਰੇਜ਼ਾਂ ਨੇ ਸੋਚਿਆ ਕਿ ਦਿੱਲੀ ਭਾਰਤ ਦੇ ਸੈਂਟਰ 'ਚ ਪੈਂਦੀ ਹੈ, ਸੋ ਉਥੋਂ ਰਾਜ ਪ੍ਰਬੰਧ ਚਲਾਉਣਾ ਸੌਖਾ ਹੈ। 12 ਦਸੰਬਰ, 1911 ਨੂੰ ਅੰਗਰੇਜ਼ੀ ਸ਼ਾਸਕ ਜਾਰਜ ਪੰਜਵੇਂ ਨੇ ਕਲਕੱਤੇ ਦੀ ਜਗ੍ਹਾ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾਏ ਜਾਣ ਦਾ ਐਲਾਨ ਕਰ ਦਿੱਤਾ। ਦਿੱਲੀ ਦੇ ਨਵ ਨਿਰਮਾਣ ਦਾ ਕੰਮ 1911 ਵਿਚ ਹੀ ਸ਼ੁਰੂ ਹੋਇਆ ਅਤੇ ਇਹ ਕੰਮ 1931 ਤੱਕ ਮੁਕੰਮਲ ਕਰ ਲਿਆ ਗਿਆ। ਅੱਜ ਤੱਕ ਏਹੋ ਰਾਜਧਾਨੀ ਚੱਲੀ ਆਉਂਦੀ ਹੈ। ਸੰਨ 1911 ਵਿਚ ਨਵੀਂ ਦਿੱਲੀ ਦੀ ਨੀਂਹ ਧਰੀ ਗਈ ਸੀ, ਤਾਂ ਰਾਜੇ ਜੋਰਜ ਪੰਜਵੇਂ ਨੇ ਇੱਥੇ ਇਸ ਜ਼ਮੀਨ 'ਤੇ ਕਬਜ਼ਾ ਕੀਤਾ। ਜਿਵੇਂ ਚੰਡੀਗੜ੍ਹ ਨੂੰ ਜਦੋਂ ਵਸਾਇਆ ਗਿਆ ਸੀ, ਤਾਂ ਪੰਜਾਬ ਦੇ ਬਹੁਤ ਸਾਰੇ ਪਿੰਡ ਉਜਾੜ ਦਿੱਤੇ ਗਏ ਸੀ ਤੇ ਉਸ ਜਗ੍ਹਾ 'ਤੇ ਇੱਕ ਨਵਾਂ ਸ਼ਹਿਰ ਚੰਡੀਗੜ੍ਹ ਉਸਾਰਿਆ ਗਿਆ ਸੀ। ਬਿਲਕੁਲ ਉਸੇ ਤਰ੍ਹਾਂ ਅੰਗਰੇਜ਼ ਸਰਕਾਰ ਨੇ ਜ਼ਮੀਨ ਨੂੰ ਅਕਵਾਇਰ ਕਰਨਾ ਸੀ, ਤਾਂ ਪਹਿਲਾਂ ਪਤਾ ਕਰਨਾ ਜ਼ਰੂਰੀ ਸੀ ਕਿ ਇਹ ਜ਼ਮੀਨ ਕਿਸਦੀ ਹੈ। ਅੰਗਰੇਜ਼ਾਂ ਨੇ ਜ਼ਮੀਨ ਅਕਵਾਇਰ ਕਰਨ ਲਈ 1894 ਵਿਚ ਇੱਕ ਐਕਟ ਬਣਾਇਆ ਸੀ, ਲੈਂਡ ਐਕਵਾਜੇਸ਼ਨ ਐਕਟ ਜੋ ਭਾਰਤ ਵਿਚ ਉਦੋਂ ਤੋਂ ਹੁਣ ਤੱਕ ਚੱਲਿਆ ਆਉਂਦਾ ਹੈ, ਹੁਣ 2013 ਵਿਚ ਉਸ 'ਚ ਥੋੜੀ ਸੋਧ ਕੀਤੀ ਗਈ ਹੈ। ਅੰਗਰੇਜ਼ਾਂ ਨੇ ਦਿੱਲੀ ਦੇ ਨਿਰਮਾਣ ਲਈ ਜੋ ਜ਼ਮੀਨ ਅਕਵਾਇਰ ਕਰਨੀ ਸੀ, ਪਤਾ ਲੱਗਾ ਕਿ ਇਹ ਜ਼ਮੀਨ ਇੱਕ ਸਿੱਖ ਦੀ ਹੈ। ਅੰਗਰੇਜ਼ ਸਰਕਾਰ ਨੇ ਇਮਾਨਦਾਰੀ ਨਾਲ ਇਸ ਜ਼ਮੀਨ ਦੀ ਓਨਰਸ਼ਿਪ ਉਸੇ ਸਿੱਖ ਦੇ ਨਾਮ 'ਤੇ ਹੀ ਰੱਖੀ, ਅਤੇ ਜ਼ਮੀਨ 99 ਸਾਲਾਂ ਵਾਸਤੇ ਲੀਜ 'ਤੇ ਲੈ ਲਈ ਗਈ, ਗੁਰਦੁਆਰਾ ਰਕਾਬਗੰਜ ਸਾਹਿਬ ਦੇ ਨੇੜੇ 400 ਏਕੜ ਜ਼ਮੀਨ ਸੀ, ਜਿਸ 'ਤੇ ਹੁਣ ਪਾਰਲੀਮੈਂਟ, ਰਾਸ਼ਟਰਪਤੀ ਭਵਨ ਬਣੇ ਹੋਏ ਹਨ। ਜ਼ਮੀਨ ਬਾਰੇ 1947 ਤੋਂ ਬਾਅਦ ਸਿੱਖਾਂ ਨੇ ਜਦੋਂ ਜ਼ੋਰਦਾਰ ਆਵਾਜ਼ ਚੁੱਕੀ, ਤਾਂ ਸਰਕਾਰ ਨੇ 400 ਏਕੜ ਜ਼ਮੀਨ ਦਾ ਠੇਕਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੂੰ ਦੇਣਾ ਸ਼ੁਰੂ ਕੀਤਾ। ਸੋ 1911 ਤੋਂ ਸ਼ੁਰੂ ਹੋਈ ਇਹ ਲੀਜ 2011 ਵਿਚ ਸੌ ਸਾਲ ਬਾਅਦ ਖਤਮ ਹੋ ਗਈ ਸੀ ਪਰ ਜਿਸ ਸਿੱਖ ਬਾਬੇ ਦੀ ਇਹ ਜ਼ਮੀਨ ਸੀ, ਉਸਦਾ ਸਾਰਾ ਪਰਿਵਾਰ ਸਿੱਖੀ ਖਾਤਰ ਸ਼ਹੀਦ ਹੋ ਚੁੱਕਾ ਸੀ। ਸਰਕਾਰ ਨੇ ਜ਼ਮੀਨ 'ਤੇ ਕਬਜ਼ਾ ਕਰ ਲਿਆ, ਪਰ ਕਾਗਜ਼ਾਂ ਵਿਚ ਉਸ ਸਿੱਖ ਬਾਬੇ ਦਾ ਨਾਮ ਅੱਜ ਵੀ ਬੋਲਦਾ। ਮੁਗਲ ਹਕੂਮਤ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਵਿਖੇ ਸ਼ਹੀਦ ਕੀਤਾ ਤੇ ਐਲਾਨ ਕੀਤਾ ਕਿ ਕੋਈ ਵੀ ਇਨ੍ਹਾਂ ਦੇ ਸਰੀਰ ਨੂੰ ਨਹੀਂ ਸੰਭਾਲੇਗਾ। ਜਦੋਂ ਇਹ ਸ਼ਹੀਦੀ ਸਾਕਾ ਵਾਪਰਿਆ, ਤਾਂ ਚਾਰੋਂ ਪਾਸੇ ਕਾਲੇ ਬੱਦਲ ਛਾ ਗਏ ਅਤੇ ਬੜੀ ਤੇਜ਼ ਹਨੇਰੀ ਵਗੀ, ਜਿਸ ਦਾ ਫਾਇਦਾ ਚੁੱਕਦਿਆਂ ਗੁਰੂ ਜੀ ਦੇ ਇੱਕ ਸਿੱਖ ਭਾਈ ਜੈਤਾ ਜੀ ਨੇ ਜ਼ਬਰਦਸਤ ਫੌਜੀ ਇੰਤਜਾਮ ਦੇ ਬਾਵਜੂਦ ਵੀ ਗੁਰੂ ਸਾਹਿਬ ਦਾ ਸੀਸ ਚੁੱਕਿਆ ਅਤੇ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਦੂਜੇ ਪਾਸੇ ਕਿਲ੍ਹੇ ਦੇ ਠੇਕੇਦਾਰ ਭਾਈ ਲੱਖੀ ਸ਼ਾਹ ਜੀ ਆਪਣੇ ਪੁੱਤਰਾਂ ਤੇ ਸਾਥੀਆਂ ਨਾਲ ਬੜੀ ਵਿਉਂਤ ਨਾਲ ਆਪਣੇ ਗੱਡਿਆਂ ਵਿਚ ਗੁਰੂ ਸਾਹਿਬ ਦਾ ਧੜ ਆਪਣੇ ਪਿੰਡ ਰਾਇਸੀਨਾ ਦੇ ਸਥਾਨ ਉਤੇ ਲੈ ਗਏ। ਉਨ੍ਹਾਂ ਨੇ ਆਪਣੇ ਘਰ ਵਿਚ ਗੁਰੂ ਸਾਹਿਬ ਦੇ ਧੜ ਨੂੰ ਸਨਮਾਨ ਸਹਿਤ ਰੱਖ ਕੇ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ ਸੀ। ਇਹ ਅਸਥਾਨ ਸੰਸਦ ਭਵਨ ਦੇ ਸਾਹਮਣੇ ਸਥਿਤ ਹੈ।

ਅਸਲ ਵਿਚ ਜਦੋਂ ਅੰਗਰੇਜ਼ਾਂ ਨੇ ਨਵੀਂ ਦਿੱਲੀ ਦਾ ਨਿਰਮਾਣ 1911 'ਚ ਸ਼ੁਰੂ ਕਰਾਇਆ ਸੀ, ਤਾਂ ਇਹ ਨਿਰਮਾਣ ਦਾ ਕੰਮ ਰਾਏਸੀਨਾ ਪਿੰਡ ਦੇ ਇਲਾਕੇ ਤੋਂ ਸ਼ੁਰੂ ਕੀਤਾ ਗਿਆ ਸੀ। ਇਹ ਪਿੰਡ ਭਾਈ ਲੱਖੀ ਸ਼ਾਹ ਦੇ ਵੱਡੇ ਵਡੇਰੇ ਭਾਈ ਰਾਏਸੀਨਾ ਜੀ ਨੇ ਆਬਾਦ ਕੀਤਾ ਸੀ ਤੇ ਉਨ੍ਹਾਂ ਦੇ ਨਾਮ ਤੋਂ ਹੀ ਇਹ ਇਲਾਕਾ ਰਾਏਸੀਨਾ ਹਿਲਸ ਕਰਕੇ ਮਸ਼ਹੂਰ ਹੋ ਗਿਆ। ਗੁਰੂ ਸਾਹਿਬ ਦੇ ਸਮੇਂ ਅਸਲ ਦਿੱਲੀ ਦਾ ਨਾਮ ਸ਼ਾਹਜਹਾਨਾਬਾਦ ਸੀ, ਜਿਸ ਵਿਚ ਲਾਲ ਕਿਲ੍ਹਾ, ਸਲੀਮਗੜ੍ਹ ਕਿਲ੍ਹਾ, ਚਾਂਦਨੀ ਚੌਂਕ, ਫਤਿਹਪੁਰੀ, ਜਾਮਾ ਮਸਜਿਦ, ਦਰੀਬਾਂ ਕਲਾਂ, ਦਰਿਆ ਗੰਜ, ਕਸ਼ਮੀਰੀ ਗੇਟ, ਵਗੈਰਾ ਇਲਾਕੇ ਆਉਂਦੇ ਸੀ ਦਿੱਲੀ ਦੇ ਚਾਂਦਨੀ ਚੌਂਕ, ਕਨਾਟ ਪਲੇਸ, ਪਾਰਲੀਮੈਂਟ ਹਾਊਸ ਤੇ ਰਾਸ਼ਟਰਪਤੀ ਭਵਨ ਇਹ ਗੁਰੂ ਹਰਕ੍ਰਿਸ਼ਨ ਸਾਹਿਬ ਤੇ ਧੰਨ ਗੁਰੂ ਤੇਗ ਬਹਾਦਰ ਸਾਹਿਬ ਦੇ ਪੈਰਾਂ ਦੀ ਪਾਵਨ ਧੂੜ ਨਾਲ ਇਤਿਹਾਸਕ ਬਣੇ ਹੋਏ ਹਨ, ਕਨਾਟ ਪਲੇਸ ਦਾ ਇਲਾਕਾ ਰਾਜਾ ਜੈ ਸਿੰਘ ਮਿਰਜਾ ਦੀ ਜਾਇਦਾਦ ਸੀ। ਪਾਰਲੀਮੈਂਟ ਹਾਊਸ ਤੇ ਰਾਸ਼ਟਰਪਤੀ ਭਵਨ ਇਲਾਕਾ ਭਾਈ ਲੱਖੀ ਸ਼ਾਹ ਵਣਜਾਰਾ ਜੀ ਦੀ ਜਾਇਦਾਦ ਸੀ। ਇਸ ਜ਼ਮੀਨ 'ਤੇ ਗੁਰਦੁਆਰਾ ਰਕਾਬਗੰਜ ਸਾਹਿਬ ਸੁਸ਼ੋਭਿਤ ਹੈ। ਜੋ ਕਿ ਭਾਈ ਲੱਖੀ ਸ਼ਾਹ ਜੀ ਦਾ ਆਪਣਾ ਘਰ ਹੁੰਦਾ ਸੀ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਦਾ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਨੇ ਕੀਤਾ ਸੀ। ਸੰਨ 1887 ਤੱਕ ਸਿੰਘਾਂ ਨੇ ਦਿੱਲੀ 'ਤੇ 15 ਹੱਲੇ ਕੀਤੇ, ਜਿਨ੍ਹਾਂ ਵਿਚ ਫਰਵਰੀ 1764 'ਚ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ 'ਚ 30 ਹਜ਼ਾਰ ਦੀ ਸਿੱਖ ਫੌਜ ਨੇ ਦਿੱਲੀ 'ਤੇ ਹਮਲਾ ਕੀਤਾ। ਯਮੁਨਾ ਦਰਿਆ ਪਾਰ ਕਰਕੇ ਦਿੱਲੀ ਦੇ ਕੁਝ ਇਲਾਕੇ 'ਤੇ ਕਬਜ਼ਾ ਕਰ ਲਿਆ, ਜਿਸ ਨੂੰ ਹੁਣ 30 ਹਜ਼ਾਰੀ ਕਹਿੰਦੇ ਹਨ, ਫਿਰ 8 ਜਨਵਰੀ, 1774 ਨੂੰ ਸਾਦਰਾ, 15 ਜੁਲਾਈ, 1775 ਨੂੰ ਪਹਾੜਗੰਜ, ਜੈ ਸਿੰਘਪੁਰਾ 'ਤੇ ਕਬਜ਼ਾ ਕੀਤਾ। ਇਸ ਤੋਂ ਬਾਅਦ ਮਾਰਚ 1783 ਨੂੰ ਫਿਰ ਹਮਲਾ ਕੀਤਾ ਤੇ ਮਲਕਗੰਜ ਤੇ ਸਬਜ਼ੀ ਮੰਡੀ 'ਤੇ ਕਬਜ਼ਾ ਕੀਤਾ। 9 ਮਾਰਚ, 1783 ਨੂੰ ਅਜਮੇਰੀਗੇਟ ਏਰੀਆ ਅਤੇ ਫੇਰ 15 ਮਾਰਚ, 1783 ਨੂੰ ਸਿੰਘਾਂ ਨੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਬਘੇਲ ਸਿੰਘ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਤਾਰਾ ਸਿੰਘ ਘੇਬਾ, ਖੁਸ਼ਹਾਲ ਸਿੰਘ, ਕਰਮ ਸਿੰਘ, ਭਾਗ ਸਿੰਘ, ਸਾਹਿਬ ਸਿੰਘ, ਸਰਦਾਰ ਸ਼ੇਰ ਸਿੰਘ ਬੁੜੀਆ, ਗੁਰਦਿੱਤ ਸਿੰਘ ਲਾਡੋਵਾਲੀਆ, ਕਰਮ ਸਿੰਘ ਸ਼ਾਹਬਾਦ, ਗੁਰਬਖਸ਼ ਸਿੰਘ ਅੰਬਾਲਾ ਮਜਨੂੰ ਟਿੱਲੇ ਇਕੱਠੇ ਹੋਏ ਦਿੱਲੀ 'ਤੇ ਹਮਲਾ ਕੀਤਾ ਤੇ ਲਾਲ ਕਿਲ੍ਹੇ ਦੀ ਦੀਵਾਰ 'ਚ ਮੋਰੀ ਕੀਤੀ, ਜਿਸ ਨੂੰ ਹੁਣ ਮੋਰੀ ਗੇਟ ਕਿਹਾ ਜਾਂਦਾ, ਉਥੋਂ ਅੰਦਰ ਦਾਖਲ ਹੋ ਕੇ ਲਾਲ ਕਿਲ੍ਹੇ 'ਤੇ ਕਬਜ਼ਾ ਕਰਕੇ ਖਾਲਸਾਈ ਨਿਸ਼ਾਨ ਝੁਲਾ ਦਿੱਤਾ ਗਿਆ, ਇਸ ਤੋਂ ਬਾਅਦ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ ਨੇ ਹੀ ਦਿੱਲੀ ਦੇ ਇਤਿਹਾਸਿਕ ਅਸਥਾਨਾਂ ਦੀ ਨਿਸ਼ਾਨਦੇਹੀ ਕਰਵਾ ਕੇ ਉੱਥੇ ਗੁਰਦੁਆਰੇ ਸਾਹਿਬਾਨ ਤਾਮੀਰ ਕਰਵਾਏ ਸੀ, ਫਿਰ ਅੰਗਰੇਜ਼ਾਂ ਦਾ ਰਾਜ ਆਇਆ। ਜੋ ਹੁਣ ਭਾਰਤ ਦੀ ਪਾਰਲੀਮੈਂਟ ਹੈ, ਉਹ ਅਸਲ ਵਿਚ ਅੰਗਰੇਜ਼ੀ ਬੋਇਸ ਰਾਏ ਲਈ ਇਮਾਰਤ ਬਣਾਈ ਗਈ ਸੀ ਤੇ ਜਦੋਂ ਨਵੀਂ ਦਿੱਲੀ ਦਾ ਨਿਰਮਾਣ ਰਾਏਸੀਨਾ ਹਿਲਸ ਇਲਾਕੇ 'ਚ ਸ਼ੁਰੂ ਉਹ ਹੋਇਆ, ਤਾਂ ਇਸੇ ਇਲਾਕੇ 'ਚ ਅੰਗਰੇਜ਼ਾਂ ਨੇ ਨਵੀਆਂ ਹੋਰ ਇਮਾਰਤਾਂ ਵੀ ਬਣਾਈਆਂ, ਗਵਰਨਰ ਜਨਰਲ ਲਾਰਡ ਹੋਡਿੰਗ ਨੇ ਵਾਇਸਰਾਏ ਭਵਨ ਲਈ ਜਿਹੜੀ ਥਾਂ ਪਸੰਦ ਕੀਤੀ ਸੀ, ਉਹ ਇਤਿਹਾਸਿਕ ਗੁਰਦੁਆਰਾ ਰਕਾਬਗੰਜ ਸਾਹਿਬ ਦੇ ਨਾਲ ਲੱਗਦੀ ਸੀ। ਅੰਗਰੇਜ਼ ਸ਼ਾਸਨ ਦੇ ਹੁਕਮਾਂ 'ਤੇ ਅਧਿਕਾਰੀਆਂ ਨੇ ਕੰਮ ਕਰਨਾ ਸ਼ੁਰੂ ਕੀਤਾ ਤੇ ਸੜਕਾਂ ਚੌੜੀਆਂ ਕੀਤੀਆਂ। ਇਸ ਦੌਰਾਨ ਰਸਤੇ 'ਚ ਆ ਰਹੀ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਇੱਕ ਕੰਧ ਅੜਿੱਕਾ ਬਣ ਰਹੀ ਸੀ। ਅਫਸਰਾਂ ਨੇ ਬਿਨ੍ਹਾਂ ਕਿਸੇ ਸਲਾਹ-ਮਸ਼ਵਰੇ ਦੇ ਭਵਨ ਨਿਰਮਾਣ ਮੁਤਾਬਕ ਗੁਰਦੁਆਰੇ ਦੀ ਕੰਧ ਢਾਹ ਦਿੱਤੀ ਤੇ ਇਸ ਥਾਂ ਨੂੰ ਤਾਰ ਦੇ ਨਾਲ ਘੇਰਨ ਲੱਗੇ। ਉਸੇ ਵਕਤ ਸਿੱਖ ਬੀਬੀ ਸ਼ਾਮ ਕੌਰ ਮੌਕੇ 'ਤੇ ਪਹੁੰਚ ਗਈ, ਉਹ ਗੁਰੂ ਘਰ ਨਾਲ ਹੁੰਦੇ ਇਸ ਜ਼ੁਲਮ ਨੂੰ ਵੇਖ ਨਾ ਸਕੀ ਤੇ ਉਹ ਆਪਣੇ ਦੁੱਧ ਚੁੰਘਦੇ ਬੱਚੇ ਨੂੰ ਛਾਤੀ ਨਾਲ ਲਾ ਕੇ ਢਾਈ ਗਈ ਕੰਧ 'ਤੇ ਲੰਮੇ ਪੈ ਗਈ ਤੇ ਐਲਾਨ ਕੀਤਾ ਕਿ ਉਸਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਦਿਓ, ਉਹ ਢਾਈ ਹੋਈ ਕੰਧ ਤੋਂ ਹਟੇਗੀ ਨਹੀਂ, ਬੀਬੀ ਸ਼ਾਮ ਕੌਰ ਦੇ ਇਸ ਕਦਮ ਨੇ ਅਧਿਕਾਰੀਆਂ ਨੂੰ ਆਪਣਾ ਪ੍ਰੋਜੈਕਟ ਉਥੇ ਹੀ ਰੋਕਣ ਦੇ ਲਈ ਮਜਬੂਰ ਕਰ ਦਿੱਤਾ। ਬੀਬੀ ਸ਼ਾਮ ਕੌਰ, ਗੁਰਦੁਆਰਾ ਰਕਾਬਗੰਜ ਸਾਹਿਬ ਦਾ ਪ੍ਰਬੰਧ ਵੇਖ ਰਹੇ ਮਹੰਤ ਸਾਵਣ ਸਿੰਘ ਦੀ ਧਰਮਪਤਨੀ ਸੀ। ਵਾਇਰਸ ਰਾਏ ਵੱਲੋਂ ਕੋਠੀ ਬਣਾਉਣ ਦੇ ਲਈ ਦੁਆਰਾ ਰਕਾਬ ਗੰਜ ਸਾਹਿਬ ਦੀ ਕੰਧ ਢਾਉਣ ਦੀ ਖਬਰ ਪੰਜਾਬ ਪਹੁੰਚ ਚੁੱਕੀ ਸੀ ਤੇ ਸਿੱਖ ਸੰਗਤ ਵਿਚ ਭਾਰੀ ਰੋਸ ਅੱਗ ਵਾਂਗ ਫੈਲ ਗਿਆ ਸੀ। ਫਿਰ ਅੰਗਰੇਜ਼ਾਂ ਖਿਲਾਫ ਸਿੰਘਾਂ ਵੱਲੋਂ ਮੋਰਚਾ ਬੰਦੀ ਸ਼ੁਰੂ ਹੋ ਗਈ, ਕਿਹਾ ਜਾਂਦਾ ਕਿ ਇਸ ਤੋਂ ਬਾਅਦ ਨਾਭਾ ਦੇ ਰਾਜਾ ਪਰਦੁਮਨ ਸਿੰਘ ਨਾਭਾ ਨੇ ਵੀ ਅੰਗਰੇਜ਼ਾਂ ਦੀ ਇਸ ਵਧੀਕੀ ਖਿਲਾਫ ਆਵਾਜ਼ ਬੁਲੰਦ ਕੀਤੀ ਸੀ। ਅੰਗਰੇਜ਼ ਸਰਕਾਰ ਨੇ ਉਹ ਕੰਧ ਗੁਰਦੁਆਰਾ ਸਾਹਿਬ ਦੀ ਜਿਹੜੀ ਢਾਈ ਸੀ, ਉਹ ਦੁਬਾਰਾ ਬਣਾ ਦਿੱਤੀ। ਸਿੱਖ ਪੰਥ ਦੀ ਫਤਿਹ ਹੋਈ। ਭਾਈ ਲੱਖੀ ਸ਼ਾਹ, ਸ਼ਹੀਦ ਭਾਈ ਮਨੀ ਸਿੰਘ ਦੇ ਸਹੁਰਾ ਸਾਹਿਬ ਲੱਗਦੇ ਸੀ, ਇਨ੍ਹਾਂ ਦੇ ਵੱਡੇ ਵਡੇਰੇ ਵਪਾਰ ਕਰਕੇ ਦਿੱਲੀ ਦੇ ਨੇੜੇ ਆ ਵੱਸੇ ਸੀ, ਜਿਨ੍ਹਾਂ ਨੇ ਰਾਏਸੀਨਾ ਪਿੰਡ ਵਸਾਇਆ ਸੀ। ਰਾਏਸੀਨਾ ਜ਼ਮੀਨ ਅੱਜ ਵੀ ਇਨ੍ਹਾਂ ਦੀ ਮਾਲਕੀ ਬੋਲਦੀ ਹੈ। ਜਿਸ ਦਿੱਲੀ ਦੇ ਤਖਤ ਤੋਂ ਸਿੱਖ ਕੌਮ ਵਿਰੋਧੀ ਫੈਸਲੇ ਹੁੰਦੇ ਨੇ ਉਹ ਫੈਸਲੇ ਸਾਡੀ ਹੀ ਜ਼ਮੀਨ 'ਤੇ ਬਣੇ ਤਖਤ ਤੋਂ ਸੁਣਾਏ ਜਾਂਦੇ ਹਨ। ਭਾਵੇਂ ਉਹ ਅੰਗਰੇਜ਼ ਹਕੂਮਤ ਹੋਵੇ ਤੇ ਚਾਹੇ ਵਰਤਮਾਨ ਸਰਕਾਰਾਂ। ਇਹ ਖਾਲਸਾ ਪੰਥ ਦੀ ਜ਼ਮੀਨ ਹੈ ਇੱਕ ਦਿਨ ਪੰਥ ਕੋਲ ਵਾਪਸ ਜ਼ਰੂਰ ਆਵੇਗੀ।

# ਨੂੰਹ-ਸੱਸ ਦੇ ਖੂਬਸੂਰਤ ਰਿਸ਼ਤੇ ਦੀ ਕਹਾਣੀ "ਨੀ ਮੈਂ ਸੱਸ ਕੁੱਟਣੀ-2"

## ਮਨੋਰੰਜਨ ਸਿਨਮਾ

-ਸੁਰਜੀਤ ਜੱਸਲ
98146-07737

ਪੰਜਾਬ ਮੇਲ USA



ਨੂੰਹ-ਸੱਸ ਦੇ ਰਿਸ਼ਤੇ ਨੂੰ ਸਾਡੇ ਸਮਾਜ ਨੇ ਅਕਸਰ ਹੀ ਇੱਟ-ਕੁੱਤੇ ਦੇ ਵੈਰ ਵਾਂਗੂ ਸਮਝਿਆ ਹੈ, ਭਾਵੇਂ ਨੂੰਹ ਕਿੰਨੀ ਵੀ ਚੰਗੀ ਹੋਵੇ, ਸੱਸ ਨੇ ਉਸਦੇ ਕੰਮਾਂ-ਕਾਰਾਂ ਵਿਚ ਕੋਈ ਨਾ ਕੋਈ ਨੁਕਸ ਕੱਢ ਕੇ ਉਸਨੂੰ ਆਪਣੇ ਤੋਂ ਨੀਵਾਂ ਹੀ ਦਿਖਾਉਣਾ ਹੁੰਦਾ ਹੈ। ਇਹ ਇੱਕ ਘਰ ਦੀ ਕਹਾਣੀ ਨਹੀਂ, ਤਕਰੀਬਨ ਹਰ ਦੂਜੇ-ਤੀਜੇ ਘਰ ਦੀ ਕਹਾਣੀ ਹੈ। ਪੰਜਾਬੀ ਫਿਲਮਾਂ ਵਿਚ ਇਨ੍ਹਾਂ ਰਿਸ਼ਤਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪਿਛਲੇ ਸਾਲ ਇੱਕ ਫਿਲਮ ਆਈ ਸੀ 'ਨੀ ਮੈਂ ਸੱਸ ਕੁੱਟਣੀ...'। ਇਸ ਵਿਚ ਨੂੰਹ-ਸੱਸ ਦੇ ਕੌੜੇ-ਮਿੱਠੇ ਤਜ਼ਰਬਿਆਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪਰਦੇ 'ਤੇ ਦਿਖਾਇਆ ਗਿਆ, ਜੋ ਕਿ ਮਨੋਰੰਜਨ ਦੇ ਨਾਲ-ਨਾਲ ਦਰਸ਼ਕਾਂ ਨੂੰ ਇੱਕ ਚੰਗਾ ਸੁਨੇਹਾ ਵੀ ਦਿੰਦਾ ਸੀ ਕਿ ਜੇਕਰ ਨੂੰਹ ਸੱਸ ਦੇ ਰਿਸ਼ਤੇ ਵਿਚ ਮਾਵਾਂ ਧੀਆਂ ਵਰਗਾ ਪਿਆਰ ਬਣ ਜਾਵੇ, ਤਾਂ ਘਰ ਸਵਰਗ ਬਣ ਜਾਂਦਾ ਹੈ। ਉਸੇ ਫਿਲਮ ਦੀ ਮਕਬੂਲੀਅਤ ਸਫਲਤਾ ਤੋਂ ਬਾਅਦ ਹੁਣ "ਨੀਂ ਮੈਂ ਸੱਸ ਕੁੱਟਣੀ" ਦਾ ਦੂਜਾ ਭਾਗ ਵੀ ਆ ਰਿਹਾ ਹੈ। ਸੱਸ ਅਤੇ ਨੂੰਹ ਦੇ ਖੂਬਸੂਰਤ ਤੇ ਸਦੀਵੀਂ ਰਿਸ਼ਤੇ ਦੁਆਲੇ ਘੁੰਮਦੀ ਇਹ ਫਿਲਮ ਇਸ ਰਿਸ਼ਤੇ ਦੇ ਕੌੜੇ-ਮਿੱਠੇ ਪਲਾਂ ਨੂੰ ਪਰਦੇ 'ਤੇ ਪੇਸ਼ ਕਰਦੀ ਹੈ। ਮਨੋਰੰਜਨ ਦੇ ਨਾਲ-ਨਾਲ ਵੱਡਾ ਸੁਨੇਹਾ ਦਿੰਦੀ ਇਹ ਫਿਲਮ 7 ਜੂਨ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਵੇਗੀ। ਪੰਜਾਬੀ ਦੀ ਇਹ ਉਹ ਫ਼ਿਲਮ ਹੈ, ਜਿਸ ਵਿਚ ਮਰਦ ਘੱਟ ਤੇ ਔਰਤਾਂ ਜ਼ਿਆਦਾ ਹਨ। ਫ਼ਿਲਮ ਦੇ ਪੋਸਟਰ 'ਤੇ ਵੀ ਪੰਜਾਬੀ ਇੰਡਸਟਰੀ ਦੇ ਨਾਮੀਂ ਅਦਾਕਾਰਾਂ ਦੀਆਂ ਤਸਵੀਰਾਂ ਨਜ਼ਰ ਆ ਰਹੀਆਂ ਹਨ। ਬਨਵੈਤ ਫ਼ਿਲਮਸ ਵੱਲੋਂ "ਸਾਰੇਗਾਮਾ" ਅਤੇ "ਯੂਡਲੀ ਫਿਲਮਸ" ਦੇ ਸਹਿਯੋਗ ਨਾਲ ਬਣਾਈ ਇਸ ਫਿਲਮ ਦੀ ਕਹਾਣੀ ਵੀ ਨਿਰਦੇਸ਼ਕ ਮੋਹਿਤ ਬਨਵੈਤ ਨੇ ਲਿਖੀ ਹੈ। ਡਾਇਲਾਗ ਮੋਹਿਤ ਬਨਵੈਤ, ਅਮਨ ਸਿੱਧੂ ਅਤੇ ਧਰਮਬੀਰ ਭੰਗੂ ਨੇ ਲਿਖੇ ਹਨ।

ਫਿਲਮ ਦੀ ਟੀਮ ਮੁਤਾਬਕ ਇਹ ਫ਼ਿਲਮ ਪੰਜਾਬੀ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੋਈ ਹੈ। ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਇੱਕ ਅਜਿਹਾ ਪਰਿਵਾਰਕ ਡਰਾਮਾ ਹੈ, ਜੋ ਦਰਸ਼ਕਾਂ ਦੇ ਢਿੱਡੀ ਪੀੜਾਂ ਤਾਂ ਪਾਵੇਗਾ ਹੀ ਬਲਕਿ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਮਜ਼ਬੂਤੀ 'ਤੇ ਵੀ ਜ਼ੋਰ ਦੇਵੇਗਾ। ਜੇ ਧੀਆਂ ਸੱਸ ਨੂੰ ਮਾਂ ਅਤੇ ਸੱਸਾਂ ਨੂੰਹ ਨੂੰ ਧੀਅ ਬਣਾ ਲੈਣ ਤਾਂ ਸਾਰੇ ਝਗੜੇ ਵੀ ਖਤਮ ਪੈ ਜਾਣ ਅਤੇ ਇਸ ਰਿਸ਼ਤੇ ਤੇ ਬਣੀਆਂ ਬੋਲੀਆਂ ਦਾ ਰੰਗ ਵੀ ਬਦਲ ਜਾਵੇ, ਇਹ ਫ਼ਿਲਮ ਹਾਸੇ-ਹਾਸੇ ਵਿਚ ਇਹੋ ਸੁਨੇਹਾ ਦਿੰਦੀ ਹੈ।

ਇਸ ਫ਼ਿਲਮ ਵਿਚ ਅਨੀਤਾ ਦੇਵਗਨ ਨੇ ਸੱਸ ਦਾ ਮੁੱਖ ਕਿਰਦਾਰ ਨਿਭਾਇਆ ਹੈ। ਨਿਰਮਲ ਰਿਸ਼ੀ ਅੱਗੇ ਉਸਦੀ ਸੱਸ ਹੈ ਅਤੇ ਨੂੰਹ ਦਾ ਮੁੱਖ ਕਿਰਦਾਰ ਤਨਵੀ ਨਾਗੀ ਨੇ ਨਿਭਾਇਆ ਹੈ। ਇਸ ਫ਼ਿਲਮ ਵਿਚ ਮਹਿਤਾਬ ਵਿਰਕ, ਤਨਵੀ ਨਾਗੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ, ਅਕਾਂਕਸ਼ਾ ਸਰੀਨ, ਹਾਰਬੀ ਸੰਘਾ, ਰਵਿੰਦਰ ਮੰਡ, ਦਿਲਨੂਰ ਕੌਰ ਅਤੇ ਮਲਕੀਤ ਰੌਣੀ ਸਮੇਤ ਕਈ ਹੋਰ ਚਰਚਿਤ ਚਿਹਰੇ ਨਜ਼ਰ ਆਉਣਗੇ। ਫਿਲਮ ਦੇ ਗੀਤ ਹੈਪੀ ਰਾਏਕੋਟੀ, ਧਰਮਬੀਰ ਭੰਗੂ, ਰੌਣੀ ਅਜਨਾਲੀ ਤੇ ਗਿੱਲ ਮਸ਼ਰਾਲੀ ਨੇ ਲਿਖੇ ਹਨ। ਫਿਲਮ ਦਾ ਮਿਊਜ਼ਿਕ ਐਵੀ ਸਰਾਂ, ਦਾ ਬੌਸ ਅਤੇ ਬਲੈਕ ਵਾਇਰਸ ਵਰਗੇ ਨਾਮੀਂ ਮਿਊਜ਼ਿਕ ਡਾਇਰੈਕਟਰਾਂ ਨੇ ਤਿਆਰ ਕੀਤਾ ਹੈ। 7 ਜੂਨ ਨੂੰ ਰਿਲੀਜ ਹੋਣ ਜਾ ਰਹੀ ਇਸ ਫਿਲਮ ਤੋਂ ਪੰਜਾਬੀ ਸਿਨਮੇ ਨੂੰ ਭਰਪੂਰ ਆਸਾਂ ਹਨ।



# ਸਿੱਖ ਇਤਿਹਾਸ ਦਾ ਖ਼ੂਨੀ ਪੰਨਾ : ਛੋਟਾ ਘੱਲੂਘਾਰਾ

-ਡਾ. ਚਰਨਜੀਤ ਸਿੰਘ ਗੁਮਟਾਲਾ
919417533060
gumtalacs@gmail.com
ਪੰਜਾਬ ਮੇਲ USA






ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਘੱਲੂਘਾਰਾ ਦਾ ਮਤਲਬ ਹੈ ਤਬਾਹੀ, ਗ਼ਾਰਤੀ, ਸਰਵਨਾਸ਼। ਉਨ੍ਹਾਂ ਅਨੁਸਾਰ 2 ਜੇਠ ਸੰਮਤ 1803 ਵਿਚ ਦੀਵਾਨ ਲਖਪਤ ਰਾਇ ਨਾਲ ਜੋ ਖਾਲਸੇ ਦੀ ਲੜਾਈ ਕਾਹਨੂੰਵਾਨ ਦੇ ਛੰਭ ਪਾਸ ਹੋਈ, ਉਹ ਛੋਟਾ ਘੱਲੂਘਾਰਾ ਅਤੇ 28 ਮਾਘ ਸੰਮਤ 1818 (5 ਫਰਵਰੀ, 1762) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁੱਜਰਵਾਲ ਪਾਸ ਕੁੱਪਰਹੀੜੇ ਦੇ ਮਕਾਮ ਹੋਈ, ਉਹ ਵੱਡਾ ਘੱਲੂਘਾਰਾ ਸਿੱਖ ਇਤਿਹਾਸ ਵਿਚ ਪ੍ਰਸਿੱਧ ਹੈ।

ਜਿੱਥੋਂ ਤੱਕ ਛੋਟੇ ਘੱਲੂਘਾਰੇ ਦਾ ਸਬੰਧ ਹੈ, ਇਸ ਦੇ ਇਤਿਹਾਸਕ ਪਿਛੋਕੜ 'ਤੇ ਜਦ ਅਸੀਂ ਝਾਤ ਪਾਉਂਦੇ ਹਾਂ, ਤਾਂ ਪਤਾ ਲੱਗਦਾ ਹੈ ਕਿ 1 ਜੁਲਾਈ, 1745 ਨੂੰ ਜ਼ਕਰੀਆ ਖ਼ਾਨ ਦੀ ਮੌਤ ਹੋ ਗਈ। ਉਸ ਦੇ ਤਿੰਨ ਪੁੱਤਰ ਸਨ ਤੇ ਤਿੰਨੋਂ ਹੀ ਆਪਣੇ ਆਪ ਨੂੰ ਯੋਗ ਵਾਰਸ ਸਮਝਦੇ ਸਨ। ਸਭ ਤੋਂ ਵੱਡੇ ਦਾ ਨਾਂ ਯਾਹੀਆ ਖ਼ਾਨ ਸੀ, ਦੂਜੇ ਦਾ ਹਿਯਾਤ ਉੱਲਾ ਖ਼ਾਨ (ਉਸ ਨੂੰ ਸ਼ਾਹਨਵਾਜ਼ ਵੀ ਕਹਿੰਦੇ ਸਨ) ਤੇ ਤੀਸਰੇ ਦਾ ਨਾਮ ਮੀਰ ਬੱਕੀਰ ਸੀ। ਹਿਯਾਤ-ਉੱਲਾ ਖ਼ਾਨ ਸ਼ਾਹਨਵਾਜ਼ ਖ਼ਾਨ ਜਲੰਧਰ ਦੁਆਬ ਦਾ ਹਾਕਮ ਸੀ, ਜਦ ਉਹ 21 ਨਵੰਬਰ, 1745 ਨੂੰ ਲਾਹੌਰ ਪੁੱਜਾ ਤਾਂ ਯਾਹੀਆ ਖ਼ਾਨ ਪੂਰਨ ਤੌਰ 'ਤੇ ਅਧਿਕਾਰ ਜਮਾ ਚੁੱਕਾ ਸੀ। ਭਰਾਵਾਂ ਦੀ ਤੂੰ-ਤੂੰ ਮੈਂ-ਮੈਂ ਹੋਈ ਪਰ ਸ਼ਾਹ ਨਵਾਜ਼ ਬਟਾਲੇ ਚਲਾ ਗਿਆ। ਤੀਜਾ ਪੁੱਤਰ ਮੀਰ ਬੱਕੀਰ ਮੁਲਤਾਨ ਦਾ ਗਵਰਨਰ ਸੀ, ਉਹ ਇਨ੍ਹਾਂ ਝਗੜਿਆਂ ਵਿਚ ਪੈਣਾ ਨਹੀਂ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਮੁਲਤਾਨ ਦੀ ਨਵਾਬੀ ਕਾਇਮ ਰਹੇ।

ਲਾਹੌਰ ਦੀ ਕਮਜ਼ੋਰ ਹਕੂਮਤ ਦਾ ਲਾਭ ਉਠਾਉਂਦੇ ਹੋਏ ਸਿੱਖਾਂ ਨੇ ਅੰਮ੍ਰਿਤਸਰ ਵੱਲ ਨੂੰ ਮੂੰਹ ਕੀਤਾ। ਆਨੰਦਰਾਮ ਜੋ ਦਿੱਲੀ ਦੇ ਵਜ਼ੀਰ ਕਮਰ-ਉਦ-ਦੀਨ ਦਾ ਮੁਨਸ਼ੀ ਸੀ, ਨੇ ਲਿਖਿਆ ਹੈ ਕਿ ਸਿੱਖ ਜੋ ਪਹਿਲਾਂ ਛੁੱਪ ਕੱਟੀ ਵਿਚ ਦਿਨ ਕੱਟਦੇ ਸਨ, ਹੁਣ ਆਪਣੇ ਘੁਰਨਿਆਂ ਤੋਂ ਨਿਕਲ ਆਏ ਤੇ ਲਾਹੌਰ ਤੱਕ ਮਾਰ ਕਰ ਉਜਾੜਾ ਪਾਉਣ ਲੱਗੇ। ਜ਼ਕਰੀਆ ਖ਼ਾਨ ਦੀ ਮੌਤ ਉਪਰੰਤ ਨਵਾਬ ਕਪੂਰ ਸਿੰਘ ਨੇ 14 ਅਕਤੂਬਰ, 1745 ਨੂੰ ਆਪਣੇ ਜਥੇ ਤੋਂ ਇਲਾਵਾ 24 ਹੋਰ ਜਥੇ ਤੇ ਜਥੇਦਾਰ ਨਿਯਤ ਕੀਤੇ : ਪੰਝੀ ਜਥੇਦਾਰਾਂ ਦੇ ਨਾਮ ਇਹ ਹਨ :-

1. ਸ. ਸ਼ਾਮ ਸਿੰਘ ਨਾਰੋਕੇ, 2. ਸ. ਗੁਰਬਖ਼ਸ਼ ਸਿੰਘ ਕਲਸੀਆਂ, 3. ਸ. ਕਰਮ ਸਿੰਘ ਪੈਜਗੜ੍ਹ, 4. ਸ. ਕਰੋੜਾ ਸਿੰਘ, 5. ਸ. ਨੌਧ ਸਿੰਘ ਸ਼ੁਕਰਚੱਕ, 6. ਸ. ਗੁਰਦਿਆਲ ਸਿੰਘ ਡੱਲੇਵਾਲ 7. ਸ. ਚੰਦਾ ਸਿੰਘ ਸ਼ੁਕਰਚੱਕ, 8. ਸ. ਕਾਲਾ ਸਿੰਘ ਕੰਗ, 9. ਸ. ਖਿਆਲਾ ਸਿੰਘ, 10. ਸ. ਧਰਮ ਸਿੰਘ, 11. ਸ. ਜੱਸਾ ਸਿੰਘ ਆਹਲੂਵਾਲੀਆ, 12. ਸ. ਹਰੀ ਸਿੰਘ ਭੰਗੀ, 13. ਬਾਬਾ ਦੀਪ ਸਿੰਘ 14. ਨਵਾਬ ਕਪੂਰ ਸਿੰਘ, 15. ਸ. ਜੈ ਸਿੰਘ, 16. ਸ. ਸਦਾ ਸਿੰਘ, 17 ਸ. ਹੀਰਾ ਸਿੰਘ ਨਕਈ, 18. ਸ. ਅੱਘੜ ਸਿੰਘ, 19. ਸ. ਸੁੱਖਾ ਸਿੰਘ ਮਾੜੀਕੰਬੋ, 20. ਸ. ਮਦਨ ਸਿੰਘ, 21. ਸ. ਬਾਘ ਸਿੰਘ ਹਲੂਵਾਲੀਆ, 22. ਸ. ਛੱਜਾ ਸਿੰਘ ਪੰਜਵੜ, 23. ਸ. ਧੀਰ ਸਿੰਘ ਮਜ਼ਬੀ, 24. ਕਰਮ ਸਿੰਘ ਨਾਰਲੀ ਅਤੇ 25. ਸ. ਭੂਪਾ ਸਿੰਘ। ਹਰ ਸਿੱਖ ਲਈ ਤਲਵਾਰ, ਘੋੜਾ ਤੇ ਬੰਦੂਕ ਰੱਖਣੀ ਜ਼ਰੂਰੀ ਕਰ ਦਿੱਤੀ ਗਈ। ਇਤਨੇ ਜਥੇ ਬਣਨ ਦਾ ਕਾਰਨ ਦੇਂਦੇ ਪੰਥ ਪ੍ਰਕਾਸ਼ ਦਾ ਲਿਖਾਰੀ ਕਹਿੰਦਾ ਹੈ ਕਿ ਕੋਈ ਵੀ ਉੱਦਮੀ ਤੇ ਸੂਰਮਾ ਸਿੰਘ ਦਸ ਪੰਜ ਸਿਰਲੱਥ ਨਾਲ ਰਲਾ ਕੇ ਜੱਥਾ ਬਣਾ ਲੈਂਦਾ ਸੀ।

ਯਹੀਆ ਖ਼ਾਨ ਨੇ ਤਾਕਤ ਹੱਥ ਵਿਚ ਲੈਂਦੇ ਸਾਰ ਹੀ ਦੀਵਾਨ ਲਖਪਤ ਰਾਇ ਨੂੰ ਦੀਵਾਨ ਥਾਪਿਆ, ਜੋ ਕਿ ਜਸਪਤ ਰਾਇ ਦਾ ਵੱਡਾ ਭਰਾ ਸੀ। ਜਦ ਲਖਪਤ ਰਾਇ ਨੇ ਸਿੱਖਾਂ ਦਾ ਰੋੜੀ ਸਾਹਿਬ ਜੁੜਨਾ ਸੁਣਿਆ, ਤਾਂ ਉਸ ਖ਼ਾਸ ਹਦਾਇਤਾਂ ਜਸਪਤ ਰਾਇ ਵੱਲ ਭੇਜੀਆਂ। ਜਸਪਤ ਰਾਇ ਨੇ ਇਕੱਠੇ ਸਿੱਖਾਂ ਉੱਤੇ ਹੱਲਾ ਕਰ ਦਿੱਤਾ। ਸਿੱਖ ਵੀ ਟਾਕਰੇ 'ਤੇ ਡੱਟ ਗਏ। ਜਸਪਤ ਰਾਇ ਹਾਥੀ ਉੱਤੇ ਚੜ੍ਹਿਆ, ਫੌਜਾਂ ਨੂੰ ਹਮਲਾ ਕਰਨ ਦੇ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਅੱਗੇ ਵੱਧ ਕੇ ਜਸਪਤ ਰਾਇ ਉੱਤੇ ਹਮਲਾ ਕਰ ਦਿੱਤਾ। ਹਾਥੀ ਦੀ ਪੂਛ ਪਕੜ ਕੇ ਹੁੰਦੇ ਵਿਚ ਉਹ ਜਾ ਵੜਿਆ ਅਤੇ ਜਸਪਤ ਰਾਇ ਦਾ ਸਿਰ ਵੱਢ ਆਂਦਾ। ਸਿੰਘਾਂ ਸ਼ਹਿਰ ਵਿਚੋਂ ਰਸਦ ਪਾਣੀ ਲਿਆ ਲੰਗਰ ਚਲਾਏ ਅਤੇ ਅੱਗੇ ਚਲੇ ਗਏ। ਜਸਪਤ ਰਾਇ ਦਾ ਸਿਰ ਗੁਸਾਈਂ ਕਿਰਪਾ ਰਾਮ ਬਦੋਕੀ ਨੂੰ 500 ਰੁਪਏ ਲੈ ਕੇ ਵਾਪਸ ਕੀਤਾ।

ਲਖਪਤ ਰਾਇ ਨੇ ਜਦ ਜਸਪਤ ਰਾਇ ਦੀ ਮੌਤ ਦੀ ਖ਼ਬਰ ਸੁਣੀ, ਤਾਂ ਲੋਹਾ ਲਾਖਾ ਹੋ ਗਿਆ। ਭਰੇ ਦਰਬਾਰ ਵਿਚ ਲਖਪਤ ਰਾਇ ਨੇ ਪੱਗੜੀ ਉਤਾਰੀ ਤੇ ਪਾਨ ਦਾ ਬੀੜਾ ਚੁੱਕ ਕੇ ਕਸਮ ਉਠਾਈ ਕਿ "ਉਸ ਦਿਨ ਤੱਕ ਪੱਗੜੀ ਸਿਰ ਉੱਤੇ ਨਹੀਂ ਰੱਖਾਂਗਾ, ਜਦ ਤੱਕ ਸਿੱਖਾਂ ਨੂੰ ਨਹੀਂ ਮੁਕਾ ਲੈਂਦਾ"। ਵੱਡੇ ਹੰਕਾਰ ਵਿਚ ਉਸ ਕਿਹਾ, "ਸਿੱਖੀ ਇੱਕ ਖੱਤਰੀ (ਗੁਰੂ ਨਾਨਕ) ਨੇ ਸ਼ੁਰੂ ਕੀਤੀ ਸੀ। ਹੁਣ ਇੱਕ ਖੱਤਰੀ ਹੀ ਮੁਕਾਵੇਗਾ। ਉਸ ਸਮੇਂ ਤੱਕ ਖੱਤਰੀ ਨਹੀਂ ਕਹਿਲਾਵਾਂਗਾ, ਜਦ ਤੱਕ ਸਿੱਖੀ ਮੁਕਾ ਨਹੀਂ ਲੈਂਦਾ। ਸਿੱਖਾਂ ਦੇ ਸਿਰਾਂ ਵਿਚ ਕੈਂਚੀਆਂ ਫੇਰਾਂਗਾ ਤੇ ਇਨ੍ਹਾਂ ਦਾ ਨਾ ਕੋਈ ਨਹੀਂ ਲਵੇਗਾ। ਉਤਨੀ ਦੇਰ ਤੱਕ ਪਗੜੀ ਵੀ ਸਿਰ ਨਹੀਂ ਬੰਨ੍ਹਾਂਗਾ"। ਨਵਾਬ ਯਾਹੀਆ ਖ਼ਾਨ ਨੇ 'ਯਿਹ ਅੱਛੀ ਕਾਰ' ਕਹਿ ਹੱਲਾਸ਼ੇਰੀ ਦਿੱਤੀ। ਆਪਣੇ ਕੰਮ ਦਾ ਆਰੰਭ ਕਰਨ ਲਈ ਲਾਹੌਰ ਸ਼ਹਿਰ ਦੇ ਸਾਰੇ ਵਸਨੀਕ ਸਿੱਖ ਪਕੜ ਮੰਗਾਏ ਤੇ 10 ਮਾਰਚ, 1746 ਦੀ ਤਰੀਕ ਨਿਯਤ ਕੀਤੀ ਗਈ ਕਿ ਉਨ੍ਹਾਂ ਸਭਨਾਂ ਦੇ ਖੋਪਰ ਉਤਾਰ ਸ਼ਹੀਦ ਕਰ ਦਿੱਤਾ ਜਾਏ। ਐਸੀ ਭਿਆਨਕ ਖ਼ਬਰ ਸੁਣ ਕੇ ਸ਼ਹਿਰੀ ਪਤਵੰਤੇ ਹਿੰਦੂ, ਗੁਸਾਈਂ ਜਗਤ ਭਗਤ ਦੀਵਾਨ ਕੌੜਾ ਮਲ, ਦੀਵਾਨ ਲਛੀ ਰਾਮ, ਸੂਰਤ ਸਿੰਘ, ਦੀਵਾਨ ਦੇਸ ਰਾਜ, ਚੌਧਰੀ ਜਵਾਹਰ ਮੱਲ ਦੀ ਅਗਵਾਈ ਹੇਠਾਂ ਲਖਪਤ ਰਾਇ ਨੂੰ ਬੇਦੋਸ਼ਿਆਂ ਦੇ ਖ਼ੂਨ ਕਰਨ ਤੋਂ ਰੋਕਣ ਆਏ ਅਤੇ ਇੱਥੋਂ ਤੱਕ ਕਿਹਾ ਕਿ ਸਾਡੀ ਖ਼ਾਤਰ ਛੱਡ ਦਿਓ। ਉਨ੍ਹਾਂ ਇਹ ਵੀ ਕਿਹਾ ਕਿ 10 ਮਾਰਚ ਨੂੰ ਸੋਮਾਵਤੀ ਅਮਾਵਸ ਹੈ, ਉਸ ਦਿਨ ਮਾਰਨਾ ਵੀ ਠੀਕ ਨਹੀਂ, ਪਰ ਉਸ ਆਖਿਆ ਕਿ ਜੇ ਰੱਬ ਵੀ ਕਹੇ ਤਾਂ ਵੀ ਨਹੀਂ ਛੱਡਾਂਗਾ।

ਯਾਹੀਆ ਖ਼ਾਨ ਵੀ ਲਖਪਤ ਰਾਇ ਦੇ ਇਸ਼ਾਰੇ ਉੱਤੇ ਟੁਰਨ ਲੱਗਾ। ਯਾਹੀਆ ਖ਼ਾਨ ਨੇ ਵੀ ਸਖ਼ਤ ਤੋਂ ਸਖ਼ਤ ਹੁਕਮ ਕੱਢੇ। ਢਿੰਡੋਰੇ ਦੇ ਰਾਹੀਂ ਇਹ ਖ਼ਬਰ ਪਹੁੰਚਾਈ ਗਈ ਕਿ ਜਿੱਥੇ ਵੀ ਸਿੱਖ ਮਿਲੇ, ਉਸ ਨੂੰ ਪਕੜ ਕੇ ਰਾਜ ਦਰਬਾਰ ਵਿਚ ਪੇਸ਼ ਕੀਤਾ ਜਾਏ। ਕੋਈ ਸ਼ਖ਼ਸ ਗੁੜ ਨੂੰ ਗੁੜ ਨਾ ਆਖੇ, ਗੁੜ ਕਿਹਾ 'ਗੁਰ' ਯਾਦ ਆ ਜਾਂਦਾ ਹੈ ਤੇ ਗੁਰੂ ਯਾਦ ਆਇਆਂ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ ਜਜ਼ਬਾ ਭੜਕਦਾ ਹੈ, ਇਸ ਲਈ ਗੁੜ ਨੂੰ ਰੋੜੀ ਜਾਂ ਭੇਲੀ ਆਖੋ। ਕੋਈ ਸ਼ਖ਼ਸ ਪੁਸਤਕ ਨੂੰ ਗ੍ਰੰਥ ਨਾ ਆਖੇ, ਗ੍ਰੰਥ ਆਖਿਆਂ ਸਿੱਖਾਂ ਦਾ 'ਗੁਰੂ ਗ੍ਰੰਥ ਸਾਹਿਬ' ਚੇਤੇ ਆ ਜਾਂਦਾ ਹੈ ਤੇ 'ਗ੍ਰੰਥ ਸਾਹਿਬ' ਚੇਤੇ ਆਇਆਂ ਸਿੱਖੀ ਵਿਚ ਵਾਧਾ ਹੁੰਦਾ ਹੈ। ਸਾਰੇ ਗ੍ਰੰਥ ਨੂੰ ਪੋਥੀ ਆਖਣ। ਗੁਰੂ ਗ੍ਰੰਥ ਸਾਹਿਬ ਲੱਭ-ਢੂੰਡ ਅਗਨੀ ਵਿਚ ਪਾ ਸਾੜੇ ਗਏ। ਕੁਝ ਦਰਿਆ ਤੇ ਖੂਹਾਂ ਵਿਚ ਸੁੱਟ ਦਿੱਤੇ ਗਏ। ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਇਹ ਛੋਟੇ ਘੱਲੂਘਾਰੇ ਦਾ ਆਰੰਭ ਸੀ।

ਜ਼ਕਰੀਆ ਖਾਂ ਨੇ ਡੱਲੇਵਾਲ ਦਾ ਕਿਲ੍ਹਾ ਢਾਹ ਦਿੱਤਾ, ਜੋ ਸਿੱਖਾਂ ਨੇ ਰਾਵੀ ਦੇ ਕਿਨਾਰੇ ਆਪਣੇ ਲਈ ਬਣਾਇਆ ਸੀ ਤੇ ਪੇਂਡੂ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਉਹ ਸਿੱਖਾਂ ਨੂੰ ਪਕੜ ਕੇ ਉਸ ਦੇ ਹਵਾਲੇ ਕਰਨ, ਤਾਂ ਜੋ ਉਨ੍ਹਾਂ ਨੂੰ ਕਤਲ ਕੀਤਾ ਜਾ ਸਕੇ। ਉਸ ਨੇ ਸਿੱਖਾਂ ਦਾ ਸ਼ਿਕਾਰ ਖੇਡਣਾ ਵੀ ਇੱਕ ਵਪਾਰ ਜਾਂ ਧੰਦਾ ਬਣਾ ਦਿੱਤਾ। ਉਸ ਨੇ ਸਿੱਖਾਂ ਦੀ ਗ੍ਰਿਫ਼ਤਾਰੀ ਲਈ ਦਰਜਾ ਬੰਦ ਕਰ ਦਿੱਤੀ। ਸਿੱਖ ਦੇ ਵਾਲ ਕੱਟ ਕੇ ਲਿਆਉਣ ਵਾਲੇ ਨੂੰ ਕੰਬਲ ਇਨਾਮ ਦਿੱਤੇ ਜਾਣ ਦੀ ਪੇਸ਼ਕਸ਼ ਕੀਤੀ ਗਈ। ਸਿੱਖ ਬਾਰੇ ਜਾਣਕਾਰੀ ਦੇਣ ਵਾਲੇ ਨੂੰ 10 ਰੁਪਏ, ਸਿੱਖ ਦੀ ਖੋਪਰੀ ਲਈ 50 ਰੁਪਏ ਇਨਾਮ ਰੱਖੇ ਗਏ। ਸਿੱਖਾਂ ਦਾ ਘਰ ਨੂੰ ਲੁੱਟਣਾ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਬਣਾ ਦਿੱਤਾ ਗਿਆ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਜਾਂ ਸਿੱਖ ਬਾਰੇ ਜਾਣਕਾਰੀ ਲੁਕਾਉਣ ਵਾਲੇ ਨੂੰ ਮੌਤ ਦਾ ਦੰਡ ਦੇਣ ਦਾ ਐਲਾਨ ਕੀਤਾ ਗਿਆ।

ਜ਼ਕਰੀਆ ਖ਼ਾਂ ਦੀ ਨੀਤੀ ਨੇ ਪਿੰਡਾਂ ਵਿਚੋਂ ਸਿੱਖਾਂ ਦਾ ਮਲੀਆਮੇਟ ਕਰ ਦਿੱਤਾ ਤੇ ਸੈਂਕੜੇ ਹੀ ਸਿੱਖ ਹੱਥਕੜੀਆਂ ਲਾ ਕੇ ਲਿਆਂਦੇ ਗਏ, ਜਿੱਥੇ ਉਨ੍ਹਾਂ ਨੂੰ ਸ਼ਰੇਆਮ ਨਖ਼ਾਸ (ਘੋੜਾ ਮੰਡੀ) ਵਿਚ ਸਿਰ ਵੱਢ ਕੇ ਮਾਰ ਦਿੱਤਾ ਗਿਆ। ਇਸ ਥਾਂ ਨਾਮ ਮਗਰੋਂ ਮ੍ਰਿਤਕ ਹੋਏ ਲੋਕਾਂ ਦੀ ਯਾਦ ਵਿਚ ਸ਼ਹੀਦ ਗੰਜ ਪੈ ਗਿਆ।

ਲਖਪਤ ਰਾਇ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਉਪਰੰਤ ਅੰਮ੍ਰਿਤਸਰ ਵੱਲ ਵਧਿਆ। ਅੰਮ੍ਰਿਤਸਰ ਵੀ ਇੱਕ ਦਮ ਫੌਜਾਂ ਦਾ ਹੱਲਾ ਹੋ ਜਾਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਇਹ ਸੋਚ ਬਣੀ ਕਿ ਕਾਹਨੂੰਵਾਨ ਦੇ ਛੰਭਾਂ ਵੱਲ ਚਲਿਆ ਜਾਏ। ਉੱਥੇ ਹੀ ਬਚ ਜਾਣ ਦੀ ਕੋਈ ਸੂਰਤ ਨਿਕਲ ਸਕਦੀ ਹੈ। ਕਾਹਨੂੰਵਾਨ ਦੇ ਛੰਭਾਂ ਵੱਲ ਜਾਂਦੇ ਹੀ ਰਸਤੇ ਵਿਚ ਫੌਜਾਂ ਨੇ ਰੋਕ ਪਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਇ ਨੇ ਜੰਗਲ ਕਟਵਾਣੇ ਆਰੰਭ ਕਰ ਦਿੱਤੇ ਤੇ ਝਲ ਸਾੜ ਕੇ ਤੋਪਾਂ ਸੇਧ ਕੇ ਸਿੰਘਾਂ 'ਤੇ ਚਲਾਈਆਂ।

ਸਿੰਘਾਂ ਫੈਸਲਾ ਕਰ ਲਿਆ ਕਿ ਝੱਲਾਂ ਵਿਚ ਲੁੱਕਿਆਂ ਸ਼ਹੀਦੀਆਂ ਲੈਣੀਆਂ ਠੀਕ ਨਹੀਂ। ਇਸ ਲਈ ਸੁਰਮੇ ਝੱਲਾਂ ਤੋਂ ਬਾਹਰ ਆ ਗਏ। ਪਰ ਕੁਝ ਵੱਡਿਆਂ ਨੇ ਸਲਾਹ ਦਿੱਤੀ ਕਿ ਤੁਹਾਡੀ ਕੁਰਬਾਨੀ ਅਥਾਹ ਹੈ ਪਰ ਸਿਆਣਪ ਇਸ ਵਿਚ ਹੈ ਕਿ ਦਾਅ ਨਾਲ ਲੜਿਆ ਜਾਏ। ਵਿਚਾਰ ਇਹ ਬਣੀ ਕਿ ਬਸੋਲੀ ਦੀਆਂ ਪਹਾੜੀਆਂ ਵਿਚ ਪਨਾਹ ਲਈ ਜਾਏ। ਪਰ ਉੱਥੇ ਪਹਿਲਾਂ ਹੀ ਫੌਜਾਂ ਨੂੰ ਲਾਹੌਰ ਤੋਂ ਸ਼ਾਹੀ ਫ਼ੁਰਮਾਨ ਪੁੱਜ ਚੁੱਕਾ ਸੀ ਕਿ ਕਿਸੇ ਕਿਸਮ ਦੀ ਪਨਾਹ ਜਾਂ ਮਦਦ ਸਿੱਖਾਂ ਨੂੰ ਨਾ ਦਿੱਤੀ ਜਾਏ। 'ਬਸੋਲੀ' ਵਿਚ ਸਿੱਖਾਂ ਦਾ ਸਵਾਗਤ ਗੋਲੀਆਂ ਅਤੇ ਪੱਥਰਾਂ ਨਾਲ ਹੋਇਆ। ਸਿੱਖਾਂ ਨੇ ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰੇ ਹੋਏ ਪਾਇਆ। ਸੱਜੇ ਪਾਸੇ ਰਾਵੀ, ਪਿੱਛੇ ਫ਼ੌਜ, ਅੱਗੇ ਫ਼ੌਜ ਅਤੇ ਸਾਹਮਣੇ ਪਹਾੜੀ ਤੇ ਉੱਤੋਂ ਪੱਥਰਾਂ ਤੇ ਗੋਲੀਆਂ ਦੀ ਵਰਸ਼ਾ। ਨਾ ਰਸਦ, ਨਾ ਪਾਣੀ, ਨਾ ਤੋਪਾਂ, ਨਾ ਬਾਰੂਦ, ਘੋੜੇ ਥੱਕੇ ਮਾਂਦੇ ਤੇ ਫਿਰ ਪਹਾੜ ਦੀਆਂ ਚੜ੍ਹਾਈਆਂ। ਸ਼ਸ਼ਤਰ ਕੱਟ-ਕੱਟ ਕੇ ਲੜ-ਲੜ ਕੇ ਖੁੰਡੇ ਹੋ ਗਏ ਸਨ। ਕਮਾਨਾਂ ਕਮਜ਼ੋਰ ਹੋ ਗਈਆਂ ਤੇ ਤੀਰ ਮੁੱਕ ਗਏ। ਨੇਜ਼ਿਆਂ ਦੇ ਫਾਲੇ ਦੁਸ਼ਮਣਾਂ ਦੇ ਤਨਾਂ ਵਿਚ ਰਹਿ ਗਏ ਸਨ ਤੇ ਹੋਰ ਘੜਨ ਵਾਲੇ ਘਾੜੇ ਨਹੀਂ ਸਨ। ਇਹ ਵਿਚਾਰ ਬਣੀ ਕਿ ਇੱਕ ਜੱਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ, ਤੀਜੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠਾਂ ਲਖਪਤ ਰਾਇ ਦਾ ਟਾਕਰਾ ਕਰੇ।

ਕਈ ਪਹਾੜੀ ਚੜ੍ਹ ਗਏ। ਸਰਦਾਰ ਗੁਰਦਿਆਲ ਸਿੰਘ ਡੱਲੇਵਾਲ ਅਤੇ ਉਸ ਦੇ ਭਰਾ ਹਰਦਿਆਲ ਸਿੰਘ ਨੇ ਰਾਵੀ ਦਾ ਬਹਾਉ ਦੇਖਣ ਲਈ ਘੋੜੇ ਠੇਲ੍ਹੇ ਹੀ ਸਨ ਕਿ ਗੋਤਾ ਖਾ ਗਏ, ਉਨ੍ਹਾਂ ਦਾ ਕੁਝ ਪਤਾ ਨਾ ਲੱਗ ਸਕਿਆ। ਦੂਜੇ ਪਾਸੇ ਰਾਵੀ ਲੰਘਣੀ ਇੱਕ ਔਖੀ ਗੱਲ ਹੋ ਗਈ। ਇਹ ਹੀ ਵਿਚਾਰ ਬਣੀ ਕਿ ਪੈਦਲ ਜਥੇ ਪਹਾੜੀਆਂ ਟੱਪ ਕੇ ਕੁਲੂ ਤੇ ਮੰਡੀ ਵੱਲ ਨਿਕਲ ਜਾਣ ਅਤੇ ਜੋ ਘੋੜਿਆਂ ਉੱਤੇ ਹਨ, ਉਹ ਪਿੱਛੇ ਮੁੜ ਕੇ ਟਾਕਰਾ ਕਰਨ। ਇਸੇ ਤਰ੍ਹਾਂ ਕੁਝ ਤਾਂ ਪਹਾੜੀਆਂ ਉੱਤੇ ਚੜ੍ਹ ਗਏ ਤੇ ਮੁਸੀਬਤਾਂ ਝਾਗ ਕੇ ਤਕਰੀਬਨ ਛੇ ਮਹੀਨਿਆਂ ਉਪਰੰਤ ਕੀਰਤਪੁਰ ਆ ਸਿੱਖਾਂ ਨੂੰ ਮਿਲੇ। ਬਾਕੀ ਸਿੰਘ ਰਹਿ ਗਏ, ਉਨ੍ਹਾਂ ਨਿਰਣਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਇ ਦੀਆਂ ਫੌਜਾਂ 'ਤੇ ਹੱਲਾ ਬੋਲ ਦਿੱਤਾ ਜਾਏ। ਇੰਝ ਹੀ ਕੀਤਾ ਗਿਆ। ਨਵਾਬ ਕਪੂਰ ਸਿੰਘ ਜੀ ਅਗਵਾਈ ਕਰ ਰਹੇ ਸਨ, ਸਰਦਾਰ ਜੱਸਾ ਸਿੰਘ ਇੱਕ ਸਿਰੇ ਨੂੰ ਸਾਂਭ ਰਹੇ ਸਨ ਤੇ ਸਰਦਾਰ ਸੁੱਖਾ ਸਿੰਘ ਜੀ ਅੱਗੇ ਵੱਧ ਕੇ ਮੋਹਰਲਾ ਪੱਖ ਤੋੜ ਰਹੇ ਸਨ। ਨੇੜੇ ਹੀ ਸੀ ਕਿ ਸੂਰਦਾਰ ਸੁੱਖਾ ਸਿੰਘ ਲਖਪਤ ਰਾਇ ਨੂੰ ਮਾਰ ਮੁਕਾਉਂਦੇ ਕਿ ਉਨ੍ਹਾਂ ਦੇ ਘੋੜੇ ਨੂੰ ਤੋਪ ਦਾ ਇੱਕ ਐਸਾ ਗੋਲਾ ਲੱਗਾ ਕਿ ਉਨ੍ਹਾਂ ਦੀ ਲੱਤ ਸਖ਼ਤ ਜ਼ਖ਼ਮੀ ਹੋ ਗਈ ਤੇ ਉਹ ਪਿੱਛੇ ਹਟ ਗਏ। ਪਿੱਛੋਂ ਲੱਤ ਵੱਢ ਕੇ ਲੱਕੜ ਦੀ ਲਗਾਈ ਗਈ।

ਸਰਦਾਰ ਜੱਸਾ ਸਿੰਘ ਜੀ ਦੇ ਪੱਟ ਵਿਚ ਵੀ ਗੋਲੀ ਲੱਗੀ ਪਰ ਆਪ ਜੀ ਨੇ ਪੱਟ ਨੂੰ ਹੱਥੇ ਨਾਲ ਬੰਨ੍ਹ ਲਿਆ ਤੇ ਉਸੇ ਤਰ੍ਹਾਂ ਲੜਦੇ ਰਹੇ, ਜਿਵੇਂ ਸੱਟ ਲੱਗੀ ਹੀ ਨਹੀਂ ਹੁੰਦੀ। ਨਵਾਬ ਕਪੂਰ ਸਿੰਘ ਜੀ 'ਤੇ ਸਿੱਧਾ ਵਾਰ ਹੋਇਆ ਪਰ ਗੁਰੂ ਕ੍ਰਿਪਾ ਨਾਲ ਉਹ ਬਚ ਗਏ। ਇਹ ਮਨਸੂਬਾ ਬਣਾਇਆ ਕਿ ਹੁਣ ਤਾਂ ਖਿੰਡ-ਪੁੰਡ ਜਾਓ ਤੇ ਫਿਰ ਇਕੱਠੇ ਹੋ ਕੇ ਮਾਝੇ ਆਣ ਮਚਾਵੋ ਸ਼ੋਰ। ਇਹ ਘਟਨਾ ਪਹਿਲੀ ਜੂਨ 1746 ਨੂੰ ਹੋਈ। ਬਾਕੀ ਸਿੱਖ ਜੋ ਦੋ ਹਜ਼ਾਰ ਦੇ ਕਰੀਬ ਸਨ, ਪੂਰਬੀ ਕਿਨਾਰੇ ਤੋਂ ਰਾਵੀ ਪਾਰ ਕਰਕੇ ਰੇਤਲੇ ਮੈਦਾਨ ਵਿਚ ਨਿਕਲ ਗਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਆਰੰਭ ਸੀ ਤੇ ਦੁੱਖ ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ ਸਨ। ਰੇਤਲੇ ਮੈਦਾਨਾਂ ਨੂੰ ਜੇਠ ਹਾੜ ਦੀਆਂ ਧੁੱਪਾਂ ਵਿਚ ਪਾਰ ਕਰਕੇ ਬਿਆਸ ਤੱਕ ਪੁੱਜਣਾ ਇੱਕ ਹੋਰ ਔਖੀ ਘਾਟੀ ਸੀ।

ਸਿੱਖਾਂ ਪਗੜੀਆਂ ਉਤਾਰ ਕੇ ਪੈਰਾਂ ਵਿਚ ਬੰਨ੍ਹੀਆਂ ਤੇ ਧੁੱਪਾਂ ਤਨ ਬਦਨ 'ਤੇ ਸਹਾਰਦੇ ਤੁਰੀ ਗਏ। ਸ੍ਰੀ ਹਰਿਗੋਬਿੰਦਪੁਰ ਦੇ ਲਾਗੇ ਤੋਂ ਬਿਆਸ ਪਾਰ ਕਰ ਗਏ। ਕਈ ਦਿਨਾਂ ਦੇ ਭੁੱਖੇ ਹੋਣ ਕਾਰਨ ਆਪਣੀਆਂ ਢਾਲਾਂ ਨੂੰ ਤਵੇ ਬਣਾ ਕੇ ਰੋਟੀਆਂ ਪਕਾਉਣ ਲੱਗੇ। ਅੱਗ ਦੀ ਥਾਂ ਤਪਦੀ ਰੇਤ ਵਿਚ ਢਾਲਾਂ ਗਰਮ ਕਰਨ ਲਈ ਰੱਖੀਆਂ ਤਾਂ ਕਿ ਢਾਲਾਂ ਉੱਤੇ ਰੋਟੀ ਪਕਾਈ ਜਾ ਸਕੇ। ਅਜੇ ਰੋਟੀਆਂ ਪਕਾਉਣ ਹੀ ਲੱਗੇ ਸਨ ਕਿ ਪਠਾਣਾਂ ਦੇ ਇੱਕ ਦਸਤੇ ਨੇ ਹਮਲਾ ਕਰ ਦਿੱਤਾ। ਉਹ ਪਠਾਣਾਂ ਨਾਲ ਸਿੱਝ ਸਕਦੇ ਸਨ ਪਰ ਉਨ੍ਹਾਂ ਨੂੰ ਇਹ ਖ਼ਬਰ ਵੀ ਪੁੱਜ ਚੁੱਕੀ ਸੀ ਕਿ ਲਖਪਤ ਰਾਇ ਫੌਜਾਂ ਨਾਲ ਪਿੱਛੇ ਆ ਰਿਹਾ ਹੈ। ਸਿੱਖ ਸਤਲੁਜ ਪਾਰ ਕਰਨ ਲਈ ਅਲੀਵਾਲ ਵੱਲ ਭੱਜ ਉਠੇ। ਸਤਲੁਜ ਪਾਰ ਕਰਕੇ ਮਾਲਵਾ ਦੀ ਧਰਤੀ ਜਾ ਪੁੱਜੇ। ਮਾਲਵੇ ਦੇ ਸਿੰਘਾਂ ਚੰਗੀ ਦੇਖਭਾਲ ਕੀਤੀ ਅਤੇ ਜੱਥਿਆਂ ਨੂੰ ਵੰਡ ਕੇ ਸੇਵਾ ਕੀਤੀ। ਜੈਤੋ-ਸਰਦਾਰ ਸੁੱਖਾ ਸਿੰਘ, ਕੋਟਕਪੂਰਾ-ਸਰਦਾਰ ਜੱਸਾ ਸਿੰਘ, ਵਿੰਝੂ ਕੇ-ਸਰਦਾਰ ਤਰਲੋਕ ਸਿੰਘ ਧਿੰਧ, ਦਯਾਲਪੁਰੇ-ਭਾਈ ਹਰੀ ਸਿੰਘ ਭੰਗੀ, ਬਠਿੰਡੇ-ਨਕਈ ਸਰਦਾਰ, ਦਮਦਮੇ ਸਾਹਿਬ-ਬਾਬਾ ਦੀਪ ਸਿੰਘ, ਨਵਾਬ ਕਪੂਰ ਸਿੰਘ-ਬਰਨਾਲੇ ਅਤੇ ਸਰਦਾਰ ਚੜ੍ਹਤ ਸਿੰਘ ਪੱਕੇ-ਪਥਰਾਲੇ। ਇਸ ਤਰ੍ਹਾਂ ਖਿੰਡ ਕੇ ਕੁਝ ਦਿਨ ਕੱਟੇ। ਲਖਪਤ ਰਾਇ ਵੀ ਵਾਪਸ ਮੁੜ ਗਿਆ ਸੀ ਕਿਉਂਜੋ ਉਹ ਖਿਆਲ ਕਰਦਾ ਸੀ ਕਿ ਸਿੱਖਾਂ ਦੀ ਕਮਰ ਤੋੜ ਦਿੱਤੀ ਗਈ ਹੈ। ਨਾਲੇ ਲਾਹੌਰ ਦੇ ਹਾਲਾਤ ਮੁੜਨ ਦੀ ਪ੍ਰੇਰਨਾ ਕਰ ਰਹੇ ਸਨ। ਇਸ ਘੱਲੂਘਾਰੇ ਵਿਚ 10,000 ਦੇ ਕਰੀਬ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ ਅਤੇ ਇਹ ਘੱਲੂਘਾਰਾ 30 ਜੂਨ ਤੱਕ ਹੁੰਦਾ ਰਿਹਾ। ਇਸ ਲੜਾਈ ਵਿਚ ਬਹੁਤ ਭਾਰੀ ਨੁਕਸਾਨ ਹੋਣ ਕਰਕੇ ਸਿੱਖ ਇਸ ਨੂੰ ਛੋਟਾ ਘੱਲੂਘਾਰਾ ਕਹਿੰਦੇ ਹਨ। ਵੱਡਾ ਘੱਲੂਘਾਰਾ ਅਬਦਾਲੀ ਦੇ ਵੇਲੇ 5 ਫਰਵਰੀ, 1762 ਨੂੰ ਹੋਇਆ। ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਖਪਤ ਰਾਇ ਲਾਹੌਰ ਲੈ ਗਿਆ। ਉੱਥੇ ਹੀ ਸਿਰਾਂ ਦਾ ਮੀਨਾਰ ਉਸਾਰਿਆ। ਕਈ ਸੌ ਜਿਉਂਦੇ ਵੀ ਪਕੜ ਕੇ ਲੈ ਗਿਆ ਅਤੇ ਉਨ੍ਹਾਂ ਨੂੰ ਘੋੜਿਆਂ ਦੀ ਮਾਰਕੀਟ (ਨਖ਼ਾਸ) ਦੇ ਲਾਗੇ ਸ਼ਹੀਦ ਕੀਤਾ, ਜਿਥੇ ਅੱਜਕੱਲ੍ਹ ਸ਼ਹੀਦ ਗੰਜ ਹੈ।

ਜੂਨ 1746 ਤੋਂ ਬਾਅਦ ਸ਼ਾਹ ਨਵਾਜ਼ ਖ਼ਾਨ ਅਤੇ ਯਾਹੀਆ ਖ਼ਾਨ ਐਸੇ ਝਗੜੇ ਵਿਚ ਰੁਝੇ ਕਿ ਸਿੱਖਾਂ ਵੱਲੋਂ ਉਕਾ ਹੀ ਧਿਆਨ ਹਟ ਗਿਆ। ਸਿੱਖਾਂ ਨੂੰ ਛੋਟੇ ਘੱਲੂਘਾਰੇ ਵਿਚ ਤਗੜੀ ਸੱਟ ਵੱਜੀ ਸੀ, ਪਰ ਨਵਾਬੀ ਲਈ ਲੜਦੇ ਭਰਾਵਾਂ ਦੇ ਝਗੜੇ ਨੂੰ ਗਨੀਮਤ ਸਮਝ ਕੇ ਛੁਪਨਗਾਹਾਂ ਵਿਚੋਂ ਨਿਕਲ ਕੇ ਮੈਦਾਨਾਂ ਵਿਚ ਆ ਗਏ। ਤਰੁਨਾ ਦਲ ਖਾਸ ਤੌਰ 'ਤੇ ਤੇਜ਼ ਹੋ ਗਿਆ। ਬੁੱਢਾ ਦਲ ਦੇ ਜਥੇਦਾਰ ਨਵਾਬ ਕਪੂਰ ਸਿੰਘ ਵੀ ਅੰਮ੍ਰਿਤਸਰ ਵੱਲ ਟੁਰ ਪਏ। ਦੀਵਾਲੀ ਸਿੱਖਾਂ ਅੰਮ੍ਰਿਤਸਰ ਹੀ ਮਨਾਈ। ਉੱਥੇ ਹੀ ਸਿੱਖਾਂ ਨੂੰ ਖ਼ਬਰ ਪੁੱਜੀ ਕਿ ਲਖਪਤ ਰਾਇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਿੱਖਾਂ ਨੇ ਸ਼ਾਹ ਨਵਾਜ਼ ਕੋਲੋਂ ਲਖਪਤ ਰਾਇ ਦੀ ਮੰਗ ਕੀਤੀ। ਸਿੰਘਾਂ ਇਹ ਵੀ ਫੈਸਲਾ ਕੀਤਾ ਕਿ ਅੰਮ੍ਰਿਤਸਰ ਦੀ ਰੱਖਿਆ ਲਈ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ 'ਤੇ ਕਿਲ੍ਹਾ ਬਣਾਇਆ ਜਾਵੇ, ਜਿਸ ਦਾ ਨਾਂ ਰਾਮ ਰੌਣੀ ਰੱਖਿਆ ਜਾਵੇ। ਕਿਉਂਕਿ ਬਿਨਾਂ ਆਸਰੇ ਤਾਂ ਸ਼ੇਰ ਵੀ ਨਹੀਂ ਲੜਦਾ। ਫਿਰ ਇੱਥੇ ਗੁਰੂ ਚਰਨਾਂ ਵਿਚ ਸ਼ਹੀਦ ਹੋਣ ਦਾ ਮਜ਼ਾ ਹੀ ਹੋਰ ਹੋਵੇਗਾ। ਪਰ ਅਜੇ ਲਾਹੌਰ ਦਾ ਝਗੜਾ ਇੱਕ ਪਾਸੇ ਨਹੀਂ ਸੀ ਮੁੱਕਿਆ, ਇਸ ਲਈ ਇਹ ਫ਼ੈਸਲਾ ਵਿਸਾਖੀ 'ਤੇ ਪਾ ਦਿੱਤਾ ਗਿਆ। ਜਦ ਮਾਰਚ 1747 ਵਿਚ ਸ਼ਾਹ ਨਵਾਜ਼ ਖ਼ਾਨ ਦਾ ਲਾਹੌਰ 'ਤੇ ਕਬਜ਼ਾ ਹੋ ਗਿਆ ਤੇ ਉਸ ਨੇ ਸਿੱਖਾਂ ਨੂੰ ਛੇੜਨਾ ਠੀਕ ਨਾ ਜਾਣਿਆ, ਤਾਂ ਦੀਵਾਲੀ 'ਤੇ ਰੌਣੀ ਬਣਾਉਣ ਦੇ ਫ਼ੈਸਲੇ ਨੂੰ ਅਮਲੀ ਜਾਮਾ ਪਹਿਨਾਣ ਲਈ ਗੁਰਮਤਾ ਕਰ ਦਿੱਤਾ। ਰਾਮ ਰੌਣੀ ਬਣਾਉਣ ਲਈ ਸਰਦਾਰ ਜੱਸਾ ਸਿੰਘ 'ਇਛੋਗਿਲ' ਦੀ ਡਿਊਟੀ ਲਗਾਈ ਗਈ, ਜਿਸ ਨੇ ਦਿਨ-ਰਾਤ ਇੱਕ ਕਰਕੇ ਮਹੀਨੇ ਵਿਚ 'ਰਾਮ ਰੌਣੀ' ਖੜ੍ਹੀ ਕਰ ਦਿੱਤੀ। ਬਾਅਦ ਵਿਚ ਉਨ੍ਹਾਂ ਦੀ ਸਲਾਹ ਨਾਲ ਕੱਚੀ ਗੜ੍ਹੀ ਨੂੰ ਪੱਕਾ ਗੜ੍ਹ ਬਣਾ ਦਿੱਤਾ ਗਿਆ। ਇਸ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਇਸ ਸਥਾਨ 'ਤੇ ਗੁਰਦੁਆਰਾ ਬਣਾਇਆ ਗਿਆ ਹੈ।

ਇਸ ਪਹਿਲੇ ਘੱਲੂਘਾਰੇ ਦੌਰਾਨ ਉਜਾੜੇ ਗਏ 44 ਪਿੰਡਾਂ ਦੀ ਸੂਚੀ ਸਵਰਨ ਸਿੰਘ ਨੇ ਆਪਣੀ ਪੁਸਤਕ, ਪਹਿਲਾ ਘੱਲੂਘਾਰਾ (ਲੱਖੂ ਭੱਸੂ ਦੇ ਹੰਕਾਰ ਤੇ ਜ਼ਿੱਦ ਦਾ ਸਿੱਟਾ), ਪ੍ਰਕਾਸ਼ਿਤ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਿਚ ਦਿੱਤੀ ਹੈ।

**ਹਵਾਲਾ ਪੁਸਤਕਾਂ** : 1. ਸਤਿਬੀਰ ਸਿੰਘ, ਪ੍ਰਿੰਸੀਪਲ, ਸਾਡਾ ਇਤਿਹਾਸ (ਭਾਗ ਦੂਜਾ), ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2010.

2. ਖ਼ੁਸ਼ਵੰਤ ਸਿੰਘ, (ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ)। ਸਿੱਖ ਇਤਿਹਾਸ ਭਾਗ ਪਹਿਲਾ (1469-1839), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013।

3. ਨਾਭਾ, ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1990।

# ਗੁਰਦੁਆਰਾ ਸ੍ਰੀ ਰਜਾਣਾ ਸਾਹਿਬ ਪਾਤਸ਼ਾਹੀ ਛੇਵੀਂ ਤੇ ਦਸਵੀਂ, ਪਿੰਡ ਅਜਨੇਰ (ਸ੍ਰੀ ਫਤਹਿਗੜ੍ਹ ਸਾਹਿਬ)

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
ਪੰਜਾਬ ਮੇਲUSA



ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਜਿੱਥੇ-ਜਿੱਥੇ ਵੀ ਗੁਰੂ ਸਾਹਿਬਾਨਾਂ ਨੇ ਪੈਰ ਧਰੇ, ਉੱਥੇ ਹੀ ਕੋਈ ਨਾ ਕੋਈ ਇਤਿਹਾਸ ਸਿਰਜਿਆ ਗਿਆ। ਫਿਰ ਉਸ ਥਾਂ ਉੱਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਕੀਤੇ ਗਏ। ਅਜਿਹਾ ਹੀ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਹੈ ਸ੍ਰੀ ਰਜਾਣਾ ਸਾਹਿਬ ਜੀ। ਗੁਰਦੁਆਰਾ ਰਜਾਣਾ ਸਾਹਿਬ ਖੰਨਾ ਤੋਂ 10 ਕਿਲੋਮੀਟਰ ਦੂਰ ਖੰਨਾ-ਭੜੀ ਰੋਡ 'ਤੇ ਪਿੰਡ ਅਜਨੇਰ ਵਿਖੇ ਸਥਿਤ ਹੈ। ਇਹ ਗੁਰਦੁਆਰਾ ਸਾਹਿਬ ਜਿਸ ਥਾਂ ਉੱਤੇ ਹੁਣ ਸੁਸ਼ੋਭਿਤ ਹੈ, ਉੱਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਏ ਹੋਏ ਹਨ। ਇਸ ਗੁਰਦੁਆਰਾ ਸਾਹਿਬ ਜੀ ਦਾ ਇਤਿਹਾਸ ਇਸ ਤਰ੍ਹਾਂ ਹੈ। ਜਿਸ ਸਮੇਂ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ 52 ਰਾਜਿਆਂ ਸਮੇਤ ਪੰਜਾਬ ਦੀ ਧਰਤੀ ਨੂੰ ਤਾਰਦੇ ਹੋਏ ਪਿੰਡ ਅਜਨੇਰ ਦੀ ਢਾਬ 'ਤੇ ਪਹੁੰਚੇ ਸਨ। ਇਸ ਪਿੰਡ ਵਿਚ ਮੁਸਲਮਾਨਾਂ ਦਾ ਜ਼ਿਆਦਾ ਜ਼ੋਰ ਸੀ। ਜਦੋਂ ਸੰਗਤਾਂ ਨੂੰ ਗੁਰੂ ਜੀ ਦੇ ਆਉਣ ਦੀ ਖਬਰ ਮਿਲੀ, ਤਾਂ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਪਿੰਡ ਜੱਲ੍ਹਣਪੁਰ ਤੋਂ ਇੱਕ ਬ੍ਰਾਹਮਣਾਂ ਦੀ ਲੜਕੀ, ਜਿਸ ਦਾ ਨਾਂਅ ਰਾਮੇਸ਼ਵਰੀ ਦੇਵੀ ਸੀ, ਵੀ ਆਉਣ ਲੱਗੀ, ਜਿਸ ਨੂੰ ਕੋਹੜ ਦਾ ਰੋਗ ਲੱਗਾ ਹੋਇਆ ਸੀ। ਇਸ ਅਸਥਾਨ 'ਤੇ ਗੁਰੂ ਜੀ ਨੇ ਸ਼ਸਤਰ ਮਾਰ ਕੇ ਚਸ਼ਮਾਂ ਚਲਾਇਆ, ਜਿਸ ਦੇ ਜਲ ਨਾਲ ਇਸ਼ਨਾਨ ਕਰਨ ਨਾਲ ਬੀਬੀ ਰਾਮੇਸ਼ਵਰੀ ਦੇਵੀ ਦੇ ਕੋਹੜ ਦਾ ਰੋਗ ਦੂਰ ਹੋਇਆ। ਇਹ ਚਸ਼ਮਾਂ ਅੱਜ ਵੀ ਮੌਜੂਦ ਹੈ, ਜੋ ਦਰਬਾਰ ਸਾਹਿਬ ਦੇ ਅੰਦਰ ਹੈ। ਕੁੱਝ ਸਮਾਂ ਅਜਨੇਰ ਰਹਿਣ ਤੋਂ ਬਾਅਦ ਗੁਰੂ ਜੀ ਪਿੰਡ ਮਲਕਪੁਰ, ਬਰਮਾਲੀਪੁਰ ਨਗਰਾਂ 'ਚੋਂ ਹੁੰਦੇ ਹੋਏ ਪਿੰਡ ਘੁਡਾਣੀ ਪਹੁੰਚੇ ਸਨ।





ਇਸੇ ਤਰ੍ਹਾਂ ਹੀ ਇਸ ਧਰਤ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉੱਚ ਦੇ ਪੀਰ ਬਣ ਕੇ ਇੱਥੇ ਆਏ ਸਨ। ਗੁਰੂ ਜੀ ਦਾ ਅਜਨੇਰ ਆਉਣ ਦਾ ਕਾਰਨ ਇਹ ਹੈ ਕਿ ਗੁਰੂ ਜੀ ਦੇ ਸੀਸ 'ਤੇ ਮੋਰ ਪੰਖ ਦਾ ਮੁਠਾ ਝੁਲਾਉਣ ਵਾਲਾ ਹਾਜੀ ਚਰਾਗ ਸਾਹ ਪਿੰਡ ਅਜਨੇਰ ਦਾ ਰਹਿਣ ਵਾਲਾ ਸੀ। ਗੁਰੂ ਜੀ ਉਨ੍ਹਾਂ ਨੂੰ ਹੀ ਮਿਲਣ ਇਸ ਪਿੰਡ ਵਿਚ ਆਏ ਸਨ। ਗੁਰੂ ਕੀਆਂ ਸਾਖੀਆਂ ਵਿਚ ਇਸ ਦਾ ਜ਼ਿਕਰ ਮਿਲਦਾ ਹੈ, ਪਰ ਇਤਿਹਾਸਕ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਨਹੀਂ। ਇਤਿਹਾਸਕ ਗ੍ਰੰਥਾਂ ਅਨੁਸਾਰ ਗੁਰੂ ਜੀ ਮਾਛੀਵਾੜੇ ਤੋਂ ਸਿੱਧਾ ਪਿੰਡ ਘੁਲਾਲ ਗਏ ਸਨ। ਪਰ ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਜੀ ਮਾਛੀਵਾੜੇ ਤੋਂ ਪਿੰਡ ਕੀੜੀ ਪਠਾਣਾਂ, ਘੁੰਗਰਾਲੀ ਅਤੇ ਪਿੰਡ ਮਾਨੂੰਪਰ ਵਿਚੀ ਹੁੰਦੇ ਹੋਏ ਪਹਿਲਾਂ ਪਿੰਡ ਅਜਨੇਰ ਗਏ ਤੇ ਉਥੋਂ ਪਿੰਡ ਮਲਕਪੁਰ ਰਾਹੀਂ ਪਿੰਡ ਘੁਲਾਲ ਪਹੁੰਚੇ ਸਨ। ਗੁਰੂ ਜੀ ਨੂੰ ਹਾਜੀ ਚਰਾਗ ਸਾਹ ਨੇ ਤਲਾਅ ਦੇ ਕਿਨਾਰੇ ਆਪਣੇ ਤਕੀਏ ਵਿਚ ਠਹਿਰਾਇਆ ਸੀ। ਪਿੰਡ ਅਜਨੇਰ ਵਿਚ ਹਾਜੀ ਚਰਾਗ ਸਾਹ ਦਾ ਮਜਾਰ (ਕਬਰ) ਅੱਜ ਵੀ ਤਲਾਅ ਦੇ ਕਿਨਾਰੇ 'ਤੇ ਹੈ। ਇਨ੍ਹਾਂ ਦੋਵੇਂ ਪਾਤਸ਼ਾਹੀਆਂ ਦੀ ਯਾਦ ਵਿਚ ਇਸ ਪਾਵਨ-ਪਵਿੱਤਰ ਅਸਥਾਨ 'ਤੇ ਇੱਕ ਬਹੁਤ ਹੀ ਸ਼ਾਨਦਾਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਪਵਿੱਤਰ ਸਰੋਵਰ, ਰਿਹਾਇਸ਼ੀ ਕਮਰੇ, ਲੰਗਰ ਹਾਲ ਤੇ ਪ੍ਰਬੰਧਕੀ ਕਮਰੇ ਵੀ ਬਣੇ ਹੋਏ ਹਨ। ਇਸ ਅਸਥਾਨ ਦੀ ਪਵਿੱਤਰਤਾ ਨੂੰ ਮੁੱਖ ਰੱਖਦਿਆਂ ਹਰ ਮਹੀਨੇ ਦੀ ਪੂਰਨਮਾਸ਼ੀ ਵਿਸ਼ੇਸ਼ ਤੌਰ 'ਤੇ ਇਸ ਅਸਥਾਨ 'ਤੇ ਮਨਾਈ ਜਾਂਦੀ ਹੈ।

# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲUSA



ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੌਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ। ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ

ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ ? ਉਸ ਦਾ ਮਨੋਰਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।

ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।


ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।

# ‘ਦਿਲਾਂ ਦੀ ਜੂਹ’

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



## ਕਾਂਡ ਦਸ




ਅਗਲੇ ਦਿਨ ਪਾਠੀ ਬੋਲਦੇ ਨਾਲ਼ ਹੀ ਗਿੰਦਰ ਉਠ ਖੜ੍ਹਾ ਹੋਇਆ।

ਪਹਿਲੀ ਬੱਸ ਫ਼ੜ ਉਹ ਸ਼ਹਿਰ ਪਹੁੰਚ ਗਿਆ।

ਮਿਥੀ ਗੱਲ ਅਨੁਸਾਰ ਅਗਲੇ ਦਿਨ ਸਵੇਰੇ ਸੱਤ ਵਜੇ ਉਹ ਸੂਰੀ ਦੀ ਉਡੀਕ ਕਰ ਰਿਹਾ ਸੀ।

ਅੱਠ ਵਜੇ ਤੱਕ ਸੂਰੀ ਨਾ ਪਹੁੰਚਿਆ। ਬੱਸਾਂ ਦੀ "ਪੌਂਅ - ਪੌਂਅ" ਉਸ ਦੇ ਸਿਰ ਵਿਚ ਵੱਜੀ ਜਾ ਰਹੀ ਸੀ। ਗਿੰਦਰ ਦਾ ਮਨ ਡਾਢਾ ਹੀ ਉਦਾਸ ਸੀ। ਕੀ ਖੱਟਿਆ ਦਾਰੂ ਪੀ ਕੇ...? ਖਰਚਾ ਕੀਤਾ, ਸਿਹਤ ਖਰਾਬ ਕੀਤੀ ਅਤੇ ਸਭ ਤੋਂ ਵੱਡਾ ਨੁਕਸਾਨ ਚੋਰੀ ਕਾਰਨ ਹੋ ਗਿਆ, ਖੱਟਿਆ ਤਾਂ ਕੁਛ ਨਹੀਂ ਦਾਰੂ ਪੀ ਕੇ..! ਉਹ ਬੱਸ ਸਟੈਂਡ ਵਿਚ ਬੈਠਾ ਸੋਚਾਂ ਦੇ ਸਾਗਰ ਵਿਚ ਰੁੜ੍ਹਦਾ ਜਾ ਰਿਹਾ ਸੀ।

-"ਸਰਦਾਰ ਗਿੰਦਰ ਸਿੰਘ ਜੀ ਸਤਿ ਸ੍ਰੀ ਅਕਾਲ..!" ਸੂਰੀ ਗਿੰਦਰ ਅੱਗੇ ਹੱਥ ਜੋੜੀ ਖੜ੍ਹਾ ਸੀ।

-"ਮੈਨੂੰ ਸੱਤ ਦਾ ਟੈਮ ਦੇ ਕੇ...!"

-"ਉਹ ਮੈਨੂੰ ਮਾਫ਼ ਕਰੋ ਬਾਦਸ਼ਾਹੋ..! ਰਾਤ ਮਿਸਜ਼ ਦੀ ਸਿਹਤ ਬਾਹਵਾ ਖਰਾਬ ਹੋ ਗਈ ਸੀ, ਹਸਪਤਾਲ਼ ਲਿਜਾਣਾ ਪਿਆ, ਮੈਂ ਤਾਂ ਸੁੱਤਾ ਈ ਸਿਰਫ਼ ਦੋ ਘੰਟੇ ਐਂ ਜੀ..!"

-"ਕੀਹਦੀ ਸਿਹਤ ਖਰਾਬ ਹੋਗੀ ਸੀ..?"

-"ਮੇਰੀ ਮਿਸਜ, ਮਤਲਬ ਮੇਰੀ ਪਤਨੀ ਦੀ..!"

-"ਐਥੇ ਬੈਠ..!" ਗਿੰਦਰ ਨੇ ਸੂਰੀ ਨੂੰ ਬੈਂਚ ਵੱਲ ਇਸ਼ਾਰਾ ਕੀਤਾ।

ਸੂਰੀ ਬਰਾਬਰ ਬੈਠ ਗਿਆ।

-"ਮੇਰੇ ਘਰ ਹੋਗੀ ਚੋਰੀ..! ਤੇ ਚੋਰ ਮੇਰੇ ਸਾਲ਼ੇ ਫ਼ੇਰਗੇ ਹੂੰਝਾ..!"

-"ਕਿੰਨਾਂ ਕੁ ਨੁਕਸਾਨ ਕਰਗੇ..?"

-"ਸਮਝਲਾ ਜਮਾਂ ਈ ਪੱਟ ਕੇ ਸਿੱਟਗੇ..! ਭੋਰਾ ਕਸਰ ਨੀ ਛੱਡੀ ਇਨ੍ਹਾਂ ਦੀ ਛੋਕਰੀ ਨੂੰ ਧਲ਼ਿਆਰਾ ਪਾਲਾਂ..!"

-"ਹੁਣ ਫ਼ੇਰ..? ਅੱਜ ਨਹੀਂ ਜਾਣਾ..?"

-"ਜਿੰਨਾਂ ਚਿਰ ਅਗਲੀ ਰਕਮ ਦਾ ਬੰਦੋਬਸਤ ਨੀ ਹੁੰਦਾ, ਜਾਣ ਦਾ ਫ਼ੈਦਾ ਕੋਈ ਨੀ ਹੋਣਾਂ..! ਪੈਸਿਆਂ ਬਿਨਾਂ ਆਪਣੀ ਓਥੇ ਕਿਸੇ ਨੇ ਸੁਣਨੀ ਥੋੜ੍ਹੋ ਐ..?"

-"ਨਹੀਂ ਸੁਣਨੀ..!"

-"ਜਦੋਂ ਵੀ ਰਕਮ ਦਾ ਢਾਣਸ ਹੋਇਆ, ਮੈਂ ਆਪ ਥੋਡੇ ਦਫ਼ਤਰ ਪਹੁੰਚੂੰ..! ਤੁਸੀਂ ਐਤਵਾਰ ਨੂੰ ਦਫ਼ਤਰ ਖੋਲ੍ਹਦੇ ਈ ਨੀ, ਮੈਂ ਕੱਲ੍ਹ ਖੌਝ ਕੇ ਮੁੜ ਆਇਆ, ਜੇ ਕੱਲ੍ਹ ਓਥੇ ਹੁੰਦੇ, ਅੱਜ ਆਪਾਂ ਨੂੰ ਐਥੇ ਆਉਣ ਦੀ ਲੋੜ ਈ ਨੀ ਸੀ ਪੈਣੀ..!"

ਸੂਰੀ ਹੱਸ ਪਿਆ।

-"ਸਾਨੂੰ ਵੀ ਇੱਕ-ਅੱਧੀ ਛੁੱਟੀ ਚਾਹੀਦੀ ਐ ਜਨਾਬ..!"

-"ਛੁੱਟੀ ਨੂੰ ਓਥੇ ਤੁਸੀਂ ਮੱਕੀ ਗੁੱਡਦੇ ਐਂ..? ਲਾ ਕੇ ਕੰਨ ਨੂੰ ਚੱਕੀਰਾਹਾ ਜਿਆ, ਦੰਦੀਆਂ ਜੀਆਂ ਕੱਢੀ ਜਾਨੇ ਐਂ...!" ਗਿੰਦਰ ਨੂੰ ਉਨ੍ਹਾਂ ਦੇ ਫ਼ੋਨ 'ਤੇ ਬਹੁਤੀ ਚਿੜ ਸੀ।

ਸੂਰੀ ਫ਼ਿਰ ਹੱਸ ਪਿਆ।

-"ਚੱਲ ਤੂੰ ਵੀ ਕਰ ਕੰਮ ਤੇ ਮੈਂ ਵੀ ਜਾਨੈਂ ਆੜ੍ਹਤੀਆਂ ਵੱਲ ਨੂੰ..!"

-"ਜਦ ਵੀ ਰਕਮ ਦਾ ਪ੍ਰਬੰਧ ਹੋ ਗਿਆ, ਦੱਸ ਦੇਣਾ ਸਾਹਿਬ ਬਹਾਦਰ..!"

-"ਓਏ ਕਾਹਦੇ ਸਾਹਬ ਬਹਾਦਰ ਆਂ ਯਾਰ..! ਘੰਡੀ 'ਚ ਤਾਂ ਸਾਹ ਅੜਿਆ ਪਿਐ, ਆਨਾਂ ਜੇਬ 'ਚ ਨੀ, ਹੁਣ ਆੜ੍ਹਤੀਏ ਦਾ ਮੂੰਹ ਸੁੰਘਦੈਂ, ਉਹ ਪਤਾ ਨੀ ਕੀ ਕੋਹੜ ਕਿਰਲ਼ਾ ਕੱਢ ਕੇ ਦਿਖਾਊ..?" ਬੱਕੜਵਾਹ ਕਰਦਾ ਗਿੰਦਰ ਤੁਰ ਚੱਲਿਆ, "ਚਾਹ ਪਾਣੀ ਤਾਂ ਨੀ ਪੀਣਾਂ..?" ਉਸ ਨੇ ਰੁਕ ਕੇ ਸੂਰੀ ਨੂੰ ਪੁੱਛਿਆ।

-"ਨਹੀਂ ਸਰਦਾਰ..!"

-"ਜਿੱਥੇ ਟਾਂਡਿਆਂ ਆਲ਼ੀ ਓਥੇ ਭਾਂਡਿਆਂ ਆਲ਼ੀ, ਜੇ ਚਾਹ ਪਾਣੀ ਪੀਣੈਂ ਤਾਂ ਦੱਸ, ਸਾਨੂੰ ਤਾਂ ਬਹੁਤਾ ਫ਼ਰਕ ਨੀ ਪੈਂਦਾ, ਪਰ ਤੁਸੀਂ ਸ਼ਹਿਰੀਏ ਚਾਹ ਪਾਣੀ ਬਿਨਾ ਬਲੈਤੀ ਵੱਛਿਆਂ ਮਾਂਗੂੰ ਅੱਖਾਂ ਡਬੇਰ ਜਾਨੇ ਐਂ..!"

ਸੂਰੀ ਮੁੜ ਹੱਸ ਪਿਆ।

ਉਹ ਗਿੰਦਰ ਦੇ ਸਿੱਧੇ ਅਤੇ ਸਾਧੂ ਸੁਭਾਅ ਦਾ ਕਾਇਲ ਸੀ।

ਗਿੰਦਰ ਬੱਸ ਫ਼ੜ ਕੇ ਸਿੱਧਾ ਆੜ੍ਹਤੀਏ ਕੋਲ਼ ਆ ਗਿਆ।

ਸੇਠ ਦੀ ਜਗ੍ਹਾ ਉਸ ਦਾ ਮੁੰਡਾ ਬੋਦੀਆਂ ਚੋਪੜੀ ਬੈਠਾ ਸੀ।

-"ਕੀ ਹਾਲ ਐ ਸੇਠਾ...!" ਗਿੰਦਰ ਨੇ ਆੜ੍ਹਤੀਏ ਦੇ ਮੁੰਡੇ ਨੂੰ ਕਿਹਾ।

-"ਕਿਰਪਾ ਦਾਤੀ ਦੀ ਗਿੰਦਰ ਸਿਆਂ..! ਦੇਹ ਗੱਲ ਲਾਣਾਂ-ਬਾਣਾਂ ਠੀਕ ਐ..?"

-"ਆਹ ਧੂਫ਼ ਧੁਖ਼ਾਅ ਕੇ ਧੂੰਆਂ ਰੋਲ਼ ਕਰੀ ਬੈਠੈਂ, ਇਹਦੇ ਨਾਲ਼ ਦੇਬਤੇ ਖ਼ੁਸ਼ ਕਰਦੈਂ ਕਿ ਮੱਛਰ ਭਜਾਉਨੈ..? ਥੋੜ੍ਹੀ ਜੀ ਘੱਟ ਲਾ ਲਿਆ ਕਰ, ਪਾਈਆ ਧੂਫ਼ ਨੂੰ ਅੱਗ ਲਾਈ ਬੈਠੈਂ..!" ਗਿੰਦਰ ਧੂਫ਼ ਤੋਂ ਗਜ ਪਿੱਛੇ ਹਟ ਗਿਆ।

-"ਸਹੁੰ ਦਾਤੀ ਦੀ, ਤੇਰਾ ਮਛਕਰੀਆਂ ਆਲਾ ਸੁਭਾਅ ਨੀ ਜਾਣਾ, ਤੂੰ ਤਾਂ ਰੱਬ ਨੂੰ ਵੀ ਨੀ ਬਖ਼ਸ਼ਦਾ ਮੇਰੇਆਰ..! ਹੋਰ ਦੇਹ ਗੱਲ ਆਰ-ਪ੍ਰੀਵਾਰ ਦੀ..? ਸਭ ਕੁਸ਼ਲ ਮੰਗਲ ਨੇ..?"

-"ਤੇਰਾ ਪਿਉ ਕਿੱਥੇ ਐ..?"

-"ਉਹ ਤਾਂ ਅਮਰ ਨਾਥ ਯਾਤਰਾ 'ਤੇ ਗਏ ਹੋਏ ਐ..!"

-"ਕਦੋਂ ਕੁ ਦਾ..?"

-"ਰਾਤ ਈ ਗਏ ਐ..!"

-"ਤੇ ਆਊ ਕਦੋਂ...?"

-"ਉਹ ਤਾਂ ਪੰਦਰਾਂ ਦਿਨਾਂ ਬਾਅਦ ਆਉਣਗੇ..!"

-"ਪੰਦਰਾਂ ਦਿਨਾਂ ਬਾਅਦ..?" ਉਸ ਦੇ ਸਾਹ ਸੂਤੇ ਗਏ, "ਜੇ ਬਾਹਲ਼ੀ ਸ਼ਰਧਾ 'ਚ ਆਜੇ, ਤਾਂ ਜੱਟ ਸਹਿਜ ਪਾਠ ਰਖਵਾ ਕੇ ਸੱਤਾਂ ਦਿਨਾਂ 'ਚ ਭੋਗ ਪਾ ਦਿੰਦੈ, ਥੋਡਾ ਐਹੋ ਜਿਆ ਕਿਹੜਾ ਤੀਰਥ ਐ, ਜਿਹੜਾ ਪੰਦਰਾਂ ਦਿਨ ਚੱਲਦੈ..?"

-"ਉਨ੍ਹਾਂ ਨੇ ਇੱਕ ਥਾਂ ਥੋੜ੍ਹੋ ਜਾਣੈਂ..? ਕਈ ਜਗ੍ਹਾ ਦਰਸ਼ਣ ਕਰਨੇ ਐਂ, ਗਿੰਦਰ ਸਿਆਂ..!"

-"ਕਿੱਡੀ ਕੁ ਦੂਰ ਐ ਤੀਰਥ ਸਥਾਨ..?"

-"ਜੰਮੂ ਕਸ਼ਮੀਰ...! ਸ੍ਰੀ ਨਗਰ ਤੋਂ ਡੇਡ਼੍ਹ ਸੌ ਕਿਲੋਮੀਟਰ ਦੂਰ..!"

-"ਐਡੀ ਦੂਰ..? ਜੇ ਤੇਰਾ ਪਿਉ ਗੁਆਚ ਗਿਆ, ਲੱਭੇਂਗਾ ਕਿੱਥੋਂ..? ਤੂੰ ਤਾਂ ਰੋਣੋਂ ਵੀ ਨੀ ਹਟਣਾ..!"

-"ਸ਼ੁਭ-ਸ਼ੁਭ ਬੋਲ ਗਿੰਦਰ ਸਿਆਂ..! ਮਾਤਾ ਰਾਣੀਂ ਭਲੀ ਕਰੇ..!"

-"ਰਾਤ ਨੂੰ ਮੂਤਣ ਉਠਣਾ ਹੋਵੇ, ਤਾਂ 'ਨ੍ਹੇਰੇ ਤੋਂ ਡਰਦੇ ਸਾਰਾ ਟੱਬਰ 'ਕੱਠੇ ਉਠਦੇ ਐਂ...!"

-"ਪੂਰਾ ਜੱਥਾ ਗਿਐ ਗਿੰਦਰ ਸਿਆਂ, ਬਾਊ ਜੀ 'ਕੱਲੇ ਥੋੜ੍ਹੋ ਗਏ ਐ..?"

-"ਮੈਨੂੰ ਇੱਕ ਕੰਮ ਸੀ, ਕਰ ਸਕਦੈਂ..?" ਗਿੰਦਰ ਸਿੱਧਾ ਕੰਮ ਵੱਲ ਨੂੰ ਆਇਆ।

-"ਦੱਸ..! ਮੇਰੇ ਕਰਨ ਆਲ਼ਾ ਹੋਇਆ, ਤਾਂ ਜ਼ਰੂਰ ਕਰੂੰਗਾ..!"

-"ਮੇਰੇ ਘਰੇ ਹੋਗੀ ਚੋਰੀ..!"

-"ਹਰੀ ਓਮ - ਹਰੀ ਓਮ...! ਚੋਰੀ ਚਕਾਰੀ ਤੋਂ ਤਾਂ ਭਗਵਾਨ ਬਚਾਵੇ..! ਹੁਣ ਮਾਇਆ ਦੀ ਲੋੜ ਹੋਣੀਂ ਐਂ..?"

-"ਆਹੋ..! ਰੁਪਈਆ ਪੂਰਾ ਤੀਹ ਹਜ਼ਾਰ ਚਾਹੀਦੈ, ਹਾੜ੍ਹੀ 'ਚੋਂ ਕੱਟ ਲਈਂ..!"

-"ਗਿੰਦਰ ਸਿਆਂ, ਸਹੁੰ ਦਾਤੀ ਦੀ, ਨਾਂਹ-ਨੁੱਕਰ ਤੈਨੂੰ ਕਿਸੇ ਚੀਜ਼ ਤੋਂ ਨੀ-!"

-"ਫ਼ੇਰ ਕੱਚ ਕਾਹਦੈ..? ਰਕਮ ਦੇਹ ਤੇ ਮੈਂ ਜਾਵਾਂ..!"

-"ਮੇਰੇਆਰ ਤੂੰ ਸਮਝਿਆ ਨੀ..! ਪੈਸੇ ਧੇਲੇ ਦਾ ਕੰਮ ਤਾਂ ਸਾਰਾ ਬਾਊ ਜੀ ਦੇ ਹੱਥ ਐ, ਦੋ ਹਫ਼ਤੇ ਨੂੰ ਓਹ ਆ ਜਾਣਗੇ, ਮੇਰੇ ਵੱਲੋਂ ਚਾਹੇ ਲੱਖ ਲੈਜੀਂ..!"

-"ਤੇ ਤੂੰ ਐਥੇ ਟੱਲ ਵਜਾਉਣ ਨੂੰ ਰੱਖਿਐਂ..? 'ਰਾਮ ਨਾਲ਼ ਘਰੇ ਬੈਠ..!"

ਬਾਣੀਆਂ ਦੰਦੀਆਂ ਜਿਹੀਆਂ ਕੱਢਣ ਲੱਗ ਪਿਆ।

-"ਬਾਹਲ਼ਾ ਈ ਟਿੱਚਰੀ ਐਂ ਗਿੰਦਰ ਸਿਆਂ..! ਮੇਰੇਆਰ ਦੁਕਾਨ 'ਤੇ ਤਾਂ ਕਿਸੇ ਨੇ ਬੈਠਣਾ ਈ ਐ..!"

-"ਤੂੰ ਵੀ ਨਾਲ਼ ਈ ਤੀਰਥਾਂ 'ਤੇ ਗੇੜਾ ਕੱਢ ਆਉਂਦਾ, ਤੇਰਾ ਵੀ ਜਿਉਣਾ ਸਫ਼ਲ ਹੋ ਜਾਂਦਾ..! ਤੇਰਾ ਫ਼ੈਦਾ ਤਾਂ ਐਥੇ ਬੈਠੇ ਦਾ ਕਿਸੇ ਨੂੰ ਹੋਣਾਂ ਨੀ..!"

-"ਧਰਮ ਨਾ' ਬਾਹਲ਼ਾ ਈ ਮਜ਼ਾਕੀ ਐਂ ਗਿੰਦਰ ਸਿਆਂ..! ਚਾਹ ਪੀਵੇਂਗਾ..?" ਸੇਠ ਨੇ ਗੱਲ ਬਦਲੀ।

-"ਰਹਿਣ ਈ ਦੇਹ..! ਤੇਰੀ ਚਾਹ ਪੀ ਕੇ ਕੀ ਮੈਂ ਤਰ'ਜੂੰਗਾ..!" ਗਿੰਦਰ ਤੁਰ ਆਇਆ।

ਗਿੰਦਰ ਦੇ ਪਿੱਠ ਭੁਆਉਣ ਤੋਂ ਬਾਅਦ ਸੇਠ ਦੇ ਮੁੰਡੇ ਨੇ ਮਾਤਾ ਰਾਣੀਂ ਦੀ ਫ਼ੋਟੋ ਨੂੰ ਨਮਸਕਾਰ ਕੀਤੀ।

ਸ਼ੁਕਰ ਕੀਤਾ ਕਿ ਬਲਾਅ ਟਲ਼ੀ ਸੀ।

ਢੇਰੀ ਜਿਹੀ ਢਾਹੀ ਗਿੰਦਰ ਸਿੱਧਾ ਆਪਣੇ ਮਾਮੇਂ ਕੋਲ਼ ਨੂੰ ਬੱਸ ਚੜ੍ਹ ਗਿਆ।

ਮਾਮੇਂ ਨੇ ਆ ਕੇ ਅਜੇ ਟਰੈਕਟਰ ਖੜ੍ਹਾ ਕੀਤਾ ਹੀ ਸੀ। ਗਿੰਦਰ ਨੇ ਜਾ ਫ਼ਤਹਿ ਬੁਲਾਈ।

-"ਓਏ ਆ ਬਈ ਗਿੰਦਰ ਸਿਆਂ..! ਜਿਉਂਦਾ ਰਹਿ, ਮਹੈਣ ਤਕੜੈ ਭਾਣਜੇ...?"

-"ਤਕੜਾ ਈ ਐ ਮਾਮਾ..! ਆਪਣੇ ਘਰੇ ਚੋਰੀ ਹੋਗੀ ਸੀ, ਸਾਲ਼ਿਆਂ ਨੇ ਡੱਕਾ ਨੀ ਛੱਡਿਆ, ਮੋਟਾ-ਮੋਟਾ ਸਭ ਹੂੰਝ ਕੇ ਲੈਗੇ..!"

-"ਹਲਾ...? ਦੱਸਿਆ ਤਾਂ ਹੈਨ੍ਹੀ, ਫ਼ੇਰ...? ਚੋਰ ਦਾ ਲੱਗਿਆ ਕੁਛ ਪਤਾ..?"

-"ਕਾਹਨੂੰ ਮਾਮਾ..! ਕੁਛ ਨੀ ਪਤਾ ਲੱਗਿਆ, ਬੱਸ ਉਡ਼ਦੂ ਈ ਲੱਗ ਗਿਆ..! ਮੈਂ ਤਾਂ ਜਮਾਂ ਈ ਉੱਜੜ ਗਿਆ..!" ਗਿੰਦਰ ਹਮਦਰਦ ਮਾਮੇਂ ਸਾਹਮਣੇ ਅੱਖਾਂ ਭਰ ਆਇਆ।

-"ਫ਼ਿਕਰ ਨਾ ਕਰ ਭਾਣਜੇ, ਤੇਰਾ ਮਾਮਾ ਬੈਠਾ ਅਜੇ, ਕਿਸੇ ਚੀਜ਼ ਦੀ ਜ਼ਰੂਰਤ ਐ ਤਾਂ ਦੱਸ..?"

-"ਆਪਣੀ ਜਿੰਦਰ ਬਾਰੇ ਤਾਂ ਤੈਨੂੰ ਪਤਾ ਈ ਐ ਬਈ ਬਾਹਰਲਾ ਰਿਸ਼ਤਾ ਆਇਐ..!"

-"ਆਹੋ, ਉਹ ਤਾਂ ਮੈਨੂੰ ਪਤੈ..!"

-"ਜਹਾਜ਼ ਦੀ ਟਿਗਟ ਲਾਉਣ ਦੀ ਜ਼ਿੰਮੇਵਾਰੀ ਤਾਂ ਆਪਣੇ ਜੋਰਾ ਸਿਉਂ ਨੇ ਓਟ ਲਈ, ਤੇ ਐਧਰਲੇ ਖਰਚੇ ਵਾਸਤੇ ਮੈਂ ਆੜ੍ਹਤੀਏ ਤੋਂ ਚੱਕਿਆ ਸੀ ਤੀਹ ਹਜ਼ਾਰ ਰੁਪੱਈਏ ਦਾ ਕਰਜ਼ਾ, ਤੇ ਓਸ ਨੂੰ ਚੋਰ ਮਾਂਜ ਗਏ, ਮੈਂ ਤਾਂ ਜਮਾਂ ਈ ਪੱਟਿਆ ਗਿਆ, ਮਾਮਾ...!" ਗਿੰਦਰ ਹੁਬਕੀਏਂ ਰੋ ਪਿਆ।

-"...............।" ਮਾਮੇਂ ਨੇ ਉਸ ਨੂੰ ਬੁੱਕਲ਼ 'ਚ ਘੁੱਟ ਲਿਆ।

-"ਹੋਰ ਤਾਂ ਹੋਰ, ਉਹ ਤਾਂ ਬਿਚਾਰੀ ਸ਼ਾਮੋਂ ਦਾ ਸਾਰਾ ਗਹਿਣਾ ਗੱਟਾ ਵੀ ਲੈ ਗਏ, ਸਾਰੀ ਉਮਰ ਬਿਚਾਰੀ ਨੇ ਢਿੱਡ ਬੰਨ੍ਹ-ਬੰਨ੍ਹ, ਕਿਰਸਾਂ ਕਰ-ਕਰ ਬਣਾਏ ਸੀ, ਹਾਏ ਓਏ ਰੱਬਾ..!"

-"ਜੋ ਰੱਬ ਕਰਦੈ, ਚੰਗਾ ਈ ਕਰਦੈ, ਤੂੰ ਹੁਣ ਮੇਰੇ ਲੈਕ ਸੇਵਾ ਦੱਸ, ਰੋ ਕੇ ਮਨ ਭੈੜ੍ਹਾ ਨਾ ਕਰ ਸ਼ੇਰਾ, ਮੇਰਾ ਵੀ ਮਨ ਦੁਖੀ ਹੁੰਦੈ..!"

-"ਸ਼ਾਮੋਂ ਨੂੰ ਦੇਖ ਕੇ ਮੇਰਾ ਮਨ ਲਹੂ ਲੁਹਾਣ ਹੋ ਜਾਂਦੈ ਮਾਮਾ, ਬਈ ਓਹਨੇ ਮੇਰੇ ਘਰੇ ਆ ਕੇ ਇੱਕ ਦਿਨ ਵੀ ਸੁਖ ਦਾ ਨੀ ਦੇਖਿਆ, ਸਾਰੀ ਉਮਰ ਤਵੇ 'ਤੇ ਪਈ ਨੇ ਕੱਟੀ ਐ..! ਆਹ ਹੁਣ ਆਪਣੀ ਜਿੰਦਰ ਕਰ ਕੇ ਮਾੜੀ ਮੋਟੀ ਖ਼ੁਸ਼ੀ ਹੱਥ ਲੱਗਣੀਂ ਸੀ, ਹੁਣ ਆਹ ਕਾਰਾ ਹੋ ਗਿਆ..!" ਗਿੰਦਰ ਅੱਖਾਂ ਅਤੇ ਨੱਕ ਪੂੰਝ ਰਿਹਾ ਸੀ।

-"ਤੂੰ 'ਦਾਸ ਨਾ ਹੋ, ਆਪਾਂ ਕਰਦੇ ਐਂ ਕੋਈ ਹੀਲਾ..! ਮੈਂ ਕਰਦੈਂ ਆਬਦੇ ਆੜ੍ਹਤੀਏ ਨਾਲ਼ ਗੱਲ, ਚੱਲ ਬੈਠ ਟਰੈਗਟ 'ਤੇ..!"

ਉਹ ਟਰੈਕਟਰ ਲੈ ਆੜ੍ਹਤੀਏ ਕੋਲ਼ ਪਹੁੰਚ ਗਏ।

-"ਭਾਣਜੇ ਦੇ ਘਰ ਹੋਗੀ ਚੋਰੀ, ਤੇ ਇਹਨੂੰ ਰੁਪਈਆ ਤੀਹ ਹਜ਼ਾਰ ਚਾਹੀਦੈ..! ਪਰ ਮਿਲੂ ਸਾਉਣੀ ਨੂੰ..! ਹਾੜ੍ਹੀ ਨੂੰ ਇਹਨੇ ਆਬਦੇ ਆੜ੍ਹਤੀਏ ਦੇ ਮੋੜਨੇ ਐਂ..!" ਮਾਮੇਂ ਨੇ ਆੜ੍ਹਤੀਏ ਨੂੰ ਸਿੱਧੀ ਸੁਣਾਈ ਕੀਤੀ।

-"ਕਿਹੜੀ ਗੱਲ ਕਰ'ਤੀ, ਝੰਡਾ ਸਿਆਂ..? ਤੂੰ ਮੂੰਹੋਂ ਬੋਲ, ਚਾਹੇ ਲੱਖ ਲੈ'ਜਾ, ਇਹ ਕਿਹੜੀ ਗੱਲ ਐ..?" ਆੜ੍ਹਤੀਏ ਨੇ ਕਿਹਾ ਸੀ।

-"ਨਹੀਂ ਸੇਠ ਜੀ, ਜਿੰਨਾਂ ਲੋੜੀਦੈ, ਓਨਾਂ ਈ ਠੀਕ ਹੁੰਦੈ, ਨਹੀਂ ਕਰਜ਼ ਤੇ ਮਰਜ਼ ਬੰਦੇ ਨੂੰ ਲੈ ਬਹਿੰਦੇ ਐ..!"

-"ਚੱਲ ਜਿਵੇਂ ਤੇਰੀ ਮਰਜ਼ੀ..!"

ਤੀਹ ਹਜ਼ਾਰ ਰੁਪਈਆ ਬੋਝੇ ਪਾ ਗਿੰਦਰ ਨੇ ਪਿੰਡ ਵਾਲ਼ੀ ਬੱਸ ਫ਼ੜ ਲਈ।

ਮਾਮੇਂ ਨੇ ਉਸ ਨੂੰ ਨਾਲ਼ ਚੱਲਣ ਲਈ ਜ਼ੋਰ ਪਾਇਆ। ਪਰ ਗਿੰਦਰ ਨੇ ਕੰਮਾਂ-ਕਾਰਾਂ ਦਾ ਵਾਸਤਾ ਪਾ ਕੇ ਪਿੰਡ ਨੂੰ ਮੂੰਹ ਕਰ ਲਿਆ। ਬਹੁਤੀ ਹਿੰਡ ਮਾਮੇਂ ਨੇ ਵੀ ਨਹੀਂ ਕੀਤੀ ਸੀ।

ਉਸ ਰਾਤ ਗਿੰਦਰ ਨੂੰ ਕੁਝ ਸਕੂਨ ਦੀ ਨੀਂਦ ਆਈ।

ਅਗਲੇ ਦਿਨ ਇੰਗਲੈਂਡ ਤੋਂ ਜੋਰਾ ਸਿੰਘ ਦੀ ਚਿੱਠੀ ਆ ਗਈ। ਉਸ ਨੇ ਜਿੰਦਰ ਦਾ ਪਾਸਪੋਰਟ ਜਲਦੀ ਬਣਾਉਣ ਲਈ ਜ਼ੋਰ ਪਾਇਆ ਹੋਇਆ ਸੀ। ਲਿਖਿਆ ਸੀ ਕਿ ਅਜੇ ਭਾਰਤੀਆਂ ਨੂੰ ਇੰਗਲੈਂਡ ਵਿਚ "ਇੰਟਰੀ" ਹੈ, ਜੇ ਪੰਜਾਬ ਦੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਬ੍ਰਿਟਿਸ਼ ਗੌਰਮਿੰਟ ਨੇ ਵੀਜ਼ਾ ਜ਼ਰੂਰੀ ਕਰ ਦਿੱਤਾ, ਤਾਂ ਹੋਰ ਪਾਪੜ ਵੇਲਣੇ ਪੈਣਗੇ, ਸੋ ਲੈ-ਦੇ ਕੇ ਜਿੰਦਰ ਦਾ ਪਾਸਪੋਰਟ ਜਲਦੀ ਤੋਂ ਜਲਦੀ ਬਣਾ ਕੇ ਇਸ ਨੂੰ ਲੰਡਨ ਨੂੰ ਜਹਾਜ਼ ਚੜ੍ਹਾ ਦਿੱਤਾ ਜਾਵੇ। ਚਿੱਠੀ ਦੇ ਨਾਲ਼ ਜੋਰਾ ਸਿੰਘ ਨੇ ਜਿੰਦਰ ਲਈ ਚਾਲ਼ੀ ਹਜ਼ਾਰ ਰੁਪਏ ਦਾ ਡਰਾਫ਼ਟ ਵੀ ਭੇਜਿਆ ਸੀ।

-"ਤੂੰ ਛੱਪ ਦੇਣੇ ਅਜੰਟ ਕੋਲ਼ੇ ਜਾਹ, ਤੇ ਪਾਸਪੋਰਟ ਦਾ ਕੋਈ ਬੰਨ੍ਹ-ਸੁੱਬ ਕਰ, ਜਦੋਂ ਕਿਛਮਤ ਖੁੱਲ੍ਹਣ ਨੂੰ 'ਵਾਜਾਂ ਮਾਰੇ, ਓਦੋਂ ਘੇਸਲ਼ ਨਾ ਮਾਰੀਏ..!"

ਗਿੰਦਰ ਤੁਰ ਗਿਆ।

ਜਦ ਉਹ ਏਜੰਟ ਦੇ ਦਫ਼ਤਰ ਪਹੁੰਚਿਆ ਤਾਂ ਉਸ ਨੂੰ ਦੇਖ ਕੇ ਸਾਰੇ ਖ਼ੁਸ਼ ਹੋ ਗਏ।

-"ਆਓ ਸਰਦਾਰ ਜੀ..? ਕੀ ਭਸੂੜੀ ਪਾ ਲਈ ਸੀ..?"

-"ਗਰੀਬ ਦੀ ਝੁੱਗੀ 'ਚ ਵੜ ਗਿਆ ਸੀ, ਹਾਥੀ..!"

-"ਅੱਛਾ...!" ਸਾਰੇ ਹੱਸਣ ਲੱਗ ਪਏ।

-"ਅੱਛਾ ਕੀ...? ਫ਼ੇਰ ਓਥੇ ਰਹਿਣਾ ਕੀ ਸੀ..? ਅਗਲਾ ਸਾਰਾ ਕੁਛ ਘੜੀਸ ਕੇ ਤਿੱਤਰ ਹੋਇਆ..!"

-"ਪਤਾ ਲੱਗਿਆ ਕੁਛ ਚੋਰ ਦਾ..?" ਕਲਿਆਣ ਬੋਲਿਆ।

-"ਪਤਾ ਸੁਆਹ ਲੱਗਣਾ ਸੀ..? ਹੁਣ ਮੇਰੀ ਗੱਲ ਸੁਣ ਇੱਕ..!" ਗਿੰਦਰ ਨੇ ਤਾਕੀਦ ਕਰਨ ਵਾਲ਼ਿਆਂ ਵਾਂਗ ਕਿਹਾ।

-"ਪੁਲ਼ਸ ਨੂੰ ਖ਼ਬਰ ਨੀ ਕੀਤੀ...?"

-"ਪੁਲ਼ਸ ਦੀ ਸੁਣ ਲੈ...! ਕਿਸੇ ਗਰੀਬ ਦੇ ਘਰਆਲ਼ੀ ਗੁਆਚ ਗਈ...!"

-"ਅੱਛਾ....?"

-"ਅਗਲੇ ਨੇ ਠਾਣੇ ਜਾ ਖ਼ਬਰ ਕੀਤੀ, ਘਰਆਲ਼ੀ ਤਾਂ ਤੀਜੇ ਦਿਨ ਲੱਭਗੀ, ਦਸ ਦਿਨ ਪਤੰਦਰਾਂ ਨੇ ਓਹਨਾਂ ਨੇ ਨੀ ਮੋੜੀ...!"

ਹਾਸੇ ਦਾ ਛਣਕਾਟਾ ਪੈ ਗਿਆ।

-"ਪੁਲ਼ਸ ਦੀਆਂ ਕਰਤੂਤਾਂ ਦੇਖ ਸੁਣ ਕੇ ਮੈਂ ਤਾਂ ਨੀ ਠਾਣੇ ਗਿਆ, ਬਈ ਜਿਹੜੀਆਂ ਚਾਰ ਬੋਰੀਆਂ ਕਣਕ ਦੀਆਂ ਘਰੇ ਪਈਐਂ, ਉਹ ਚੱਕ ਲੈਣਗੇ, ਤੇ ਜੁਆਕ ਰੋਟੀ ਅੱਲੋਂ ਵੀ ਜਾਣਗੇ...!"

-"ਹੁਣ ਸਾਨੂੰ ਹੁਕਮ ਕਰੋ..!"

-"ਓਏ ਹੁਕਮ ਆਲ਼ਾ ਹੁੰਦਾ, ਤਾਂ ਮੈਂ ਐਥੇ ਤੁਰਿਆ ਫ਼ਿਰਦਾ..?"

ਦਫ਼ਤਰ ਵਾਲ਼ੇ ਫ਼ੇਰ ਹੱਸ ਪਏ।

-"ਸੌ ਹੱਥ ਰੱਸਾ, ਤੇ ਸਿਰੇ 'ਤੇ ਗੰਢ..! ਜਿੰਨੀ ਛੇਤੀ ਹੋ'ਜੇ, ਕੁੜੀ ਦਾ ਪਾਸਪੋਰਟ ਕੱਢਣੈ..!" ਗਿੰਦਰ ਨੇ ਆਪਣਾ ਖੁਰਪੇ ਵਰਗਾ ਹੱਥ ਕਈ ਵਾਰ ਕਲਿਆਣ ਦੇ ਮੇਜ 'ਤੇ ਮਾਰਿਆ। ਮੇਜ 'ਤੇ ਪਿਆ ਗਲੋਬ ਹਿੱਲਣ ਲੱਗ ਪਿਆ। ਕਲਿਆਣ ਨੇ ਹਿੱਲਦੇ ਗਲੋਬ ਨੂੰ ਹੱਥ ਪਾ ਲਿਆ।

-"ਮੈਂ ਤਾਂ ਓਸ ਦਿਨ ਵੀ ਕਿਹਾ ਸੀ ਕਿ ਜੇ ਮੇਰੇ ਵੱਸ ਹੁੰਦਾ, ਆਥਣ ਨੂੰ ਦੇ ਦਿੰਦਾ..!" ਕਲਿਆਣ ਬੋਲਿਆ।

-"ਫ਼ੇਰ ਜੀਹਦੇ ਵੱਸ ਐ, ਓਹਨੂੰ ਆਖ..! ਮੈਂ ਕੰਮ ਤੈਥੋਂ ਲੈਣੈ..! ਪੰਜ ਕਰ, ਪੰਜਾਹ ਕਰ, ਆਪਾਂ ਨੂੰ ਕੁੜੀ ਦਾ ਪਾਸਪੋਰਟ ਚਾਹੀਦੈ, ਚਾਹੇ ਜੀਹਨੂੰ ਮਰਜ਼ੀ ਫ਼ੜ..!"

-"...............।" ਕਲਿਆਣ ਚੁੱਪ ਸੀ। ਸੋਚ ਵਿਚ ਪਿਆ ਹੋਇਆ ਸੀ ਕਿ ਮੁਰਗੀ ਹਲਾਲ ਹੋਣ ਲਈ ਵਿਹੜੇ 'ਚ ਆ ਕੇ ਬਾਗਾਂ ਦੇਈ ਜਾ ਰਹੀ ਹੈ, ਇਸ ਨੂੰ ਕਿਸ ਹਿਸਾਬ ਨਾਲ਼ ਝਟਕਾਇਆ ਜਾਵੇ?

-"ਮੁਰਕੜੀ ਜੀ ਨਾ ਮਾਰ ਕੇ ਬੈਠ, ਕੋਈ ਸੱਪ ਕੱਢ, ਸੱਪ..! ਤੇ ਉਹ ਵੀ ਕੋਈ ਖੜੱਪਾ..!!"

-"..............।"

-"ਕੁੜੀ ਦੇ ਫ਼ੁੱਫ਼ੜ ਦੀ ਤਾਰ ਅਰਗੀ ਚਿੱਠੀ ਆਈ ਐ, ਬਈ ਪਾਸਪੋਰਟ ਛੇਤੀ ਕਢਵਾਓ, ਤੇ ਕੁੜੀ ਨੂੰ ਚਾੜ੍ਹੋ, ਨੇੜੇ ਹੋ ਕੇ ਇੱਕ ਆਰੀ ਫ਼ੁੱਫ਼ੜ ਕਹੀਏ, ਦੀਵਾ ਬੁਝ ਜਾਂਦੈ..!" ਗਿੰਦਰ ਪੈਰਾਂ ਹੇਠੋਂ ਮਿੱਟੀ ਕੱਢੀ ਜਾ ਰਿਹਾ ਸੀ।

ਦਫ਼ਤਰ ਵਾਲ਼ਿਆਂ ਦੀਆਂ ਹੱਸਦਿਆਂ ਦੀਆਂ ਵੱਖੀਆਂ ਟੁੱਟ ਗਈਆਂ।

-"ਸਰਦਾਰ ਜੀ, ਇੱਕ ਗੱਲ ਆਖਾਂ..?" ਕਲਿਆਣ ਨੇ ਹਲਾਲ ਕਰਨ ਲਈ ਛੁਰੀ ਚੁੱਕ ਲਈ।

-"ਦੋ ਆਖ, ਪਰ ਮੇਰਾ ਕੰਮ ਛੇਤੀ ਕਰ..!"

-"ਗੱਲ ਤਾਂ ਫ਼ੇਰ ਸਿੱਧੀ ਐ ਸਰਦਾਰ ਜੀ, ਬਈ ਜਿੰਨਾਂ ਬਾਲਣ ਡਾਹੋਂਗੇ, ਭੱਠੀ ਓਨੀ ਮਘੂ..!"

-"ਮੈਂ ਤਾਂ ਭੱਠੀ 'ਚ ਡਾਹਦੂੰ ਲਟੈਣ, ਤੂੰ ਗੱਲ ਤਾਂ ਕਰ..! ਤੂੰ ਗੱਲੀਂ-ਬਾਤੀਂ ਕੰਧਾਂ ਕੌਲ਼ਿਆਂ 'ਤੇ ਨਾ ਮੂਤੀ ਜਾਹ, ਮੈਨੂੰ ਸਿੱਧੀ ਗੱਲ ਸੁਣਾ..! ਮੈਂ ਤਾਂ ਨੱਕ ਦੀ ਸੇਧ ਆਲ਼ਾ ਬੰਦੈਂ, ਵਲ਼-ਫ਼ੇਰ ਮੈਨੂੰ ਨੀ ਆਉਂਦੇ, ਤੂੰ ਗੱਲਾਂ ਕਰਦੈਂ ਅਸ਼ਟ-ਬੱਕਰ ਆਲ਼ੀਆਂ, ਤੇ ਮੈਂ ਸਿੱਧਾ ਸਾਦਾ ਪੇਂਡੂ ਜੱਟ..! ਮੇਰੇ ਖਾਨੇਂ ਕਿੱਥੋਂ ਪੈਣਗੀਆਂ..?"

-"ਲੈ ਬੈਠ ਫ਼ੇਰ ਸਰਦਾਰਾ..! ਕੱਲ੍ਹ ਨੂੰ ਆਪਾਂ ਦੋਨੋਂ ਚੱਲਦੇ ਐਂ ਚੰਡੀਗੜ੍ਹ, ਕਿਸੇ ਹੋਰ ਨੂੰ ਨੀ ਤੇਰੇ ਨਾਲ਼ ਭੇਜਣਾ, ਹੱਥੀਂ ਵਣਜ - ਪਰਾਈ ਖੇਤੀ-!"

-"....ਕਦੇ ਨਾ ਹੁੰਦੇ, ਬੱਤੀਆਂ ਤੋਂ ਤੇਤੀ..!" ਬੈਠਦਿਆਂ ਗਿੰਦਰ ਨੇ ਕਲਿਆਣ ਦੀ ਗੱਲ ਪੂਰੀ ਕਰ ਦਿੱਤੀ।

-"ਰੁਪਈਆ ਦਸ ਹਜ਼ਾਰ ਗੀਝੇ 'ਚ ਪਾਲੀਂ..! ਆਪਾਂ ਗੱਲ ਸਿਰੇ ਲਾ ਕੇ ਮੁੜਾਂਗੇ..!"

-"ਕੱਲ੍ਹ ਨੂੰ ਥੋਨੂੰ ਬੱਸ ਅੱਡੇ ਈ ਮਿਲਾਂ..?"

-"ਜਿੱਥੇ ਸੂਰੀ ਸਾਹਿਬ ਨੂੰ ਮਿਲ਼ੇ ਸੀ, ਓਸੇ ਥਾਂ..!"

# ਸਹਿਜ ਵਿਚ ਹੈ ਜੀਵਨ ਦਾ ਆਨੰਦ

ਡਾ. ਸਤਿੰਦਰ ਪਾਲ ਸਿੰਘ
ਈ : 1716, ਰਾਜਾਜੀਪੁਰਮ
ਲਖਨਊ : 226017
ਪੰਜਾਬ ਮੇਲ USA





ਜੀਵਨ ਪ੍ਰਮਾਤਮਾ ਦੀ ਅਨਮੋਲ ਦਾਤ ਹੈ। ਮਨੁੱਖੀ ਜੀਵਨ ਅਨਮੋਲ ਦੇ ਨਾਲ ਹੀ ਦੁਰਲੱਭ ਵੀ ਹੈ। ਸਭ ਤੋਂ ਸ੍ਰੇਸ਼ਟ ਤਨ, ਤਨ ਅੰਦਰ ਸੋਚ, ਸਮਝ ਦੀ ਸਮਰਥਾ, ਸਾਰੇ ਜੀਵਾਂ 'ਚੋਂ ਕੇਵਲ ਮਨੁੱਖ ਦੇ ਹਿੱਸੇ ਆਈ ਹੈ। ਮਨੁੱਖੀ ਜੀਵਨ ਲਈ ਕਿਸੇ ਜੀਵ ਦੀ ਚੋਣ ਉਸ ਦੇ ਵੱਡੇ ਭਾਗਾਂ ਦਾ ਪ੍ਰਤੀਕ ਹੈ। ਇਹ ਪੂਰਨ ਆਨੰਦ ਦਾ ਅਵਸਰ ਹੈ ਕਿਉਂਕਿ ਪ੍ਰਮਾਤਮਾ ਨੇ ਖ਼ਾਸ ਕਿਰਪਾ ਕਰਕੇ ਬਖਸ਼ਿਆ ਹੈ। ਪਰ ਇਸ ਆਨੰਦ ਦਾ ਅਨੁਭਵ ਕਿਉਂ ਨਹੀਂ ਹੁੰਦਾ। ਸੰਸਾਰ ਅੰਦਰ ਕੋਈ ਵਿਰਲਾ ਹੀ ਹੋਵੇਗਾ, ਜੋ ਪੂਰਨ ਸੁਖੀ ਹੋਵੇ। ਹਰ ਮਨੁੱਖ ਕਿਸੇ ਨਾ ਕਿਸੇ ਪੱਖੋਂ ਦੁਖੀ ਹੈ। ਸਾਰੀਆਂ ਦੇ ਦੁੱਖ ਦੇ ਆਪੋ-ਆਪਣੇ ਕਾਰਨ ਹਨ। ਕਾਰਨ ਭਿੰਨ-ਭਿੰਨ ਹੋ ਸਕਦੇ ਹਨ ਪਰ ਇੱਕ ਸਮਾਨਤਾ ਹੈ ਕਿ ਸਾਰੇ ਦੁੱਖੀ ਹਨ 'ਤੇ ਆਪਣੇ ਹਾਲਾਤ ਬਦਲਣਾ ਚਾਹੁੰਦੇ ਹਨ। ਦੁੱਖ ਦਾ ਅਨੁਭਵ ਮਨ ਕਰਦਾ ਹੈ। ਦੁੱਖ ਦਾ ਮੂਲ ਮਨ ਅੰਦਰ ਹੀ ਹੈ।

ਦੁੱਖ ਦਾ ਸਬੰਧ ਦਰਅਸਲ ਮਨ ਨਾਲ ਹੀ ਹੈ। ਮਨ ਦੁੱਖ ਮਹਿਸੂਸ ਹੀ ਨਹੀਂ ਕਰਦਾ, ਦੁੱਖ ਦਾ ਜਨਕ ਵੀ ਹੈ। ਹਰ ਮਨੁੱਖ ਦੇ ਮਨ ਅੰਦਰ ਕੋਈ ਨਾ ਕੋਈ ਤੂਫਾਨ ਚੱਲ ਰਿਹਾ ਹੈ। ਕਿਸੇ ਨੂੰ ਕੁਝ ਚਾਹੀਦੇ, ਕਿਸੇ ਨੂੰ ਕੁਝ। ਇਹ ਮੰਗ ਲਾਲਸਾ ਤੋਂ ਜਨਮ ਲੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿਚ ਬੇਹਿਸਾਬ ਸਮਾਨ ਬਾਜ਼ਾਰ ਅੰਦਰ ਮੌਜੂਦ ਹੈ, ਜਿਸ ਨੂੰ ਵੇਚਨ ਲਈ ਨਕਲੀ ਲੋੜਾਂ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਮਨੁੱਖ ਉਸ ਨਕਲੀ ਲੋੜ ਦੀ ਪੂਰਤੀ ਲਈ ਖ਼ਾਸ ਤੌਰ 'ਤੇ ਤਾਂ ਵਿਆਕੁਲ ਹੋ ਉੱਠਦਾ ਹੈ, ਜਦੋਂ ਆਪਣੇ ਗੁਆਂਢੀ, ਮਿੱਤਰ, ਸਬੰਧੀ ਜਾਂ ਕਿਸੇ ਹੋਰ ਜਾਣ-ਪਛਾਣ ਵਾਲੇ ਕੋਲ ਕੋਈ ਪਦਾਰਥ ਵੇਖ ਲੈਂਦਾ ਹੈ। ਮਨ ਅੰਦਰ ਕਿਉਂਕਿ ਈਰਖਾ ਹੈ, ਸ਼ਰੀਕੇ ਵਾਲੀ ਹੋੜ ਦੀ ਭਾਵਨਾ ਹੈ, ਦੂਜੇ ਦੀ ਲੋੜ ਨੂੰ ਉਹ ਆਪਣੀ ਲੋੜ ਬਣਾ ਲੈਂਦਾ ਹੈ। ਮਾਇਆ, ਵਿਕਾਰਾਂ ਦੇ ਝੱਖੜ ਵਿਚ ਆਪਣੇ ਆਪ ਦੀ ਪਛਾਣ ਹੀ ਵਿਸਰ ਗਈ ਹੈ। ਆਪਣੀਆਂ ਲੋੜਾਂ, ਆਪਣੀ ਸਮਰਥਾ, ਆਪਣੀਆਂ ਦਿਲਚਸਪੀਆਂ ਅਨਦੇਖੀਆਂ ਕਰ ਦਿੱਤੀਆਂ ਜਾਂਦੀਆਂ ਹਨ। ਆਪ ਆਪਣੀ ਜ਼ਿੰਦਗੀ ਦਾ ਨਾਇਕ ਬਨਣ ਦੀ ਥਾਂ ਕਿਸੇ ਹੋਰ ਦੇ ਸੁਪਨੇ ਉਧਾਰ ਲੈ ਲਏ ਜਾਂਦੇ ਹਨ। ਸਾਰੀ ਦੁਨੀਆਂ ਅੰਦਰ ਕਮੋਬੇਸ਼ ਇਹੋ ਦ੍ਰਿਸ਼ ਚੱਲ ਰਿਹਾ ਹੈ। ਹਰ ਕੋਈ ਕਿਸੇ ਦੂਜੇ ਦੇ ਜੂਤੇ ਅੰਦਰ ਆਪਣੇ ਪੈਰ ਰੱਖਣ ਦਾ ਮੌਕਾ ਤਲਾਸ਼ ਰਿਹਾ ਹੈ। ਮਨ ਭਟਕ ਰਿਹਾ ਹੈ। ਤਨਾਵ ਹੈ, ਉਤਾਵਲਾਪਨ ਹੈ, ਕਲੇਸ਼ ਹੈ, ਸੰਤਾਪ ਹੈ, ਦੂਜਿਆਂ ਦੀ ਬਰਾਬਰੀ ਕਰਨ ਦਾ, ਉਨ੍ਹਾਂ ਤੋਂ ਅੱਗੇ ਵਧਣ ਦਾ। ਮਨ ਟਿਕੇਗਾ ਹੀ ਨਹੀਂ, ਤਾਂ ਸੁੱਖ, ਆਨੰਦ ਕਿਵੇਂ ਪ੍ਰਾਪਤ ਹੋਵੇਗਾ। ਨਦੀ ਦਾ ਪਾਣੀ ਜਦੋਂ ਸ਼ਾਂਤ ਹੁੰਦਾ ਹੈ, ਤਾਂ ਹੀ ਉਸ ਦੇ ਅੰਦਰ ਦੀ ਗਹਿਰਾਈ, ਉਸ ਦੇ ਤਲ ਦਾ ਪਤਾ ਲੱਗਦਾ ਹੈ।

ਮਨ ਨੂੰ ਸ਼ਾਂਤ ਕਰਨ ਲਈ ਆਪਣੇ ਆਪ ਨੂੰ ਪਛਾਣ ਕੇ ਸਵੀਕਾਰ ਕਰਨ ਦੀ ਲੋੜ ਹੈ। ਪ੍ਰਮਾਤਮਾ ਨੇ ਜੋ ਬਖਸ਼ਿਆ ਹੈ, ਜੋ ਭਵਿੱਖ ਵਿਚ ਬਖ਼ਸ਼ਣ ਜਾ ਰਿਹਾ ਹੈ, ਮਾਤਰ ਉਸ 'ਤੇ ਹੀ ਮਨੁੱਖ ਦਾ ਹੱਕ ਬਣਦਾ ਹੈ। ਬੇਸ਼ੱਕ ਇਸ ਲਈ ਉੱਦਮ ਕਰਨਾ ਪੈਂਦਾ ਹੈ ਪਰ ਇਸ ਦੀ ਪ੍ਰੇਰਣਾ ਵੀ ਪ੍ਰਮਾਤਮਾ ਹੀ ਦਿੰਦਾ ਹੈ। ਪ੍ਰਮਾਤਮਾ ਹੀ ਕਾਰਜ ਪੂਰੇ ਕਰਦਾ ਹੈ। ਮਨੁੱਖ ਆਪਣੀਆਂ ਲੋੜਾਂ ਆਪਣੀ ਸਮਰਥਾ 'ਤੇ ਯੋਗਤਾ ਮੁਤਾਬਿਕ ਤੈਅ ਕਰੇ ਤੇ ਉਨ੍ਹਾਂ ਦੀ ਪੂਰਤੀ ਲਈ ਜਤਨ ਕਰੇ। ਉਸ ਨੂੰ ਜਤਨ 'ਤੇ ਹਠ ਵਿਚ ਫਰਕ ਕਰਨਾ ਆਉਣਾ ਚਾਹੀਦੇ। ਜਤਨ ਆਪਣੀ ਸਮਰਥਾ, ਗੁਣਾਂ ਅਨੁਸਾਰ ਕੀਤੇ ਜਾਂਦੇ ਹਨ। ਜਦੋਂ ਦੂਜੇ ਦੀ ਰੀਸ ਕਰਨ ਲਈ ਜਾਂ ਈਰਖਾ ਵਿਚ ਭਰ ਕੇ ਜਤਨ ਕੀਤਾ ਜਾਵੇ, ਉਹ ਹਠ ਬਣ ਜਾਂਦਾ ਹੈ। ਹਠ ਨਾਲ ਕੀਤੇ ਉੱਦਮ ਜ਼ਿਆਦਾ ਨਿਹਫਲ ਹੀ ਜਾਂਦੇ ਹਨ ਕਿਉਂਕਿ ਉਹ ਅਸ਼ਾਂਤ ਮਨ ਨਾਲ ਕੀਤੇ ਗਏ ਹੁੰਦੇ ਹਨ। ਹਠ ਨਾਲ ਪ੍ਰਾਪਤੀ ਹੋ ਵੀ ਜਾਵੇ ਪਰ ਮਨ ਸਹਿਜ ਨਾ ਹੋਣ ਕਾਰਨ ਮਨੁੱਖ ਪੂਰਨ ਆਨੰਦ ਮਾਨਣ ਤੋਂ ਦੂਰ ਹੀ ਰਹਿੰਦਾ ਹੈ। ਜੋ ਜੂਤਾ ਉਸ ਲਈ ਬਣਿਆ ਹੀ ਨਹੀਂ, ਉਹ ਪ੍ਰਾਪਤ ਹੋ ਵੀ ਜਾਵੇ ਪਰ ਚਾਲ ਵਿਗਾੜ ਦਿੰਦਾ ਹੈ। ਸੰਸਾਰ ਅੰਦਰ ਅਜਿਹੇ ਲੋਕ ਬਹੁਤ ਮਿਲ ਜਾਣਗੇ, ਜਿਨ੍ਹਾਂ ਆਪਣੀ ਯੋਗਤਾ ਤੋਂ ਵੱਧ, ਦੰਦ ਫੰਦ ਨਾਲ ਮਨ ਚਾਹਿਆ ਹਾਸਲ ਤਾਂ ਕਰ ਲਿਆ ਪਰ ਉਹ ਪ੍ਰਾਪਤੀਆਂ ਹੀ ਉਨ੍ਹਾਂ ਦੇ ਦੁੱਖਾਂ ਦਾ ਕਾਰਨ ਬਣਿਆਂ। ਕੁਝ ਪ੍ਰਾਪਤ ਕਰਨਾ ਜ਼ਿਆਦਾ ਕਠਿਨ ਨਹੀਂ ਪਰ ਉਹ ਪ੍ਰਾਪਤੀ ਜੀਵਨ ਵਿਚ ਸੁੱਖ, ਆਨੰਦ ਵੀ ਲਿਆਵੇ, ਇਹ ਜ਼ਰੂਰੀ ਨਹੀਂ ਹੈ। ਗੁਰਬਾਣੀ ਅੰਦਰ ਅਜਿਹੇ ਲੋਕਾਂ ਲਈ ਹੀ ਕਿਹਾ ਗਿਆ ਹੈ ਕਿ ਜੋ ਲੋਕ ਬੜੇ ਵੱਡੇ ਵਿਖਾਈ ਦਿੰਦੇ ਹਨ, ਉਹ ਚਿੰਤਾ, ਰੋਗਾਂ ਨਾਲ ਘਿਰੇ ਹੋਏ ਹਨ। ਮਨੁੱਖ ਨੂੰ ਦੂਜਿਆਂ ਦੀਆਂ ਪ੍ਰਾਪਤੀਆਂ ਵਿਖਾਈ ਦਿੰਦਿਆਂ ਹਨ ਪਰ ਉਨ੍ਹਾਂ ਨੇ ਪ੍ਰਾਪਤੀਆਂ ਦੀ ਕੀ ਕੀਮਤ ਚੁਕਾਈ ਹੈ, ਕੀ ਅੱਗੇ ਚੁਕਾਉਣ ਵਾਲੇ ਹਨ, ਇਹ ਨਹੀਂ ਦਿੱਸਦਾ। ਦੂਜਿਆਂ ਦੀ ਸਫਲਤਾ ਤੋਂ ਪ੍ਰੇਰਣਾ ਲਈ ਜਾ ਸਕਦੀ, ਉਸ ਲਈ ਆਪਣੇ ਅੰਦਰ ਗੁਣ ਵਿਕਸਿਤ ਕੀਤੇ ਜਾ ਸਕਦੇ ਹਨ ਪਰ ਨਿੱਠਲੀ ਰੀਸ ਆਤਮਘਾਤੀ ਹੁੰਦੀ ਹੈ। ਸਰੋਵਰ ਨਦੀ ਨਹੀਂ ਬਣ ਸਕਦਾ, ਨਦੀ ਸਾਗਰ ਨਹੀਂ ਬਣ ਸਕਦੀ, ਸਾਗਰ ਆਕਾਸ਼ ਨਹੀਂ ਬਣ ਸਕਦਾ। ਸਰੋਵਰ ਤਦ ਤੱਕ ਹੀ ਸਰੋਵਰ ਹੈ, ਨਦੀ ਤਦ ਤੱਕ ਹੀ ਨਦੀ ਹੈ, ਜਦੋਂ ਤੱਕ ਉਸ ਦੇ ਕਿਨਾਰੇ ਬੰਨ੍ਹੇ ਹੋਏ ਹਨ। ਮਰਿਆਦਾ ਰੂਪ ਕਿਨਾਰੇ ਹੀ ਮਨੁੱਖ ਦੇ ਜੀਵਨ ਵਿਚ ਸਹਿਜ ਦੀ ਅਵਸਥਾ ਸਿਰਜਦੇ ਹਨ।

ਜੀਵਨ ਦੀ ਮਰਿਆਦਾ ਹੈ ਕਿ ਜੋ ਕੁਝ ਪ੍ਰਾਪਤ ਹੋਇਆ ਹੈ, ਉਸ ਨੂੰ ਸੰਭਾਲ ਕੇ, ਸੰਜੋਅ ਕੇ ਰੱਖਿਆ ਜਾਵੇ। ਜੀਵਨ ਵਿਚ ਵੱਡਾ ਜਾਂ ਛੋਟਾ ਹੋਣਾ ਕੋਈ ਮਾਇਨੇ ਨਹੀਂ ਰੱਖਦਾ। ਜੋ ਮਨੁੱਖ ਨੂੰ ਪ੍ਰਾਪਤ ਹੈ, ਉਸ ਦੀ ਸੁਚੱਜੀ ਵਰਤੋਂ ਉਸ ਨੂੰ ਸੁੰਦਰ ਬਣਾ ਦਿੰਦੀ ਹੈ। ਜੀਵਨ ਵਿਚ ਮਹੱਤਤਾ ਸੁੰਦਰਤਾ ਦੀ ਹੈ। ਸਮਾਂ ਹੋਵੇ, ਸਬੰਧ ਹੋਵੇ, ਪਦਾਰਥ ਹੋਵੇ, ਉਸ ਨੂੰ ਖੂਬਸੂਰਤ ਬਣਾ ਦੇਣਾ ਮਨੁੱਖ ਦੇ ਹੱਥ ਵਿਚ ਹੈ। ਰੱਬ ਨੇ ਨਿੱਕੀ ਜਿਹੀ ਤਿੱਤਲੀ ਬਣਾਈ ਪਰ ਉਸ ਦੇ ਪੰਖਾਂ ਵਿਚ ਵੰਨ-ਸੁਵੰਨੇ ਰੰਗ ਭਰ ਕੇ ਉਸ ਨੂੰ ਖੂਬਸੂਰਤ ਬਣਾ ਦਿੱਤਾ। ਮਨੁੱਖ ਕੋਲ ਭਾਵਨਾਵਾਂ ਦਾ ਅਦੁੱਤੀ ਖਜ਼ਾਨਾ ਲੁਕਿਆ ਪਿਆ ਹੈ। ਲੋੜ ਹੈ ਆਪਣੇ ਅੰਦਰ ਛੁਪੇ ਇਸ ਖਜ਼ਾਨੇ ਤੋਂ ਪ੍ਰੇਮ, ਸੰਜਮ, ਸੰਤੋਖ ਦੇ ਰੰਗ ਕੱਢ ਕੇ ਜੀਵਨ ਨੂੰ ਖੂਬਸੂਰਤ ਬਣਾਉਣ ਦੀ, ਖੁਸ਼ੀਆਂ ਮਨੁੱਖ ਦੇ ਨੇੜੇ-ਤੇੜੇ ਹੀ ਵੱਸ ਰਹੀਆਂ ਹਨ। ਉਨ੍ਹਾਂ ਦੀ ਪਛਾਣ ਕਰ ਭਾਵਨਾਵਾਂ ਦੇ ਰੰਗ ਭਰਦਿਆਂ ਹੀ ਆਨੰਦ ਦੇ ਸੋਮੇ ਵਰ੍ਹ ਪੈਣਗੇ। ਅੰਮ੍ਰਿਤ ਵੇਲੇ ਉੱਠ ਕੇ ਸੂਰਜ ਦਾ ਉੱਗਣਾ ਵੇਖਣਾ ਮਨ ਅੰਦਰ ਆਸ ਭਰ ਦਿੰਦਾ ਹੈ। ਸੂਰਜ ਨੇ ਇਹ ਦ੍ਰਿਸ਼ ਆਪ ਕੁਦਰਤ ਦਾ ਸਭ ਤੋਂ ਮਨੋਰਮ ਦ੍ਰਿਸ਼ ਬਣਾ ਦਿੱਤਾ ਹੈ ਕਿਉਂਕਿ ਉਸ ਦੇ ਉੱਗਣ ਵਿਚ ਸਹਿਜ ਹੈ, ਤਿਲ ਮਾਤਰ ਵੀ ਵਿਆਕੁਲਤਾ ਨਹੀਂ ਹੈ। ਸੂਰਜ ਦਾ ਸਹਿਜ ਹੀ ਉਸ ਨੂੰ ਕਦੋਂ ਦੁਪਹਿਰ ਦੇ ਸ਼ਿਖਰ ਤੱਕ ਪੁਜਾ ਦਿੰਦਾ ਹੈ, ਪਤਾ ਹੀ ਨਹੀਂ ਲੱਗਦਾ। ਉਸ ਦਾ ਡੁੱਬਣਾ ਵੀ ਸਹਿਜ ਦੀ ਸ੍ਰੇਸ਼ਟ ਮਿਸਾਲ ਹੈ। ਬਿਨਾ ਕਿਸੇ ਨਿਰਾਸ਼ਾ, ਬਿਨਾ ਕਿਸੇ ਪ੍ਰਤੀਕਰਮ ਸੂਰਜ ਚਹਿਲਕਦਮੀ ਕਰਦਿਆਂ ਆਕਾਸ਼ ਦੇ ਦੂਜੇ ਛੋਰ 'ਤੇ ਪੁੱਜ ਕੇ ਅਲੋਪ ਹੋ ਜਾਂਦਾ ਹੈ। ਉਸ ਦੇ ਉੱਗਣ ਵਿਚ ਵੀ ਸਹਿਜ ਹੈ ਤੇ ਡੁੱਬਣ ਵਿਚ ਵੀ ਸਹਿਜ ਹੈ। ਇਹੋ ਕਾਰਨ ਹੈ ਕਿ ਲੋਕਾਂ ਨੂੰ ਸੂਰਜ ਦਾ ਉੱਗਣਾ ਵੀ ਮਨਮੋਹਕ ਲੱਗਦਾ ਹੈ ਤੇ ਡੁੱਬਣਾ ਵੀ।

ਮਨੁੱਖ ਦਾ ਅਮੀਰ ਜਾਂ ਗਰੀਬ ਹੋਣਾ, ਤਾਕਤਵਰ ਜਾਂ ਕਮਜ਼ੋਰ ਹੋਣਾ, ਉੱਚੀ ਜਾਂ ਨੀਵੀਂ ਪਦਵੀ 'ਤੇ ਹੋਣਾ ਉਸ ਦੇ ਕਰਮਾਂ ਦਾ ਫਲ ਕਿਹਾ ਜਾ ਸਕਦਾ ਹੈ ਪਰ ਉਸ ਦਾ ਸੁਖੀ ਜਾਂ ਦੁਖੀ ਹੋਣਾ ਉਸ ਦੀ ਆਪਣੀ ਜੀਵਨ ਦ੍ਰਿਸ਼ਟੀ ਦਾ ਫਲ ਹੈ। ਭਗਤ ਕਬੀਰ ਦਾਸ ਜੀ ਜੀਵਨ ਭਰ ਕੱਪੜਾ ਬੁਣਦੇ ਰਹੇ, ਭਗਤ ਰਵਿਦਾਸ ਜੀ ਜੀਵਨ ਭਰ ਜੁੱਤੀਆਂ ਗੰਢਦੇ ਰਹੇ ਪਰ ਉਨ੍ਹਾਂ ਦੇ ਜੀਵਨ ਅੰਦਰ ਆਨੰਦ ਦੇ ਜੋ ਸਾਗਰ ਲਹਿਰਾ ਰਹੇ ਸਨ, ਉਹ ਵੱਡੇ-ਵੱਡੇ ਜਪੀਆਂ, ਤਪੀਆਂ ਦੇ ਹਿੱਸੇ ਨਹੀਂ ਆਏ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਬਣਨਾ ਕਿਸੇ ਲਈ ਵੀ ਮੁਮਕਿਨ ਨਹੀਂ ਹੈ ਪਰ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਤਾਂ ਲਈ ਹੀ ਜਾ ਸਕਦੀ ਹੈ। ਭਗਤ ਕਬੀਰ ਜੀ ਲਈ ਕਾਸ਼ੀ ਤੇ ਮਗਹਰ ਇੱਕ ਸਮਾਨ ਸਨ। ਭਗਤ ਰਵਿਦਾਸ ਜੀ ਪਾਰਸ ਤੇ ਪੱਥਰ 'ਚ ਕੋਈ ਭੇਦ ਨਹੀਂ ਸੀ। ਉਨ੍ਹਾਂ ਨੇ ਸੰਸਾਰ ਦੇ ਫੇਰ ਵਿਚ ਪਏ ਬਿਨਾਂ ਸੰਸਾਰ ਅੰਦਰ ਆਪਣੀ ਭੂਮਿਕਾ ਨੂੰ ਪਛਾਣਿਆਂ ਅਤੇ ਉਸ ਦਾ ਪੂਰਨ ਸਮਰਪਣ ਨਾਲ ਨਿਰਵਾਹ ਕੀਤਾ। ਮਨੁੱਖ ਆਪਣੀ ਭੂਮਿਕਾ ਦੀ ਪਛਾਣ ਕਰੇ ਤੇ ਉਸ ਨੂੰ ਨਿਭਾਉਣ ਲਈ ਤਨ, ਮਨ ਨਾਲ ਜਤਨ ਕਰੇ। ਨਦੀ ਵਿਚ ਜਲ ਦਾ ਪ੍ਰਵਾਹ ਤਾਂ ਹੀ ਬਣਦਾ ਤੇ ਤੁਰਦਾ ਹੈ, ਜਦੋਂ ਉਹ ਕਿਨਾਰਿਆਂ ਦੇ ਅੰਦਰ ਚੱਲਦਾ ਹੈ। ਨਦੀ ਦਾ ਜਲ ਜਦੋਂ ਹਠ ਕਰਦਾ ਹੈ, ਤਾਂ ਕਿਨਾਰੇ ਤੋੜ ਕੇ ਹੜ੍ਹ ਬਣ ਜਾਂਦਾ ਹੈ ਤੇ ਤਬਾਹੀ ਲਿਆਉਂਦਾ ਹੈ। ਜ਼ਿੰਦਗੀ ਨੂੰ ਹੜ੍ਹ ਦਾ ਜਲ ਨਾ ਬਨਣ ਦਿਉ। ਸਹਿਜ ਰਹੋ, ਤਾਂ ਇੱਕ ਦਿਨ ਆਪ ਹੀ ਉਸ ਸ਼ਿਖਰ 'ਤੇ ਪੁੱਜ ਜਾਵੋਗੇ, ਜੋ ਪ੍ਰਮਾਤਮਾ ਨੇ ਤੁਹਾਡੇ ਲਈ ਨੀਅਤ ਕੀਤਾ ਹੋਇਆ ਹੈ। ਸਾਗਰ ਵਿਚ ਮਿਲਣ ਲਈ ਸਹਿਜ ਪ੍ਰਵਾਹ ਬਣੋ।

---

# ਸਿੱਕੇ ਦੇ ਦੂਜੇ ਪਾਸੇ ਵਾਲੀ ਔਰਤ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ
ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA





ਔਰਤ ਬਾਰੇ ਲਿਖਿਆ ਮੇਰਾ ਕੋਈ ਵੀ ਲੇਖ ਛੱਪਣ 'ਤੇ ਵੱਖ-ਵੱਖ ਪ੍ਰਤੀਕਿਰਿਆ ਵਾਲੇ ਪਾਠਕਾਂ ਦੇ ਬਹੁਤ ਫੋਨ ਆਉਂਦੇ ਹਨ, ਜੋ ਕਿ ਸੁਭਾਵਿਕ ਵੀ ਹਨ। ਭਾਵੇਂ ਬਹੁਤੇ ਪਾਠਕ ਲੇਖ ਦੀ ਪ੍ਰਸ਼ੰਸਾ ਕਰਨ ਵਾਲੇ ਹੀ ਹੁੰਦੇ ਹਨ ਪਰ ਕਈ ਪਾਠਕਾਂ ਨੇ ਮੇਰੀ ਲਿਖਤ ਨਾਲ ਸਹਿਮਤ ਨਾ ਹੁੰਦਿਆਂ ਤੌਖਲਾ ਵੀ ਪ੍ਰਗਟਾਉਣਾ ਕਿ ਮੈਂ ਔਰਤ ਦਾ ਸਿਰਫ ਇੱਕ ਪਾਸਾ ਹੀ ਦੇਖਿਆ-ਵਾਚਿਆ ਤੇ ਲਿਖਿਆ ਹੈ। ਸ਼ਾਇਦ ਉਨ੍ਹਾਂ ਨਾਲ ਅਜਿਹਾ ਕੁਝ ਨਾ ਕੁਝ ਵਾਪਰਿਆ ਹੋਵੇ, ਜਿਸ ਕਾਰਨ ਉਨ੍ਹਾਂ ਦੀ ਔਰਤਾਂ ਪ੍ਰਤੀ ਸੋਚ ਇੱਕਪਾਸੜ ਹੋ ਗਈ ਹੋਵੇ। ਕਈ ਪਾਠਕਾਂ ਨੇ ਫੋਨ 'ਤੇ ਕਹਿਣਾ ਵੀ ਕਿ ਤੁਸੀਂ ਸਿੱਕੇ ਦਾ ਇੱਕ ਪਾਸਾ ਦੇਖਿਆ ਹੋਣਾ, ਪਰ ਮੈਂ ਉਨ੍ਹਾਂ ਨਾਲ ਸਹਿਮਤ ਨਾ ਹੋ ਕੇ ਆਪਣੀ ਸੋਚ ਅਨੁਸਾਰ ਹੀ ਔਰਤ ਬਾਬਤ ਉਹੀ ਲਿਖਿਆ, ਜੋ ਮੈਂ ਆਪਣੇ ਆਲੇ-ਦੁਆਲੇ ਦੇਖਿਆ-ਵਾਚਿਆ। ਪਰ ਇੱਕ ਸਮੇਂ ਮੈਨੂੰ ਵੀ ਸਿੱਕੇ ਦੇ ਦੂਜੇ ਪਾਸੇ ਵਾਲੀ ਔਰਤ ਦਾ ਰੂਪ ਦੇਖਣ ਨੂੰ ਮਿਲਿਆ, ਜਿਸਦਾ ਜ਼ਿਕਰ ਇਸ ਲੇਖ ਰਾਹੀਂ ਕੀਤਾ ਜਾ ਰਿਹਾ ਹੈ।

ਕਰੀਬ 25 ਕੁ ਸਾਲ ਪਹਿਲਾਂ ਤੋਂ ਗੱਲ ਸ਼ੁਰੂ ਕਰਦੇ ਹਾਂ। ਉਸ ਸਮੇਂ 2 ਜਾਣਕਾਰਾਂ ਜਾਂ ਮਿੱਤਰਾਂ 'ਚੋਂ ਪਹਿਲਾ ਪ੍ਰੇਮ ਵਿਆਹ ਕਰਵਾ ਲੈਂਦਾ ਹੈ। ਉਹ ਕਿਸੇ ਪ੍ਰਾਈਵੇਟ ਫਰਮ 'ਚ ਕੰਮ ਕਰਦਾ ਹੈ ਤੇ ਉਸਦੀ ਘਰਵਾਲੀ ਨਿੱਜੀ ਸਕੂਲ 'ਚ ਪੜ੍ਹਾਉਂਦੀ ਹੈ। ਉਨ੍ਹਾਂ ਦੇ ਘਰ ਪੁੱਤ ਤੇ ਫੇਰ ਧੀ ਦਾ ਜਨਮ ਹੁੰਦਾ ਹੈ। ਦੋਵਾਂ ਦੀ ਮਿਹਨਤ ਸਦਕਾ ਤੰਗੀ ਤੁਰਸ਼ੀ ਦੇ ਚੱਲਦਿਆਂ ਛੋਟਾ ਜਿਹਾ ਘਰ ਵੀ ਬਣ ਜਾਂਦਾ ਹੈ। ਸਮਾਂ ਲੰਘਣ 'ਤੇ ਇੱਕ ਭਿਆਨਕ ਬਿਮਾਰੀ ਦੀ ਗ੍ਰਿਫਤ 'ਚ ਆਉਣ ਕਾਰਨ ਉਸ ਜਾਣਕਾਰ ਦੀ ਮੌਤ ਹੋ ਜਾਂਦੀ ਹੈ। ਉਸਦੀ ਪਤਨੀ ਅਸਹਿ ਸਦਮਾ ਝੱਲਦਿਆਂ ਗਰੀਬੀ ਦੇ ਬਾਵਜੂਦ ਮਿਹਨਤ ਤੇ ਸਿਆਣਪ ਨਾਲ ਆਪਣੇ ਬੱਚੇ ਪਾਲਦੀ ਹੈ। ਉਨ੍ਹਾਂ ਨੂੰ ਪੜ੍ਹਾਉਂਦੀ ਹੈ ਤੇ ਵਾਹ ਲੱਗਦੀ ਆਪਣੇ ਪੈਰਾਂ 'ਤੇ ਵੀ ਕਰ ਦਿੰਦੀ ਹੈ।

ਉਧਰ ਦੂਜਾ ਜਾਣਕਾਰ ਵਿਆਹ ਦੀ ਉਮਰ ਟੱਪਣ ਦੇ ਨੇੜੇ ਪਹੁੰਚ ਕੇ ਵਿਆਹ ਕਰਵਾਉਂਦਾ ਹੈ। ਵਿਆਹ ਤੋਂ ਕੁੱਝ ਮਹੀਨੇ ਬਾਅਦ ਹੀ ਉਨ੍ਹਾਂ ਦਾ ਖੜਕਾ-ਦੜਕਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੇ ਘਰ ਵੀ 2 ਬੱਚੇ ਪੈਦਾ ਹੁੰਦੇ ਹਨ। ਉਸਦਾ ਕੰਮਕਾਰ ਵਧੀਆ ਹੈ, ਘਰਬਾਰ ਤੇ ਜ਼ਮੀਨ ਜਾਇਦਾਦ ਵੀ ਹੈ ਪਰ ਘਰਵਾਲੀ ਨਾਲ ਤਪਾਕ ਨਹੀਂ ਬਣਦਾ। ਵਿਆਹ ਤੋਂ ਕਈ ਸਾਲਾਂ ਬਾਅਦ ਇੱਕ ਦਿਨ ਮਾਮੂਲੀ ਸਿਰਦਰਦ ਨਾਲ ਉਸ ਦੀ ਵੀ ਮੌਤ ਹੋ ਜਾਂਦੀ ਹੈ। ਸਮੇਂ ਦਾ ਫੇਰਬਦਲ ਐਸਾ ਚੱਲਿਆ ਕਿ ਉਸਦੀ ਪਤਨੀ ਨੂੰ ਉਸਦੀਆਂ ਯਾਦਾਂ ਤੇ 2 ਨਿਸ਼ਾਨੀਆਂ ਸਹਾਰੇ ਆਪਣੀ ਜ਼ਿੰਦਗੀ ਕੱਟਣੀ ਗਵਾਰਾ ਨਹੀਂ ਸੀ। ਆਪਣੇ ਪਤੀ ਦੀ ਮੌਤ ਉਪਰੰਤ ਉਸਦੀ ਜ਼ਮੀਨ ਜਾਇਦਾਦ ਆਪਣੇ ਤੇ ਆਪਣੇ ਬੱਚਿਆਂ ਦੇ ਨਾਂ ਕਰਵਾਉਣ ਲਈ ਕਚਹਿਰੀਆਂ ਦੇ ਚੱਕਰ ਲਾਉਂਦੀ-ਲਾਉਂਦੀ ਉਹ ਆਪ ਉਥੇ ਕੰਮ ਕਰਦੇ ਇੱਕ ਬੰਦੇ ਦੇ ਚੱਕਰਾਂ 'ਚ ਪੈ ਜਾਂਦੀ ਹੈ। ਉਹ ਸਖਸ਼ ਪਹਿਲਾਂ ਹੀ ਵਿਆਹਿਆ ਹੋਇਆ ਤੇ 2 ਮੁੰਡਿਆਂ ਦਾ ਪਿਉ ਹੈ, ਪਰ ਉਸਦਾ ਆਪਣੀ ਘਰਵਾਲੀ ਨਾਲ ਤਲਾਕ ਦਾ ਮੁਕੱਦਮਾ ਚੱਲਦਾ ਹੈ। ਇੱਜ਼ਤ ਤੇ ਸ਼ਰਮ ਦੀਆਂ ਸਭ ਹੱਦਾਂ ਪਾਰ ਕਰ ਉਹ ਆਪਣੇ ਬੱਚਿਆਂ ਸਮੇਤ ਸ਼ਰੇਆਮ ਉਸ ਨਾਲ ਰਹਿਣ ਲੱਗ ਜਾਂਦੀ ਹੈ। ਜਵਾਨੀ ਦੇ ਜੋਸ਼ ਜਾਂ ਜਿਸਮਾਨੀ ਭੁੱਖ ਕਾਰਨ ਉਹ ਦੋਵੇਂ ਵਕਤੀ ਖ਼ੁਸ਼ੀਆਂ ਤਾਂ ਮਾਣ ਰਹੇ ਸਨ ਪਰ ਉਹ ਇਹ ਦੇਖਣ, ਸੁਣਨ ਜਾਂ ਸਮਝਣ ਤੋਂ ਅਸਮਰਥ ਸਨ ਕਿ ਇਸ ਨਾਜਾਇਜ਼ ਰਿਸ਼ਤੇ ਨਾਲ ਉਹ ਦੋਹਾਂ ਦੇ 2-2 ਬੱਚਿਆਂ ਤੇ ਉਸ ਆਦਮੀ ਦੀ ਘਰਵਾਲੀ ਸਮੇਤ 7 ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਸਨ।

ਪਹਿਲੇ ਜਾਣਕਾਰ ਦੀ ਪਤਨੀ ਦੂਜੇ ਜਾਣਕਾਰ ਦੀ ਪਤਨੀ ਦੇ ਇਸ ਕੰਮ ਕਾਰਨ ਕਾਫੀ ਦੁਖੀ ਸੀ। ਉਹ ਅਜਿਹੇ ਕੰਮ ਨੂੰ ਗਲਤ ਸਮਝਦੀ ਸੀ, ਜੋ ਕਿ ਹੈ ਵੀ ਗਲਤ ਹੀ। ਫੇਰ ਇਕ ਦਿਨ ਅਚਾਨਕ ਪਹਿਲੇ ਦੀ ਘਰਵਾਲੀ ਆਪਣੀ 17-18 ਸਾਲਾ ਧੀ ਸਮੇਤ ਖੁਦਕੁਸ਼ੀ ਕਰ ਲੈਂਦੀ ਹੈ। ਬਾਅਦ 'ਚ ਪਤਾ ਲੱਗਾ ਕਿ ਉਸ ਔਰਤ ਦੇ ਵੀ ਕਿਸੇ ਆਦਮੀ ਨਾਲ ਸਬੰਧ ਬਣ ਗਏ ਸਨ। ਥਿੜਕਨ ਦੀ ਉਮਰ 'ਚ ਤਾਂ ਉਹ ਸੰਭਲ ਗਈ ਸੀ ਤੇ ਕਿਸੇ ਹੋਰ ਔਰਤ ਵੱਲੋਂ ਕੀਤੇ ਅਜਿਹੇ ਕਾਰੇ ਨੂੰ ਗਲਤ ਸਮਝਦੀ ਸੀ, ਪਰ ਬੱਚੇ ਜਵਾਨ ਹੋ ਜਾਣ 'ਤੇ ਉਸਦਾ ਇਸ ਤਰ੍ਹਾਂ ਥਿੜਕ ਜਾਣਾ ਸਮਝ ਤੋਂ ਬਾਹਰ ਹੈ। ਥਿੜਕ ਜਾਣਾ ਵੀ ਛੱਡੋ, ਆਪਣੀ ਤੇ ਆਪਣੀ ਧੀ ਦੀ ਜਾਨ ਦੇਣ ਵਰਗਾ ਉਸ ਵੱਲੋਂ ਚੁੱਕਿਆ ਕਦਮ ਵੀ ਕਈ ਸਵਾਲ ਖੜ੍ਹੇ ਕਰਦਾ ਹੈ।

## ਆਉ ਚੰਗੇ ਪਰਦੇਸੀ ਬਣੀਏ

ਉਹ ਕਿਹੜੀ ਹੈ ਬੀਮਾਰੀ, ਜਿਹੜੀ ਮੈਨੂੰ ਨਹੀਂ ਚਿੰਬੜੀ,
ਪੁੱਛ ਨਾ ਤੂੰ ਹਾਲ ਮੇਰਾ, ਛੇੜ ਨਾ ਕੋਈ ਚਿੰਜੜੀ।

ਦੱਸਣ ਮੈਂ ਲੱਗਾ ਜਦੋਂ, ਤੈਥੋਂ ਨਹੀਉਂ ਸੁਣ ਹੋਣਾ,
ਹੰਝੂ ਤੇਰੇ ਵਗਣਗੇ, ਰੁਕਣਾ ਨਹੀਂ ਤੇਰਾ ਰੋਣਾ।

ਫੇਰ ਵੀ ਜੇ ਚਾਹੁਨਾਂ ਏਂ, ਖੋਲ੍ਹਾਂ ਮੈਂ ਦੁੱਖਾਂ ਦੀ ਪਟਾਰੀ,
ਹੈ ਤੇਰੇ ਕੋਲ ਸਮਾਂ, ਪੂਰਾ ਦਿਨ ਅਤੇ ਰਾਤ ਸਾਰੀ।

ਭੱਜਣ ਨਹੀਂ ਦੇਣਾ ਤੈਨੂੰ, ਅੱਧਵਾਟੇ ਛੱਡ ਕੇ,
ਘੇਰ ਕੇ ਸੁਣਾਊਂਗਾ ਮੈਂ, ਦੁੱਖ ਸਾਰੇ ਰੱਜ ਕੇ।

ਕਿਹੜਾ ਏ ਉਹ ਅੰਗ ਜਿੱਥੇ, ਪੀੜ ਨਹੀਉਂ ਹੋਂਵਦੀ,
ਕੋਈ ਵੀ ਦਵਾਈ ਮੇਰੇ, ਨੇੜੇ ਨਹੀਉਂ ਪੋਂਹਵਦੀ।

ਗਿਣਾਵੇ ਉਹ ਬੀਮਾਰੀਆਂ, ਕੋਈ ਜੇ ਗਿਣਾ ਸਕੇ,
ਜਾਣਦਾਂ ਮੈਂ ਸਾਰੀਆਂ ਨੂੰ, ਹਰੇਕ ਮੇਰੇ ਪਿੰਡੇ ਵਸੇ।

ਵਾਰੀਆਂ ਇਹ ਪਾ ਕੇ ਮੈਨੂੰ, ਮੁੜ-ਮੁੜ ਢਾਉਂਦੀਆਂ,
ਇੱਕ ਦੂਜੇ ਤੋਂ ਅੱਗੇ ਵਧ, ਪਿਆਰ ਨੇ ਜਤਾਉਂਦੀਆਂ।

ਕਈ ਰਹਿਣ ਕੁੱਛ ਦਿਨ, ਤੇ ਕਈ ਰਹਿਣ ਸਾਲੋ ਸਾਲ,
ਛੱਡਣ ਨਾ ਖਹਿੜਾ ਮੇਰਾ, ਕਰਦੀਆਂ ਬੁਰਾ ਹਾਲ।

ਕਦੀ ਕੁੱਛ ਦਿਨਾਂ ਲਈ, ਜੇ ਮੈਨੂੰ ਲੱਗੇ ਸਭ ਠੀਕ,
ਯਕੀਨ ਜਾਣੋਂ ਮੈਨੂੰ ਲੱਗ, ਜਾਂਦੀ ਉਨ੍ਹਾਂ ਦੀ ਉਡੀਕ।

ਲੱਗਦਾ ਹੈ ਜਿਵੇਂ ਮੈਨੂੰ, ਪਿਆਰ ਜਿਹਾ ਹੋ ਗਿਆ,
ਇਨ੍ਹਾਂ ਬਿਨਾ ਮੇਰਾ ਜਿਵੇਂ, ਜੀਵਨ ਖਲੋ ਗਿਆ।

ਸਾਹ ਇੱਕ ਦੂਜੇ ਨਾਲ, ਖਹਿੰਦਾ ਜਿਹਾ ਲੱਗਦਾ
ਠੱਕ-ਠੱਕ ਦਿਲ ਵੱਜੇ, ਜਿਵੇਂ ਢੋਲ ਵੱਜਦਾ।

ਪਿੱਤਾ ਅਤੇ ਗੁਰਦੇ ਵੀ, ਢਿੱਲੇ ਜਿਹੇ ਰਹਿੰਦੇ ਨੇ,
ਨਵੇਂ ਨੇ ਉਹ ਪੈਣ ਵਾਲੇ, ਡਾਕਟਰ ਕਹਿੰਦੇ ਨੇ।

ਫੋੜੇ ਜਿਹੇ ਕਈ ਵਾਰੀ, ਥਾਂ-ਥਾਂ 'ਤੇ ਦਿੱਸਦੇ,
ਮੱਲ੍ਹਮਾਂ ਦੇ ਬਾਵਜੂਦ, ਭਰ-ਭਰ ਫਿੱਸਦੇ।

ਦਵਾਈਆਂ ਵਾਲੇ ਪੁੜੇ ਵੀ, ਮੈਂ ਰੱਖਾਂ ਨਿੱਤ ਸਾਂਭ-ਸਾਂਭ,
ਦਵਾਈਆਂ ਬਿਨਾ ਘਰ ਹੁਣ, ਲੱਗਦਾ ਨਹੀਂ ਆਮ ਵਾਂਗ।

ਪੀਲੀਆਂ ਤੇ ਨੀਲੀਆਂ, ਲਾਲ ਤੇ ਗੁਲਾਬੀ ਕਈ,
ਚਾਵਾਂ ਨਾਲ ਗਿਣ-ਗਿਣ, ਖਾਵਾਂ ਫੱਕੇ ਮਾਰ ਬਈ।

ਭੁੱਖ ਹੁਣ ਰੋਟੀ ਦੀ, ਦਵਾਈਆਂ ਨਾਲ ਬੁੱਝਦੀ,
ਨੀਤ ਮੇਰੀ ਜਾਵੇ ਸਦਾ, ਇਨ੍ਹਾਂ ਵਿਚ ਰੁਝਦੀ।

ਪੁੱਛ ਲੈ ਸਵਾਲ ਕੋਈ, ਹੋਰ ਜੇ ਤੂੰ ਪੁੱਛਣਾ,
ਨਹੀਂ ਤੇ ਮੈਂ ਨਹੀਂ ਹੁਣ, ਹੋਰ ਕੁੱਛ ਦੱਸਣਾ।

ਕਿੰਨਾ ਕੁ ਹੁਣ ਹੋਰ ਬੰਦਾ, ਦੁੱਖ ਰਹੇ ਫੋਲਦਾ,
ਇਸੇ ਗੱਲੋਂ ਕੋਈ ਕੋਈ, ਮੇਰੇ ਨਾਲ ਨਹੀਉਂ ਬੋਲਦਾ।

ਕਰਾਂ ਮੈਂ ਇਹ ਬੰਦ ਹੁਣ, ਦੁੱਖਾਂ ਦੀ ਪਟਾਰੀ ਸਾਰੀ,
ਇਸ ਤੋਂ ਕਿ ਪਹਿਲਾਂ ਤੇਰੀ, ਮੱਤ ਜਾਵੇ ਹੋਰ ਮਾਰੀ।

ਜ਼ਿੰਦਗੀ ਹੈ ਹਾਲੇ ਬਾਕੀ, ਉਮੀਦ ਨਾਲ ਜੀਵੰਦਾ ਹਾਂ,
ਦੁੱਖਾਂ ਦੇ ਪਿਆਲੇ ਨਿੱਤ, ਚੀਸ ਵੱਟ
ਪੀਵੰਦਾ ਹਾਂ।



-ਰਵਿੰਦਰ ਸਿੰਘ ਕੁੰਦਰਾ,
ਕਵੈਂਟਰੀ ਯੂ.ਕੇ.

ਪੰਜਾਬ ਮੇਲ USA

## ਇਹ ਕੌਣ?

ਲੂਣ ਭੁੱਕਣ ਲਈ ਹਨ ਸਭ ਕਾਹਲੇ,
ਮਲ੍ਹਮ ਜ਼ਖਮ 'ਤੇ ਲਗਾਉਂਦਾ ਹੈ ਕੌਣ?

ਧੱਕਾ ਦੇਣ ਨੂੰ ਸਦਾ ਤਤਪਰ ਬਾਹਲੇ,
ਫੜਕੇ ਬਾਹੋਂ ਪਾਰ ਲੰਘਾਉਂਦਾ ਹੈ ਕੌਣ?

ਡਫਲੀ ਅਪਣੀ ਅਪਣੀ ਵਜਾ ਸਾਰੇ,
ਰਾਗਨੀ ਕਿਸੇ ਲਈ ਗਾਉਂਦਾ ਹੈ ਕੌਣ?

ਲਾਲਾਂ ਸੁੱਟਦੇ ਦੇਖ ਧਨ ਪਰਾਇਆ,
ਹੱਕ-ਹਲਾਲ ਹੁਣ ਕਮਾਉਂਦਾ ਹੈ ਕੌਣ?

ਨਿੱਘੇ ਰਿਸ਼ਤੇ ਲੱਗੇ ਖਟਾਸ ਮਾਰਨ,
ਰਾਜ਼ ਪਿਆਰਾਂ ਦੇ ਸਮਝਾਉਂਦਾ ਹੈ ਕੌਣ?

ਖ਼ੁਦਗਰਜ਼ੀ ਦੁਨੀਆਂ 'ਤੇ ਹੋਏ ਭਾਰੂ,
ਜੰਗ ਭਰਾ-ਮਾਰੂ ਤੋਂ ਬਚਾਉਂਦਾ ਹੈ ਕੌਣ?

ਚਿੱਟੇ ਨਸ਼ੇ ਨੇ ਆ ਪੰਜਾਬ ਦੱਬਿਆ,
ਦਲਾਲਾਂ ਨੂੰ ਅੱਖਾਂ ਦਿਖਾਉਂਦਾ ਹੈ ਕੌਣ?

ਦੋ ਜੂਨ ਦੀ ਰੋਟੀ ਦੇ ਨੇ ਪਏ ਲਾਲੇ,
ਕੱਢ ਕੇ ਲਾਲ ਅੱਖਾਂ ਡਰਾਉਂਦਾ ਹੈ ਕੌਣ?

ਵੋਟਾਂ ਵੇਲੇ ਗਧੇ ਨੂੰ ਬਾਪ ਆਖਣ,
ਜ਼ੋਰ ਪੈਸੇ ਦੇ ਨਾਲ ਧਮਕਾਉਂਦਾ ਹੈ ਕੌਣ?

ਕਈ ਵਾਰ ਮੁਨਸਿਫ਼ ਦਿਸੇ ਬੇਵੱਸ,
ਫ਼ੈਸਲੇ ਨਿੱਠਕ ਫਿਰ ਕਰਾਉਂਦਾ ਹੈ ਕੌਣ?

ਫ਼ਿਤਰਤ-ਕਿਰਦਾਰ ਦੋਵੇਂ ਨੇ ਬਦਲੇ,
ਮੁਹਾਰਨੀ ਠਗੀ ਦੀ ਪੜ੍ਹਾਉਂਦਾ ਹੈ ਕੌਣ?

ਸਮਝ ਆਪ ਨੂੰ ਸਾਰਿਆਂ ਤੋਂ ਉੱਤਮ,
ਘਰੇ ਰੰਕ ਦੇ ਜਾਣੋ ਸ਼ਰਮਾਉਂਦਾ ਹੈ ਕੌਣ?

ਸੱਚ ਅੱਜ ਦਾ ਨੂਰਪੁਰੀ ਬੜਾ ਕੌੜਾ,
ਲਾ ਕੇ ਯਾਰੀ ਤੋੜ ਚੜ੍ਹਾਉਂਦਾ ਹੈ ਕੌਣ?



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਠੰਡਾ ਬੁਰਜ ਤੇ ਠੰਡੀਆਂ ਰਾਤਾਂ

ਠੰਡਾ ਬੁਰਜ ਤੇ ਠੰਡੀਆਂ ਰਾਤਾਂ ਠੰਡੀ ਵਗੇ ਹਵਾ।
ਦਾਦੀ ਮਾਂ ਪੋਤਿਆਂ ਨੂੰ ਬੈਠੀ ਘੁੱਟ ਕਲੇਜੇ ਲਾ।

ਸਰਸਾ ਨਦੀ 'ਤੇ ਪਏ ਵਿਛੋੜੇ
ਪ੍ਰੀਵਾਰ ਵਿਛੜ ਗਿਆ ਸਾਰਾ
ਗੰਗੂ ਰਸੋਈਏ ਨੇ ਘਰ ਰੱਖਕੇ
ਦੱਗਾ ਕਮਾਇਆ ਭਾਰਾ
ਸਹਿਰ ਮੋਰਿੰਡੇ ਥਾਣੇ ਜਾਕੇ
ਲਿਆਇਆ ਪੁਲਿਸ ਚੜ੍ਹਾਅ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜੋਰਾਵਰ ਤੇ ਫਤਹਿ ਸਿੰਘ ਦੋ
ਤੀਜੀ ਮਾਤ ਸੀ ਗੁਜਰੀ
ਪੋਹ ਦੀਆਂ ਰਾਤਾਂ ਬਿਨਾਂ ਰਜਾਈਆਂ
ਕਿਵੇਂ ਰਾਤ ਸੀ ਗੁਜਰੀ
ਪਿਉ ਦਾਦੇ ਦੀਆਂ ਬੀਰਤਾ
ਭਰੀਆਂ ਬਾਤਾਂ ਰਹੀ ਸੁਣਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਮੋਤੀ ਮਹਿਰੇ ਪੁੰਨ ਕਮਾਇਆ
ਦੁੱਧ ਪਿਲਾਉਂਦਾ ਜਾਕੇ
ਤਿੰਨਾਂ ਦੇ ਨਾਲ ਦੁੱਖ-ਸੁੱਖ ਕਰਦਾ
ਠੰਡੇ ਬੁਰਜ 'ਚ ਆਕੇ
ਸਰਹੰਦ ਸਹਿਰ ਵਿਚ ਖਾਨ ਵਜੀਦਾ
ਰਿਹਾ ਜ਼ੁਲਮ ਸੀ ਢਾਹ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਹੱਥਕੜੀਆਂ ਲਾ ਬੱਚਿਆਂ ਤਾਈਂ
ਲੈਗੇ ਵਿੱਚ ਕਚਿਹਰੀ
ਇਸਲਾਮ ਕਬੂਲ ਕਰਨ ਲਈ ਕਹਿੰਦੇ
ਸਿੱਖ ਧਰਮ ਦੇ ਵੈਰੀ
ਸਾਹਿਬਜ਼ਾਦਿਆਂ ਜਾਕੇ
ਦਿੱਤੀ ਗੱਜਕੇ ਫਤਹਿ ਬੁਲਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ ...।

ਨਵਾਬ ਮਲੇਰਕੋਟਲੇ ਵਾਲੇ ਨੇ ਜਾ
ਮਾਰਿਆ ਹਾਅ ਦਾ ਨਾਅਰਾ
ਕਿਉਂ ਸੂਬਿਆ ਤੂੰ ਜ਼ੁਲਮ ਕਮਾਉਨੈਂ
ਬੱਚਿਆਂ ਉੱਤੇ ਭਾਰਾ
ਸੁੱਚਾ ਨੰਦ ਨੇ ਸੂਬੇ ਨੂੰ ਫਿਰ
ਦਿੱਤਾ ਸੀ ਭੜਕਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ...।

ਜਿਉਂਦੇ ਕੰਧ 'ਚ ਚਿਣੇ ਜਾਣ ਦਾ
ਕਾਜ਼ੀ ਫ਼ਤਵਾ ਲਾਇਆ
ਦਸਮੇਸ਼ ਪਿਤਾ ਦੇ ਲਾਲਾਂ ਨੇ ਅੱਜ
ਧਰਮ ਹੈ ਰੱਖ ਵਿਖਾਇਆ
ਨਿੱਕੀਆਂ ਜਿੰਦਾਂ ਵੱਡੇ ਸਾਕੇ
ਗਏ ਮਲਕੀਤ ਵਿਖਾ।
ਠੰਡਾ ਬੁਰਜ ਤੇ ਠੰਡੀਆਂ ਰਾਤਾਂ
ਠੰਡੀ ਵਗੇ ਹਵਾ।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225

ਪੰਜਾਬ ਮੇਲ USA

## ਮਾਂ

ਸੇਵਾ ਵਰਗਾ ਕਰਮ ਕੋਈ ਨਾ
ਮਾਂ ਤੋਂ ਵੱਡਾ ਧਰਮ ਕੋਈ ਨਾ
ਹੀਰੇ ਜਿਹਾ ਕਠੋਰ ਕੋਈ ਨਾ
ਮਾਂ ਦੇ ਵਰਗਾ ਨਰਮ ਕੋਈ ਨਾ

ਮਾਂ ਜਿੰਨ੍ਹਾ ਕੋਈ ਲਾਡ ਨੀ ਕਰਦਾ
ਰੱਬ ਦੀ ਸੌਂਹ ਕੋਈ ਯਾਦ ਨੀ ਕਰਦਾ
ਮਾਂ ਦੀ ਬੋਲੀ ਖੰਡ ਦੇ ਵਰਗੀ
ਮਾਂ ਦੀ ਸੂਰਤ ਚੰਨ ਦੇ ਵਰਗੀ

ਮਾਂ ਬੱਚਿਆਂ ਦੀ ਜਾਨ ਹੁੰਦੀ ਏ
ਫੁੱਲਾਂ ਲੱਦੀ ਟਾਹਣ ਹੁੰਦੀ ਏ
ਕੁਦਰਤ ਜਿਹੀ ਮਹਾਨ ਹੁੰਦੀ ਏ
ਰੱਬ ਦਾ ਧਰਮਸਥਾਨ ਹੁੰਦੀ ਏ

ਬੱਚਿਆਂ ਲਈ ਇਹ ਜਿਓਂਦੀ ਜੱਗ 'ਤੇ
ਬੱਚਿਆਂ ਲਈ ਕੁਰਬਾਨ ਹੁੰਦੀ ਏ
ਸਾਰੀ ਉਮਰ ਦੁਆਵਾਂ ਦਿੰਦੀ
ਤਾਂ ਹੀ ਤਾਂ ਭਗਵਾਨ ਹੁੰਦੀ

ਮਾਂ ਬੱਚਿਆਂ ਨੂੰ ਸੁੱਖ 'ਚ ਰੱਖਦੀ
ਨੌ ਮਹੀਨੇ ਕੁੱਖ 'ਚ ਰੱਖਦੀ
ਰੋਟੀ ਖਾ ਕੇ ਲਹੂ ਪਲਾਉਂਦੀ
ਪਾਣੀ ਪੀ ਕੇ ਦੁੱਧ ਚੁਘਾਉਂਦੀ

ਮਾਂ ਦੀ ਜੱਫੀ ਸਭ ਤੋਂ ਸੱਚੀ
ਮਾਂ ਦੀ ਸੇਵਾ ਸਭ ਤੋਂ ਉੱਚੀ
ਮਾਂ ਦਾ ਰੁੱਤਬਾ ਰੱਬ ਬਰਾਬਰ
ਮਾਂ ਦੀ ਸੇਵਾ ਹੱਜ ਬਰਾਬਰ

ਬੱਚਿਆਂ ਬਾਝੋਂ ਘੜੀ ਨਾ ਕੱਟਦੀ
ਉਪਰੋਂ ਉਪਰੋਂ ਰਹਿੰਦੀ ਹੱਸਦੀ
ਦੁੱਖ ਪੁੱਤਾਂ ਦੇ ਪੁੱਛਦੀ ਰਹਿੰਦੀ
ਆਪਣੇ ਦੁੱਖੜੇ ਕਦੇ ਨਾ ਦੱਸਦੀ

ਨਾਲ ਮੁਹੱਬਤ ਮੋਹ ਲੈਂਦੀ ਏ
ਥੱਪੜ ਮਾਰ ਕੇ ਰੋ ਪੈਂਦੀ ਏ
ਅੰਦਰੋਂ ਬੂਹੇ ਢੋ ਲੈਂਦੀ ਏ
ਗਿੱਲੀ ਅੱਖ ਲਕੋ ਲੈਂਦੀ ਏ

ਮਾਂ ਬਣਨਾ ਕੋਈ easy ਨਾਹੀ
ਮਾਂ ਜਿੰਨਾ ਕੋਈ busy ਨਾਹੀ
ਚੌਵੀ ਘੰਟੇ duty ਇਸਦੀ
ਆਹੀ ਬੱਸ beauty ਇਸਦੀ

ਮਾਂ ਨਾ ਹੁੰਦੀ ਜਨਮ ਨਾ ਹੁੰਦੇ
ਦੁਨੀਆਂ ਉੱਤੇ ਧਰਮ ਨਾ ਹੁੰਦੇ
ਨਾ ਮਸਜ਼ਿਦ ਨਾ ਮੰਦਰ ਹੁੰਦੇ
ਚਾਰ ਚੁਫੇਰੇ ਖੰਡਰ ਹੁੰਦੇ

ਮਾਂ ਦੇ ਵਰਗਾ ਗੀਤ ਕੋਈ ਨਾ
ਮਾਂ ਦੇ ਵਰਗੀ ਗਜ਼ਲ ਨਾ ਕੋਈ
ਦਯਾ, ਮਿਹਰ ਤੇ ਫ਼ਜ਼ਲ ਨਾ ਕੋਈ
ਮਾਂ ਦਾ ਜੱਗ 'ਤੇ ਬਦਲ ਨਾ ਕੋਈ

ਮਾਂ ਦੀ ਥਾਂ ਕੋਈ ਲੈ ਨੀ ਸਕਦਾ
ਮਾਂ ਦੀ ਜਗ੍ਹਾ ਖਲੋ ਨੀ ਸਕਦਾ
ਡਾਣਸੀਵਾਲੀਆ end ਨਤੀਜਾ
ਮਾਂ ਵਰਗਾ ਕੋਈ ਹੋ ਨੀ ਸਕਦਾ



-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਰੁੱਤ ਵੋਟਾਂ ਦੀ ਆਈ

ਚੁਣਦੀਆਂ ਨੇ ਸਰਕਾਰਾਂ ਵੋਟਾਂ।
ਸਿਰਜਣ ਜਿੱਤਾਂ ਹਾਰਾਂ ਵੋਟਾਂ।
ਉਮੀਦਵਾਰ ਹੱਥ ਜੋੜ ਕੇ ਮੰਗਦੇ
ਆ ਕੇ ਵਿਚ ਬਾਜ਼ਾਰਾਂ ਵੋਟਾਂ।
ਤਖ਼ਤਾਂ ਉੱਤੇ ਬਿਠਾਉਣ ਦੀ ਤਾਕਤ
ਹਰ ਇੱਕ ਵੋਟਰ ਦੇ ਕੋਲੇ ਹੈ ਅੱਜ
ਦੇਸ਼ ਦਾ ਚੁਣਨ ਪ੍ਰਧਾਨ ਮੰਤਰੀ
ਪੈਂਦੀਆਂ ਲੱਖ ਹਜ਼ਾਰਾਂ ਵੋਟਾਂ।
ਅਠਾਰਾਂ ਸਾਲ ਦੇ ਮੁੰਡੇ ਕੁੜੀਆਂ
ਵੋਟ ਦਾ ਅੱਜ ਅਧਿਕਾਰ ਨੇ ਰੱਖਦੇ
ਸੰਵਿਧਾਨ ਮੁਤਾਬਕ ਵੋਟ ਬਣਾਉਂਦੇ
ਗੱਭਰੂ ਤੇ ਮੁਟਿਆਰਾਂ ਵੋਟਾਂ।
ਲੋਕ ਸਭਾ ਵਿਧਾਨ ਸਭਾ ਦੀਆਂ
ਪੰਜ ਸਾਲਾਂ ਦੇ ਪਿੱਛੋਂ ਆਵਣ
ਦੇਸ਼ਾਂ ਦਾ ਭਵਿੱਖ ਤੈਅ ਕਰਦੀਆਂ
ਲਿਆਉਂਦੀਆਂ ਮੋੜ ਬਹਾਰਾਂ ਵੋਟਾਂ!
ਰੁੱਤ ਅੱਜ ਫੇਰ ਵੋਟਾਂ ਦੀ ਆਈ
ਗਲੀ ਗਲੀ ਵਿਚ ਫਿਰਦੇ ਲੀਡਰ
ਗਿੱਲ ਮਲਕੀਤ ਸੋਚ ਕੇ ਪਾਵੀਂ
ਕਰਦੀਆਂ ਅੱਜ ਪੁਕਾਰਾਂ ਵੋਟਾਂ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
94174-90943

ਪੰਜਾਬ ਮੇਲ USA

## ਮਾਂ

### ਕਬਿੱਤ ਛੰਦ

ਛੋਟੇ ਹੁੰਦੇ ਵੀਰ ਭਾਈ, ਲੜ ਲੜ ਆਖਦੇ ਨੇ,
ਤੇਰੀ ਕੁੱਝ ਨਾਹੀ ਲੱਗੇ, ਹੈ ਇਹ ਬੱਸ ਮੇਰੀ ਮਾਂ।

ਵੱਡਾ ਹੋ ਕੇ ਓਹੀ ਪੁੱਤ, ਬਣ ਕੇ ਕਪੁੱਤ ਬੋਲੇ,
ਰੱਖ ਇਹਨੂੰ ਤੂੰ ਹੀ ਭਾਈ, ਹੈ ਇਹ ਬੱਸ ਤੇਰੀ ਮਾਂ।

ਆਪਣੇ ਮੈਂ ਹਿੱਸੇ ਵਾਲਾ, ਫਰਜ਼ ਨਿਭਾਇਆ ਬੜਾ,
ਹੁਣ ਮੇਰੇ ਹੱਥ ਖੜ੍ਹੇ, ਸਾਂਭ'ਲੀ ਬਥੇਰੀ ਮਾਂ।

ਕੰਮ ਦੀ ਨਾ ਕਾਰ ਦੀ ਹੈ, ਪੰਡ ਬਣੀ ਰੋਗਾਂ ਵਾਲੀ,
ਰੱਖ ਕੇ ਮੈਂ ਕਰਾਂਗਾ ਕੀ, ਦੱਸ ਬੁੱਢੀ ਠੇਰੀ ਮਾਂ।

ਗੋਡਿਓਂ ਨਕਾਰਾ ਹੋਈ, ਘੜੀ ਮੁੜੀ ਪਾਣੀ ਮੰਗੇ,
ਰੋਟੀ ਨੂੰ ਅਵਾਜ਼ਾਂ ਮਾਰੇ, ਜਰਦੀ ਨਾ ਦੇਰੀ ਮਾਂ।

ਪਰਦਾ ਹੀ ਪਾ ਦੇ ਰੱਬਾ, ਹੱਥ ਜੋੜ ਆਖਦੇ ਨੇ,
ਸੱਤਰਾਂ ਨੂੰ ਟੱਪ'ਗੀ ਏ, ਉਮਰੋਂ ਵਡੇਰੀ ਮਾਂ।

ਸੁਣ ਕੇ ਕੁਬੋਲ ਕੰਨੋਂ, ਫਟ ਗਿਆ ਸੀਨਾ ਜਿਵੇਂ,
ਨਿੱਕੀ ਜਿਹੀ ਚੀਕ ਮਾਰ, ਥਾਂਵੇਂ ਹੋਗੀ ਢੇਰੀ ਮਾਂ।

-ਨਿਰਮਲ ਸਿੰਘ ਰੱਤਾ।
84270-07623

ਪੰਜਾਬ ਮੇਲ USA

## ਚੁੱਪ ਦੇ ਅਰਥ

ਚੁੱਪ ਦੇ ਪਿੱਛੇ ਡੂੰਘੇ ਅਰਥ ਸਮੋਏ ਹੁੰਦੇ ਨੇ।
ਹਾਸਿਆਂ ਪਿੱਛੇ ਕਈਆਂ ਦਰਦ ਲਕੋਏ ਹੁੰਦੇ ਨੇ।

ਵਿਚ ਬੁਢਾਪੇ ਐਵੇਂ ਨ੍ਹੀਂ ਕੁੱਬ ਪਿੱਠ ਨੂੰ ਪੈ ਜਾਂਦਾ,
ਵਿਚ ਜਵਾਨੀ ਭਾਰ ਉਨ੍ਹਾਂ ਨੇ ਢੋਏ ਹੁੰਦੇ ਨੇ।

ਸਫ਼ਲ ਵਿਅਕਤੀ ਸਫ਼ਲ ਸੁਖਾਲ਼ੇ ਰਹਿਕੇ ਨ੍ਹੀਂ ਹੁੰਦੇ,
ਉਨ੍ਹਾਂ ਦੀਆਂ ਰਾਹਵਾਂ ਦੇ ਵਿਚ ਵੀ ਟੋਏ ਹੁੰਦੇ ਨੇ।

ਪੁੱਛਕੇ ਵੇਖੋ ਦਰਦ ਉਨ੍ਹਾਂ ਨੂੰ ਕਿੰਨਾ ਹੁੰਦਾ ਏ,
ਪੁੱਤ ਜਵਾਨੀ ਵਿਚ ਜਿਨ੍ਹਾਂ ਦੇ ਮੋਏ ਹੁੰਦੇ ਨੇ।

ਉਹੀ ਜਾਨਣ ਹੁੰਦਾ ਕਿੰਨਾ ਦੁੱਖ ਵਿਛੋੜੇ ਦਾ,
ਜਿਨ੍ਹਾਂ-ਜਿਨ੍ਹਾਂ ਨੇ ਆਪਣੇ ਸੱਜਣ ਖੋਏ ਹੁੰਦੇ ਨੇ।

ਸੱਚੀ-ਸੁੱਚੀ ਸੋਚ 'ਨਾਗਰਾ' ਜਿਹੜੇ ਰੱਖਦੇ ਹਨ,
ਵਿਚ ਬੁਢਾਪੇ ਵੀ ਉਹ ਨਵੇਂ-ਨਰੋਏ ਹੁੰਦੇ ਨੇ।



-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ',
ਯੂਬਾ ਸਿਟੀ (ਕੈਲੀਫੋਰਨੀਆ)
ਫੋਨ: +1-360-448-1989

ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com